ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 3 | 27 January 2021 to 02 February 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

3 ਖ਼ਬਰਸਾਰ
ਲਾਲ ਕਿਲੇ ਦਾ ਅੱਖੀਂ ਡਿੱਠਾ ਹਾਲ



6 ਵਿਸ਼ੇਸ਼ ਰਿਪੋਰਟ
ਹੁਣ ਭਾਰਤ-ਚੀਨ ਦੇ ਫੌਜੀਆਂ ਵਿਚਕਾਰ ਝੜਪ, ਕਈ ਚੀਨੀ ਜਵਾਨ ਜਖਮੀ



9 ਖ਼ਬਰਸਾਰ
ਕਰੋੜਾਂ ਲੋਕਾਂ ਦੀ ਅਰਦਾਸ ਹੈ ਕਿਸਾਨ ਅੰਦੋਲਨ ਦੀ ਸਫਲਤਾ



17 ਵਿਸ਼ੇਸ਼ ਰਿਪੋਰਟ
ਪੰਜਾਬੀ ਗਾਇਕ ਤੇ ਕਲਾਕਾਰ ਕਿਸਾਨੀ ਹੱਕ ਵਿਚ ਡਟੇ



# ਕਿਸਾਨ ਮੋਰਚੇ ਵਲੋਂ 1 ਫਰਵਰੀ ਦਾ ਸੰਸਦ ਮਾਰਚ ਰੱਦ

**ਦਿੱਲੀ/ਏ.ਟੀ.ਨਿਊਜ਼:** ਟਰੈਕਟਰ ਮਾਰਚ ਦੌਰਾਨ ਹੋਈ ਹਿੰਸਾ ਦੇ ਇਕ ਦਿਨ ਬਾਅਦ ਕਿਸਾਨ ਯੂਨੀਅਨਾਂ ਨੇ ਇਕ ਫਰਵਰੀ ਨੂੰ ਸੰਸਦ ਵਿਚ ਪ੍ਰਸਤਾਵਿਤ ਮਾਰਚ ਮੁਲਤਵੀ ਕਰ ਦਿੱਤਾ ਹੈ। ਇਸ ਫੈਸਲੇ ਦਾ ਐਲਾਨ ਸਿੰਘੂ ਸਰਹੱਦ 'ਤੇ ਸਯੁਕਟ ਕਿਸਾਨ ਮੋਰਚਾ ਦੇ ਮੈਂਬਰਾਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਕਿਸਾਨ ਯੂਨੀਅਨਾਂ ਨੇ ਇਹ ਵੀ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਉਨ੍ਹਾਂ ਦਾ ਅੰਦੋਲਨ ਜਾਰੀ ਰਹੇਗਾ। ਬੀਕੇਯੂ ਦੇ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਮੰਗਲਵਾਰ ਨੂੰ ਰਾਸਟਰੀ ਰਾਜਧਾਨੀ ਵਿਚ ਹੋਈਆਂ ਘਟਨਾਵਾਂ ਕਾਰਨ ਪ੍ਰਸਤਾਵਿਤ ਮਾਰਚ ਮੁਲਤਵੀ ਕਰ ਦਿੱਤਾ ਗਿਆ ਹੈ। ਸਹੀਦੀ ਦਿਵਸ ਮੌਕੇ ਅਸੀਂ ਪੂਰੇ ਭਾਰਤ ਵਿਚ ਜਨਤਕ ਰੈਲੀਆਂ ਕਰਾਂਗੇ। ਅਸੀਂ ਇੱਕ ਦਿਨ ਦਾ ਵਰਤ ਵੀ ਰੱਖਾਂਗੇ। ਉਸ ਨੇ ਕਿਹਾ, 1 ਫਰਵਰੀ ਨੂੰ ਸੰਸਦ ਵਿਚ ਸਾਡਾ ਮਾਰਚ ਇਸ ਹਿੰਸਾ ਕਾਰਨ ਮੁਲਤਵੀ ਹੈ। ਕੇਂਦਰੀ ਬਜਟ 1 ਫਰਵਰੀ ਨੂੰ ਪੇਸ ਕੀਤਾ ਜਾਵੇਗਾ। ਬੀਕੇਯੂ (ਆਰ) ਦੇ ਮੁਖੀ ਰਾਜੇਵਾਲ ਨੇ ਕੇਂਦਰ ਸਰਕਾਰ 'ਤੇ ਕਿਸਾਨਾਂ ਦੇ ਰੋਸ ਨੂੰ ਖਤਮ ਕਰਨ ਦੀ "ਯੋਜਨਾ" ਦਾ ਦੋਸ ਵੀ ਲਾਇਆ। ਇਸ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ 99.9 ਪ੍ਰਤੀਸਤ ਕਿਸਾਨ ਸਾਂਤੀ ਨਾਲ ਕੰਮ ਕਰ ਰਹੇ ਸਨ। ਕੁਝ ਘਟਨਾਵਾਂ ਵਾਪਰੀਆਂ। ਉਨ੍ਹਾਂ ਕਿਹਾ, ਸਾਡੇ ਲਈ ਨਾਕਾਬੰਦੀ ਸੀ, ਪੰਜਾਬ ਕਿਸਾਨ ਮਜਦੂਰ ਸੰਘਰਸ ਕਮੇਟੀ ਲਈ ਨਹੀਂ।



## ਪੁਲਿਸ ਕਮਿਸਨਰ ਨੇ ਖੋਲ੍ਹੇ ਭੇਦ

ਦਿੱਲੀ ਪੁਲਿਸ ਦੇ ਕਮਿਸਨਰ ਐਸ ਐਨ ਸ੍ਰੀਵਾਸਤਵ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਕਿਸਾਨ ਜੱਥੇਬੰਦੀਆਂ ਨਾਲ ਹੋਏ ਸਮਝੌਤੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਯੁਕਤ ਮੋਰਚੇ ਵਾਲਿਆਂ ਨੇ ਸਮਝੌਤਾ ਤੋੜਿਆ ਹੈ। ਪੁਲਿਸ ਕਮਿਸਨਰ ਨੇ ਦੱਸਿਆ ਕਿ ਕਿਸਾਨ ਜੱਥੇਬੰਦੀਆਂ ਨਾਲ ਉਹਨਾਂ ਦੀਆਂ 5 ਮੀਟਿੰਗਾਂ ਹੋਈਆਂ ਹਨ ਅਤੇ ਉਹ ਪੁਲਿਸ ਵੱਲੋਂ ਦਿੱਤੇ ਰੂਟ ਅਤੇ ਸਰਤਾਂ ਮੰਨਣ ਤੋਂ ਬਾਅਦ ਹੀ ਉਹਨਾਂ ਨੂੰ ਰੋਸ ਮਾਰਚ ਕੱਢਣ ਦੀ ਪ੍ਰਵਾਨਗੀ ਦਿੱਤੀ ਸੀ। ਸਰਤਾਂ ਦਾ ਜਿਕਰ ਕਰਦੇ ਹੋਏ ਉਸਨੇ ਦੱਸਿਆ ਕਿ ਕੁੱਲ 5000 ਤੋਂ ਵੱਧ ਟਰੈਕਟਰ ਨਹੀਂ ਹੋਣਗੇ , ਕੋਈ ਵਿਅਕਤੀ ਡਾਂਗਾਂ, ਬਰਛੇ ਅਤੇ ਕਿਰਪਾਨਾਂ ਵਗੈਰਾ ਨਹੀਂ ਲਿਆ ਸਕੇਗਾ , ਕਿਸਾਨਾਂ ਦਾ ਰੋਸ ਮਾਰਚ 12 ਵਜੇ ਤੋਂ ਬਾਅਦ ਜਦੋਂ ਸਰਕਾਰ ਦਾ ਗਣਤੰਤਰ ਦਿਵਸ ਸਮਾਪਤ ਹੋ ਜਾਵੇਗਾ ਉਸ ਵੇਲੇ ਸੁਰੂ ਹੋਏਗਾ ਅਤੇ ਕਿਸਾਨ ਲੀਡਰ ਆਪ ਪਹਿਲੀ ਕਾਰ ਜਾਂ ਟਰੈਕਟਰ ਤੇ ਹੋਣਗੇ। ਦਿੱਲੀ ਪੁਲਿਸ ਉਹਨਾਂ ਦੀ ਸੁਰਖਿਆ ਦੀ ਗਰੰਟੀ ਲਵੇਗੀ ਅਤੇ ਮੀਡੀਆ ਵਿੱਚ ਉਹਨਾਂ ਦੀਆਂ ਖਬਰਾਂ ਵੀ ਲੁਆਈਆਂ ਜਾਣਗੀਆਂ।



ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਿਸਾਨ ਲੀਡਰ ਕੱਲ੍ਹ ਦੇ ਲੋਕਾਂ ਨੂੰ ਦਿੱਲੀ ਦੇ ਲਾਲ ਕਿਲੇ ਤੇ ਨਿਸਾਨ ਸਾਹਿਬ ਲਹਿਰਾਉਣ ਲਈ ਭੰਡ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਇਹਨਾਂ ਨੇ ਸਰਕਾਰ ਅਤੇ ਕਿਸਾਨਾਂ ਦੋਨਾਂ ਨਾਲ ਧੋਖਾ ਕੀਤਾ ਹੈ। ਪੰਜਾਬ ਤੋਂ ਤਕਰੀਬਨ ਇੱਕ ਲੱਖ ਟਰੈਕਟਰ ਪਹੁੰਚ ਰਿਹਾ ਸੀ ਤਾਂ 5000 ਦੀ ਸਰਤ ਕਿਉਂ ਮੰਨੀ ਗਈ ?
ਕਿਸਾਨ ਆਗੂਆਂ ਲਈ ਹੁਣ ਪਰਖ ਦੀ ਘੜੀ ਹੈ ਅਤੇ ਉਹ ਸਾਰੀ ਗੱਲ ਲੋਕਾਂ ਨੂੰ ਦੱਸਕੇ ਮੋਰਚੇ ਦੀ ਅਗਵਾਈ ਕਰਣ ਪਰ ਸਾਰਿਆਂ ਨੂੰ ਨਾਲ ਲੈ ਕੇ ਅਤੇ ਲੋਕਾਂ ਨਾਲ ਸਿਆਸਤ ਨਾਂ ਖੇਡਣ।

# ਲਾਲ ਕਿਲੇ ਉੱਤੇ ਲਹਿਰਾਇਆ ਕੇਸਰੀ ਨਿਸ਼ਾਨ ਸਾਹਿਬ

## ਦਿੱਲੀ 'ਚ ਹਿੰਸਾ ਤੋਂ ਬਾਅਦ ਕਿਸਾਨਾਂ ਨੇ ਟਰੈਕਟਰ ਪਰੇਡ ਤੁਰੰਤ ਬੰਦ ਕੀਤੀ

**ਨਵੀਂ ਦਿਲੀ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖਿਲਾਫ ਸੰਘਰਸ ਕਰ ਰਹੇ ਕਿਸਾਨਾਂ ਵੱਲੋਂ ਦਿੱਲੀ ਵਿਚ ਕਿਸਾਨ ਟਰੈਕਟਰ ਪਰੇਡ ਕੀਤੀ ਗਈ। 26 ਜਨਵਰੀ ਦੀ ਸਵੇਰੇ ਸਿੰਘੂ ਬਾਰਡਰ, ਟੀਕਰੀ ਬਾਰਡਰ ਅਤੇ ਗਾਜੀਪੁਰ ਬਾਰਡਰ ਤੋਂ ਵੱਡੀ ਗਿਣਤੀ 'ਚ ਕਿਸਾਨ ਬੈਰੀਕੇਡ ਤੋੜ ਕੇ ਦਿੱਲੀ ਪਹੁੰਚੇ।



ਕਿਸਾਨਾਂ ਤੇ ਪੁਲਿਸ ਵਿਚਾਲੇ ਕਈ ਥਾਵਾਂ 'ਤੇ ਝੜਪਾਂ ਹੋਈਆਂ, ਪੁਲਿਸ ਨੇ ਲਾਠੀਚਾਰਜ ਕੀਤਾ ਤੇ ਹੰਝੂ ਗੈਸ ਦੇ ਗੋਲੇ ਚਲਾਏ। ਦਿੱਲੀ ਦੇ ਟ੍ਰਾਂਸਪੋਰਟ ਨਗਰ, ਨਾਂਗਲੋਈ, ਪ੍ਰਗਤੀ ਮੈਦਾਨ ਅਤੇ ਅਕਸਰਧਾਮ ਵਿਖੇ ਪੁਲੀਸ ਨੇ ਜਬਰਦਸਤ ਲਾਠੀਚਾਰਜ ਕੀਤਾ ਤੇ ਹੰਝੂ ਗੈਸ ਦੇ ਗੋਲੇ ਛਡੇ। ਕਿਸਾਨਾਂ ਤੇ ਪੁਲੀਸ ਝੜਪਾਂ ਦੌਰਾਨ ਦਿੱਲੀ ਦੇ ਕਈ ਅਹਿਮ ਰੋਡ ਤੇ ਮੈਟਰੋ ਸਟੇਸਨ ਬੰਦ ਕਰ ਦਿਤੇ ਗਏ। ਕਿਸਾਨ ਅਤੇ ਪੁਲਿਸ ਵਿਚਾਲੇ ਝੜਪਾਂ ਦੌਰਾਨ ਪੁਲਿਸ ਕਰਮੀ ਤੇ ਕਿਸਾਨ ਜਖਮੀ ਹੋਏ। ਆਈਟੀਓ ਤੋਂ ਹਿੰਸਕ ਤਸਵੀਰਾਂ ਵੀ ਸਾਹਮਣੇ ਆਈਆਂ ਜਿੱਥੇ ਕਿਸਾਨਾਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ। ਆਈਟੀਓ ਵਿਚ ਹਿੰਸਕ ਝੜਪਾਂ ਤੋਂ ਬਾਅਦ ਇਹ ਕਿਸਾਨ ਹਜ਼ਾਰਾਂ ਦੀ ਗਿਣਤੀ ਵਿਚ ਦੀਪ ਸਿਧੂ ਦੀ ਅਗਵਾਈ ਵਿਚ ਆਈਟੀਓ ਤੋਂ ਘੁੰਮ ਕੇ ਲਾਲ ਕਿਲੇ ਦੇ ਅੱਗੇ ਪਹੁੰਚ ਗਏ ਹਨ ਤੇ ਖੇਤੀ ਕਾਨੂੰਨ ਰੱਦ ਕਰਨ ਲਈ ਨਾਅਰੇਬਾਜੀ ਕਰਦੇ ਰਹੇ। ਕੁਝ ਕਿਸਾਨ ਲਾਲ ਕਿਲੇ ਦੀ ਪ੍ਰਾਚੀਰ ਉੱਤੇ ਪਹੁੰਚ ਗਏ ਅਤੇ ਉਨ੍ਹਾਂ ਕੇਸਰੀ ਅਤੇ ਕਿਸਾਨੀ ਦਾ ਝੰਡਾ ਲਹਿਰਾ ਦਿੱਤਾ।
ਪੁਲਿਸ ਕਿਸਾਨਾਂ ਦੇ ਜੋਸ਼ ਅੱਗੇ ਕਾਫੀ ਸਮਾਂ ਬੇਵਸ ਨਜਰ ਆਈ ਤੇ ਕਾਫੀ ਦੇਰ ਪੁਲਿਸ ਨੇ ਉਨ੍ਹਾਂ ਨੂੰ ਲਾਲ ਕਿਲੇ ਤੋਂ ਬਾਅਦ ਬਾਹਰ ਕੱਢਿਆ।ਲਾਲ ਕਿਲੇ ਉੱਤੇ ਮਾਮੂਲੀ ਲਾਠੀਚਾਰਜ ਤੋਂ ਇਲਾਵਾ ਹਿੰਸਾ ਅਤੇ ਟਕਰਾਅ ਦੀ ਕੋਈ ਘਟਨਾ ਨਹੀਂ ਹੋਈ ਹੈ। ਦਸਿਆ ਜਾਂਦਾ ਹੈ ਕਿ ਇਸ ਘਟਨਾ ਬਾਅਦ ਕਈ ਕਿਸਾਨ ਗਾਇਬ ਤੇ ਜ਼ਖਮੀ ਦਸੇ ਜਾਂਦੇ ਹਨ।ਆਈਟੀਓ ਉੱਤੇ ਦੁਪਹਿਰ ਵੇਲੇ ਮਾਰਚ ਦੌਰਾਨ ਇੱਕ ਕਿਸਾਨ ਨਵਦੀਪ ਸਿੰਘ ਉਤਰਾਖੰਡ ਦੀ ਪੁਲੀਸ ਦੀ ਗੋਲੀ ਨਾਲ ਮੌਤ ਹੋ ਗਈ ਸੀ । ਕਿਸਾਨ ਆਗੂਆਂ ਨੇ ਵੀ ਇਸ ਸ਼ਹੀਦ ਕਿਸਾਨ ਦੇ ਹਕ ਵਿਚ ਕੋਈ ਅਵਾਜ਼ ਨਹੀਂ ਉਠਾਈ।
ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਪੁਲਿਸ ਤੇ ਕਿਸਾਨਾਂ ਵਿਚਾਲੇ ਝੜਪਾਂ ਦੀਆਂ ਕਈ ਤਸਵੀਰਾਂ ਵੱਖ-ਵੱਖ ਥਾਵਾਂ ਤੋਂ ਸਾਹਮਣੇ ਆਈਆਂ ਹਨ। ਪੁਲੀਸ ਨੇ ਬਿਨਾਂ ਭੜਕਾਹਟ ਦੇ ਲਾਠੀਚਾਰਜ ਕੀਤਾ ,ਅਥਰੂ ਗੈਸ ਦੇ ਗੋਲੇ ਛਡੇ। ਕਿਸਾਨ ਵਹੀਕਲਾਂ ਦੀ ਭੰਨ ਤੋੜ ਕੀਤੀ। ਦਿੱਲੀ ਦੇ ਟਰਾਂਸਪੋਰਟ ਨਗਰ ਵਿਖੇ ਪੁਲਿਸ ਤੇ ਕਿਸਾਨਾਂ ਵਿਚਾਲੇ ਝੜਪਾਂ ਹੋਈਆਂ। ਪੁਲਿਸ ਵਲੋਂ ਹੰਝੂ ਗੈਸ ਦੇ ਗੋਲੇ ਵੀ ਚਲਾਏ ਗਏ। ਕਰਨਾਲ ਬਾਈਪਾਸ ਰੋਡ 'ਤੇ ਨਿਹੰਗਾਂ , ਕਿਸਾਨਾਂ ਅਤੇ ਪੁਲਿਸ ਵਿਚਾਲੇ ਡਾਂਗਾ ਚਲੀਆਂ। ਦਿੱਲੀ ਦੇ ਨਾਂਗਲੋਈ 'ਚ ਪੁਲਿਸ ਵੱਲੋਂ ਕਿਸਾਨਾਂ 'ਤੇ ਸਖਤ ਲਾਠੀਚਾਰਜ ਕੀਤਾ ਗਿਆ। ਲਾਲ ਕਿਲੇ ਦੀ ਘਟਨਾ ਬਾਅਦ ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨ ਟਰੈਟਕਰ ਪਰੇਡ ਨੂੰ ਤੁਰੰਤ ਬੰਦ ਕਰ ਦਿੱਤਾ ਹੈ ਅਤੇ ਇਸ ਵਿਚ ਹਿੱਸਾ ਲੈਣ ਵਾਲੇ ਸਾਰੇ ਅੰਦੋਲਨਕਾਰੀਆਂ ਨੂੰ ਆਪੋ-ਆਪਣੀਆਂ ਧਰਨਾ ਥਾਵਾਂ

ਬਾਕੀ ਸਫ਼ਾ 28 'ਤੇ



26 ਜਨਵਰੀ ਨੂੰ ਦਿੱਲੀ ਵਿਚ ਹੋਏ ਕਿਸਾਨ ਮਾਰਚ ਦੀਆਂ ਕੁੱਝ ਤਸਵੀਰਾਂ

# ਕੈਲੇਫੋਰਨੀਆਂ ਦੇ ਸਿੱਖਾਂ ਨੇ ਭਾਰਤੀ ਅੰਬੈਸੀ ਸੈਨ ਫਰਾਂਸਿਸਕੋ ਅੱਗੇ ਕੀਤਾ ਮਜਾਹਰਾ

**ਸੈਨ ਫਰਾਂਸਿਸਕੋ/ਏ.ਟੀ.ਨਿਊਜ਼:** ਕੈਲੇਫੋਰਨੀਆਂ ਦੇ ਸਿੱਖਾਂ ਵਲੋਂ ਭਾਰਤੀ ਅੰਬੈਸੀ ਸੈਨ ਫਰਾਂਸਿਸਕੋ ਅੱਗੇ 26 ਜਨਵਰੀ ਨੂੰ ਕਿਸਾਨਾਂ ਦੇ ਹੱਕ ਵਿੱਚ ਮਜਾਹਰਾ ਕੀਤਾ ਗਿਆ। ਸਿੱਖ ਪੰਚਾਇਤ ਨੇ ਪ੍ਰੈਸ ਨਾਲ ਗੱਲ ਕਰਦਿਆਂ ਅੱਜ ਦੇ ਮਜਾਹਰੇ ਲਈ ਸਾਰੇ ਸੇਵਾਦਾਰਾਂ ਖਾਸ ਕਰ ਨੌਜਵਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੰਮ ਵਾਲੇ ਦਿਨ ਵੱਡੀ ਗਿਣਤੀ ਵਿੱਚ ਸੰਗਤ ਲਿਆਉਣ ਵਿੱਚ ਉਹ ਕਾਮਯਾਬ ਰਹੇ। ਇਸ ਤੋਂ ਬਿਨਾਂ ਲੰਗਰ ਦੀ ਸੇਵਾ, ਸਹੁਣੇ ਬੈਨਰ ਤੇ ਬਾਕੀ ਲੋੜਵੰਦੀਆਂ ਵਸਤਾਂ ਦਾ ਪ੍ਰਬੰਧ ਕਰਣ ਲਈ ਵੀ ਨੌਜਵਾਨਾਂ ਦਾ ਧੰਨਵਾਦ ਕੀਤਾ ਗਿਆ।

ਸਿੱਖ ਪੰਚਾਇਤ ਨੇ ਕਿਹਾ ਕਿ ਪ੍ਰੋਗਰਾਮ ਵਿੱਚ ਆਪਣੇ ਵੱਲੋਂ ਸਟੇਜ ਨਾਂ ਲਾਏ ਕਾਰਣ ਬੀਬੀਆਂ ਤੇ ਨੌਜਵਾਨ ਸਟੇਜ ਤੋਂ ਨਹੀਂ ਬੋਲ ਸਕੇ ਉਸ ਲਈ ਅਸੀਂ ਮੁਆਫੀ ਚਾਹੁੰਦੇ ਹਾਂ ਕਿਉਂ ਕਿ ਭਾਰਤੀ ਕੌਂਸਲੇਟ ਸਾਹਮਣੇ ਦੋ ਸਟੇਜਾਂ ਲੱਗਣੀਆਂ ਸੋਭਾ ਨਹੀਂ ਸਨ ਦਿੰਦੀਆਂ। ਆਪਣੇ ਵੱਲੋਂ ਕਿਸਾਨੀ ਸੰਘਰਸ ਦੀ ਹਮਾਇਤ ਲਈ ਇਸ ਤਰਾਂ ਦੇ ਪ੍ਰੋਗਰਾਮ ਲਗਾਤਾਰ ਕੀਤੇ ਜਾਣਗੇ ਅਤੇ ਸਾਰੇ ਪ੍ਰੋਗਰਾਮ ਕਿਸਾਨੀ ਅੰਦੋਲਨ ਦੇ ਦਿਸਾ ਨਿਰਦੇਸ ਅਧੀਨ ਹੀ ਚੱਲਣਗੇ।

**ਜਕਾਰਾ ਇੰਟਰਨੈਸਨਲ ਦਾ ਅੰਗਰੇਜੀ ਮੀਡੀਏ ਵਿੱਚ ਕਵਰੇਜ ਕਰਾਉਣ ਲਈ ਵੀ ਧੰਨਵਾਦ।**



















# ਲਾਲ ਕਿਲੇ ਦਾ ਅੱਖੀਂ ਡਿੱਠਾ ਹਾਲ

**ਭਾਈ ਚਰਨਜੀਤ ਸਿੰਘ**

ਮੈਂ ਕੱਲ ਜਦੋਂ ਲਾਲ ਕਿਲੇ ਪਹੁੰਚਿਆ, ਉਥੇ ਮੇਰੇ ਅੱਗੇ ਪਿਛੇ ਪਹੁੰਚਾਉਣ ਵਾਲੇ 35 ਕੁ ਟਰੈਕਟਰ ਸਨ। ਮੇਰੇ ਪਹਿਲਾਂ ਪਹੁੰਚਾਉਣ ਦਾ ਕਾਰਨ ਪਹਿਲੀ ਰੋਕ 'ਤੇ ਸੰਗਰੂਰ ਵਾਲੇ ਆਮ ਆਦਮੀ ਮੱਖਣ ਸਿੰਘ ਨਾਲੋਂ ਨਿਖੜ ਜਾਣਾ ਸੀ। ਕਦੇ ਰੋਕਾਂ ਤੋੜਨ ਵਾਲੇ ਟੈਕਟਰਾਂ ਦੀ ਲਿਫਟ ਉਤੇ ਤੇ ਕਦੇ ਦਿੱਲੀ ਦੇ ਆਮ ਸ਼ਹਿਰੀਆਂ ਕੋਲੋਂ ਲਿਫਟ ਲੈ ਕੇ ਮੈਂ ਉਨ੍ਹਾਂ ਮੁੰਡਿਆਂ ਨਾਲ ਜਾ ਰਲਿਆ ਜਿਹੜੇ ਪੰਧੇਰ ਹੋਰਾਂ ਤੋਂ ਵੀ ਅੱਗੇ ਆਪ ਮੁਹਾਰੇ ਟੈਮ ਨਾਲ ਤੁਰੇ ਸੀ। ਇਨ੍ਹਾਂ 'ਚ ਕਈ ਹਰਿਆਣਵੀ ਵੀ ਸੀ।

ਏਡਾ ਮਾਰਚ ਪਲੈਨ ਕਰਨ ਵਾਲਿਆਂ ਨੇ ਕਿਤੇ ਲੰਗਰ ਪਾਣੀ ਦਾ ਕੋਈ ਇੰਤਜਾਮ ਨਹੀਂ ਕੀਤਾ ਸੀ। ਸਵੇਰੇ ਚਾਹ ਦੀਆਂ ਦੋ ਘੁਟਾਂ ਕਾਗਜ ਵਾਲੀ ਗਲਾਸੀ ਚੋਂ ਪੀਤੀਆਂ ਸੀ। ਪਹਿਲੇ 10 ਕੁ ਕਿਲੋਮੀਟਰ ਤੁਰਨਾ ਵੀ ਵਾਹਵਾ ਪਿਆ। ਫੇਰ ਅੱਥਰੂ ਗੈਸ ਤੋਂ ਬਚਣ ਲਈ ਵੀ ਦੋ ਵਾਰ ਵਾਹਵਾ ਦੌੜ ਲਾਉਣੀ ਪਈ। ਹਲਾਤ ਇਹ ਬਣੀ ਕਿ ਗੰਦੇ ਨਾਲੇ ਦੇ ਕੰਢੇ ਇਕ ਤਮਾਕੂ ਵੇਚਣ ਵਾਲੇ ਤੋਂ ਭੁਜੀਏ ਦਾ ਨਿਕਾ ਜਿਹਾ ਪੈਕਟ ਲੈ ਲਿਆ, ਪਰ ਖਾਣ ਨੂੰ ਮਨ ਨਾ ਮੰਨਿਆ। ਲਿਫਟ ਲੈ ਕੇ ਰਿੰਗ ਰੋਡ ਤੇ ਪੈਂਦੇ ਗੁਰਦਵਾਰਾ ਮਜਨੂ ਟਿਲਾ ਪਹੁੰਚ ਕੇ ਲੰਗਰ ਛਕਿਆ। ਉਥੇ ਹੋਰ ਵੀ ਮੋਟਰਸਾਇਕਲਾਂ ਵਾਲੇ ਮੁੰਡੇ ਪਹੁੰਚੇ ਸੀ। ਟਰੈਕਟਰ ਅਜੇ ਪਿਛੇ ਸੀ। ਉਥੇ ਲਾਲ ਕਿਲੇ ਤੇ ਜਾਣ ਦੀ ਗੱਲ ਚੱਲ ਰਹੀ ਸੀ ਪਰ ਸਹਿਮਤੀ ਕੋਈ ਨਹੀਂ ਸੀ ਅਜੇ। ਗੁਰਦਵਾਰੇ ਚ ਇਕੋ ਮਾਈ ਅਚਾਨਕ ਆਈ ਸੰਗਤ ਨੂੰ ਭੱਜ ਭੱਜ ਕੇ ਲੰਗਰ ਵਰਤਾ ਰਹੀ ਸੀ। ਮੈਂ ਅੰਨ ਪਾਣੀ ਵੱਲੋਂ ਅਨੰਦ 'ਚ ਸਾ ਸੋਚਿਆ ਕੁਝ ਚਿਰ ਸੇਵਾ ਕਰਵਾ ਦਿੰਨਾ ਕਿਉਂ ਕਿ ਟੈਕਟਰਾਂ ਵਾਲੀ ਸੰਗਤ ਵਧ ਗਈ ਸੀ। ਕਰੀਬ ਪੰਦਰਾਂ ਮਿੰਟ ਬਾਦ ਗੁਰਦਵਾਰੇ ਦੇ ਬਾਹਰ ਹੀ ਬਹੁਤ ਸਾਰੇ ਲੋਕਲ ਸਿੱਖ ਜਲ ਪਾਣੀ ਤੇ ਕੁਰਕਰੇ ਆਦਿ ਦੀ ਸੇਵਾ ਕਰਨ ਲਗ ਗਏ।

ਮੈਂ ਇਕ ਮੁਸਲਮਾਨ ਮੁੰਡੇ ਨੂੰ ਹੱਥ ਦੇ ਕੇ ਕਿਹਾ ਕਿ ਲਾਲ ਕਿਲੇ ਤੱਕ ਜਾਣਾ, ਕਹਿੰਦਾ ਜਾਣਾ ਤੇ ਨਹੀਂ ਛੱਡ ਆਉਨਾ। ਉਦੋਂ ਉਥੇ 300 ਦੇ ਕਰੀਬ ਰਲੇ ਮਿਲੇ ਝੰਡਿਆਂ ਵਾਲੇ ਪੰਜਾਬੀ ਹਰਿਆਣਵੀ ਫੋਟੋਆਂ ਖਿਚਵਾ ਰਹੇ ਸੀ। ਮੀਡੀਆ ਵੀ ਨਹੀਂ ਸੀ।

ਨਿਸ਼ਾਨ ਸਾਹਿਬ ਝੁਲਾਉਣ ਦਾ ਕੰਮ ਕਿਸੇ ਪਲੈਨਿੰਗ ਕਰਕੇ ਨਹੀਂ ਸੀ ਸਗੋਂ ਜੋ ਆ ਕੇ ਬੈਠੇ ਸਨ ਉਨ੍ਹਾਂ ਦੇ ਕਰਨ ਲਈ ਕੁਝ ਨਹੀਂ ਸੀ। ਕੋਈ ਲੀਡਰ ਤਾਂ ਕਿ ਜਾਣਿਆ ਪਛਾਣਿਆ ਚਿਹਰਾ ਵੀ ਨਹੀਂ ਸੀ ਕਿ ਜਿੰਨੂ ਚਾਰ ਬੰਦੇ ਜਾਣਦੇ ਹੋਣ। ਇਸ ਵਿਹਲ ਨੂੰ ਸਾਜਗਰ ਬਣਾਉਣ ਲਈ ਕੁਝ ਬੰਦੇ ਕਿਲਾ ਅੰਦਰੋ ਵੇਖਣਾ ਚਾਹੁੰਦੇ ਸਨ। ਇਨ੍ਹਾਂ ਪਾਸੇ ਵਾਲਾ ਦਰਵਾਜਾ ਲੱਭ ਲਿਆ ਤੇ ਉਹਦੇ ਬਾਹਰ ਚਾਂਗਰਾਂ ਮਾਰੀ ਗਏ। ਸਭ ਤੋਂ ਪਹਿਲਾਂ ਇਕ ਮੁੰਡਾ ਨੇ ਇਸ ਦਰਵਾਜੇ ਦੇ ਉਤੇ ਚੜ ਕੇ ਇਕ ਹਰੇ ਰੰਗ ਦਾ ਝੰਡਾ ਬੱਧਾ। ਚੀਕਾਂ ਜੈਕਾਰਿਆਂ ਨੇ ਉਸਦੇ ਯਤਨ ਦੀ ਪਿਠ ਥਾਪੜੀ ਤਾਂ ਇਕ ਦੋ ਹੋਰ ਦਰਵਾਜੇ ਤੇ ਚੜ ਗਏ। ਫੇਰ ਕੁਝ ਦਰਵਾਜੇ ਨੂੰ ਉਤੋਂ ਦੀ ਟੱਪ ਗਏ। ਇਕ ਇਕ ਇਕ ਕਰ ਕੇ ਦੋਵੇਂ ਦਰਵਾਜੇ ਖੋਲ ਦਿਤੇ। ਅਸੀਂ ਸਾਰੇ ਅੰਦਰ ਚਲੇ ਗਏ।

ਨਿਸ਼ਾਨ ਦਾ ਇਰਾਦਾ ਖਾਲੀ ਫਲੈਗ ਪੋਸਟ ਵੇਖ ਕੇ ਸਭ ਦੇ ਮਨ 'ਚ ਆਇਆ ਪਰ ਹਰ ਕਿਸੇ ਨੂੰ ਆਪਣੀਆਂ ਬਾਹਾਂ ਤੇ ਭਰੋਸਾ ਨਹੀਂ ਸੀ। ਏਨੇ ਨੂੰ ਪਾਸੇ ਵਾਲੀਆਂ ਦੋਵੇਂ ਬੁਰਜੀਆਂ ਵੱਲ ਨੂੰ ਬੰਦੇ ਚੜ ਗਏ ਤੇ ਨਿਸਾਨ ਲਾਉਣ



ਚ ਕਾਮਯਾਬ ਰਹੇ। ਨਿਸ਼ਾਨ ਲਾਉਣ ਦੀ ਅਵਾਜ ਅੰਦਰੋਂ ਖੁਨ ਚੋਂ ਆ ਰਹੀ ਸੀ ਕਿਸੇ ਨੇ ਕਾਲ ਨਹੀਂ ਕੀਤੀ। ਹਰਿਆਣੇ ਵਾਲੇ ਤਰੰਗਾ ਲਉਣਾ ਚਾਹੁੰਦੇ ਸਨ ਪਰ ਆਪ ਨਹੀਂ ਚੜਦੇ ਸੀ ਸਗੋਂ ਸਿੱਖ ਮੁੰਡਿਆਂ ਨੂੰ ਫੜਾਉਂਦੇ ਸੀ। ਬਹੁਤੇ ਹਰਿਆਣੇ ਵਾਲੇ ਨਿਸ਼ਾਨ ਸਾਹਿਬ ਲੱਗਣ ਨਾਲ ਖੁਸ਼ ਸਨ, ਜੈਕਾਰਿਆਂ ਦਾ ਜਵਾਬ ਜੈਕਾਰੇ 'ਚ ਦੇ ਰਹੇ ਸਨ। ਥਲੇ ਸੰਗਤ ਲਗਾਤਾਰ ਵਧ ਰਹੀ ਸੀ। ਕੇਸਰੀ ਨਿਸ਼ਾਨਾ ਨਾਲ ਫੋਟੋਆਂ ਖਿਚਾਉਣ ਵਾਲੇ ਵੀ ਵਦ ਰਹੇ ਸੀ ਤੇ ਬਾਹਰੋ ਆਉਣ ਵਾਲੇ ਥੱਲੇ ਖਲੋਣ ਦੀ ਜਗਾ ਸਿੱਧੇ ਉਤੇ ਜਾ ਚੜ੍ਹਦੇ। ਇਕ ਘੰਟੇ ਬਾਦ ਵਾਹਵਾ ਭੀੜ ਸੀ। ਇਸੇ ਦੌਰਾਨ ਦੀਪ ਸਿੱਧੂ ਵੀ ਪਹੁੰਚਿਆ ਪਰ ਉਹ ਆਮ ਮੁੰਡਿਆਂ ਵਾਂਗ ਹੀ ਆਪਣਾ ਫੋਟੋ ਸੈਸਨ ਕਰਕੇ ਚਲਾ ਗਿਆ। ਮੈਂ ਥੱਲੇ ਬੈਠਾ ਸੀ ਤੇ ਫੇਰ ਚਾਹ ਦੀ ਤਲਬ "ਚ ਚਾਦਨੀ ਚੌਕ ਜਾਣ ਲੱਗਾ ਤਾਂ ਅੰਦਰ ਲਾਠੀਚਾਰਜ ਸ਼ੁਰੂ ਹੋ ਗਿਆ। ਨਿਹੱਥੇ ਕੁੱਟ ਖਾਣ 'ਚ ਲਾਹਦੀ ਦਲੇਰੀ ਹੋਰਨਾਂ ਵਾਂਗ ਦਾਸ ਵੀ ਹਰਨ ਹੋ ਗਿਆ ਤੇ ਬਾਹਰਲੀ ਸੜਕ ਤੇ ਜਾ ਖੜਿਆ। ਕਰੀਬ 15 ਕ ਮਿੰਟ ਲਈ ਲਾਠੀ ਚਾਰਜ ਤੇ ਭੰਨਤੋੜ ਹੋਈ। ਜਨਤਾ ਨੇ ਪਾਰਕ ਚੋਂ ਟੈਕਟਰ ਭਜਾ ਲਏ । ਇਕ ਮੁੰਡਾ ਤੇ ਦੋ ਤਿੰਨ ਪੁਲਸ ਵਾਲਿਆਂ ਨੂੰ ਸੱਟਾ ਲੱਗੀਆਂ। ਫੇਰ ਪੁਲਿਸ ਨਾਲ ਸਹਿਮਤੀ ਬਣ ਗਈ ਕਿ ਤੁਸੀਂ ਸਾਨੂੰ ਕੁਝ ਨਾ ਕਹੋ ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ ।

ਦਰਵਾਜੇ ਖੋਲ ਦਿਤੇ। ਨਿਹੰਗ ਆ ਗਏ ਅੰਦਰ ਮਹੱਲਾ ਲੈ ਕੇ। ਫੇਰ ਬੰਦੇ ਉਤਲੀਆਂ ਬੁਰਜੀਆਂ ਤੇ ਨਿਸ਼ਾਨ ਲਾ ਆਏ। ਫੇਰ ਪੁਲਿਸ ਦਾ ਕੋਈ ਅਫਸਰ ਆਇਆ ਉਨ੍ਹਾਂ ਕਿਲਾ ਅੰਦਰੋਂ ਖਾਲੀ ਕਰਕੇ ਬੰਦ ਕਰਵਾਇਆ। ਮੈਂ ਸ਼ੀਸ ਗੰਜ ਸਾਹਿਬ ਮੱਥਾ ਟੇਕ ਕੇ ਮੁੜਿਆ ਟੈਕਟਰ ਆ ਜਾ ਰਹੇ ਸੀ । ਤਿੰਨ ਕ ਹਜਾਰ ਬੰਦੇ ਅੰਦਰ ਸੀ। ਦਿੱਲੀ ਦੇ ਸਿੱਖ ਬੱਚੇ ਤੇ ਆਮ ਲੋਕ ਖਾਲਸੇ ਦੇ ਨਿਸ਼ਾਨਾ ਨਾਲ ਫੋਟੋਆਂ ਖਿਚਵਾ ਰਹੇ ਸਨ। ਇਕ ਭਾਊ ਵਾਪਸ ਸਿੰਘੂ ਚੱਲੋ ਦਾ ਹੋਕਾ ਦੇ ਰਿਹਾ ਸੀ। ਮੈਂ ਤਾਂ ਪੰਜਾਬ ਮੁੜਨਾ ਸੀ। ਟੀਵੀ ਚੈਨਲ ਕਾਫੀ ਆ ਗਏ ਸੀ। ਦਾ ਪੱਤਰਕਾਰ ਘੜ ਰਿਹਾ ਸੀ ਕਿ ਇਸ ਕਰਤੂਤ ਨੇ ਕਿਸਾਨੋਂ ਕੀ ਸ਼ਾਖ ਕੋ ਦਾਗਦਾਰ ਕਰ ਦੀਆ ਹੈ। ਮੈਂ ਉਹਨੂੰ ਕਿਹਾ , "ਮੈਂ ਸੁਣਿਆ ਡੈਮੋਕਰਸੀ ਆ, ਕਹਿੰਦਾ ਯੇ ਤੋ ਨਹੀਂ। ਮੈਂ ਕਿਹਾ ਅਮਰੀਕਾ 'ਚ ਲੋਕ ਦੇਸ ਦਾ ਝੰਡਾ ਲਾਹ ਕੇ ਕੱਛਾ ਟੰਗ ਜਾਂਦੇ ਵਾਇਟ ਹਾਊਸ ਤੇ ਇਹ ਤਾਂ ਪਾਕ ਪਵਿਤਰ ਨਿਸ਼ਾਨ ਸਾਹਿਬ ਨੇ , ਲਾਲ ਕਿਲੇ ਦੇ ਵੱਡੇ ਭਾਗ ਕਿ ਇਹ ਨਿਸ਼ਾਨ ਨਸ਼ੀਬ ਹੋਏ । ਨਹੀਂ ਤੇ ਇਥੇ ਜਾਬਰਾਂ ਦੇ ਜੁਲਮ ਦੇ ਝੰਡੇ ਝੁਲਦੇ ਆ ਰਹੇ ਨੇ। ਸਵੇਰੇ ਆ ਕੇ ਫੇਸਬੁਕ ਖੋਲੀ ...ਏਥੇ ਲੋਕਾਂ ਨੇ ਹੇਠਲੀ ਉਤੇ ਕੀਤੀ ਪਈ ਆ । ਨਿਸ਼ਾਨ ਦਾ ਵਿਰੋਧ ਕਰਨ ਵਾਲੇ ਜੇ ਪੰਜਾਬੋਂ ਕਿਸਾਨੀ ਤੇ ਕੇਸਰੀ ਝੰਡੇ ਦੀ ਅਗਵਾਈ 'ਚ ਤੁਰੇ ਇਕੱਠ ਤੇ ਤਿਰੰਗੇ ਥੋਪਣ ਖਿਲਾਫ ਬੋਲੇ ਹੁੰਦੇ ਤੇ ਨਿਸ਼ਾਨ ਸਾਹਿਬ ਨਾ ਲਗਦੇ।

# ਕਿਸਾਨ ਰੋਕਾਂ ਤੋੜ ਕੇ ਪਹੁੰਚੇ ਲਾਲ ਕਿਲੇ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕਿਸਾਨ ਯੂਨੀਅਨਾਂ ਵੱਲੋਂ 26 ਜਨਵਰੀ 'ਦਿੱਲੀ ਚੱਲੋ' ਦੇ ਸੱਦੇ ਤੇ ਲੱਖਾਂ ਕਿਸਾਨ ਦਿੱਲੀ ਪਹੁੰਚੇ ਅਤੇ ਹਜਾਰਾਂ ਦੀ ਗਿਣਤੀ ਵਿੱਚ ਬੈਰੀਕੇਡ ਤੋੜਦੇ ਹੋਏ ਲਾਲ ਕਿਲੇ ਤੱਕ ਪਹੁੰਚ ਗਏ। ਇੱਕ ਕਿਸਾਨ ਦੀ ਇਸ ਘਟਨਾਕ੍ਰਮ ਵਿੱਚ ਮੌਤ ਹੋਈ। ਕਿਸਾਨ ਜੱਥੇਬੰਦੀਆਂ ਦਿੱਤੇ ਹੋਏ ਰੂਟ ਤੇ ਹੀ ਗੇੜਾ ਕੱਢ ਕੇ ਵਾਪਿਸ ਮੁੜ ਆਈਆਂ। ਲਾਲ ਕਿਲੇ ਤੇ ਝੰਡਾ ਝੁਲਾਉਣ ਨੂੰ ਲੈ ਕੇ ਕਿਸਾਨ ਯੂਨੀਅਨਾਂ ਅਤੇ ਗੋਦੀ ਮੀਡੀਆ ਨੇ ਰੌਲਾ ਪਾਇਆ ਹੋਇਆ ਹੈ ਕਿ ਕਿਸਾਨਾਂ ਵੱਲੋਂ ਚੁੱਕਿਆ ਇਹ ਕਦਮ ਗਲਤ ਹੈ। ਹਾਲਾਂ ਕਿ ਕਿਸਾਨ ਯੂਨੀਅਨਾਂ ਵੱਲੋਂ ਇਹ ਪੱਖ ਵਿੱਚ ਖੜਣ ਦੀ ਕੋਈ ਤੁਕ ਸਮਝ ਨਹੀਂ ਆਉਂਦੀ। ਇਹਨਾਂ ਵੱਲੋਂ ਦੀਪ ਸਿੱਧੂ ਉੱਪਰ ਲੋਕਾਂ ਨੂੰ ਭੜਕਾਉਣ ਦੇ ਦੋਸ ਵੀ ਲਾਏ ਜਾ ਰਹੇ ਹਨ। ਕਿਸਾਨ ਯੂਨੀਅਨਾਂ ਰੂਟ ਦੇ ਮਸਲੇ ਨੂੰ ਲੈਕੇ ਸੁਆਲਾਂ ਦੇ ਘੇਰੇ ਵਿੱਚ ਸਨ। ਇੱਕ ਖਬਰ ਇਹ ਵੀ ਸੀ ਕਿ ਯੋਗੇਂਦਰ ਯਾਦਵ ਨੇ ਸਰਕਾਰ ਨਾਲ ਮਿਲੀਭੁਗਤ ਕਿਸਾਨੀ ਜੱਥੇਬੰਦੀਆ ਨੂੰ ਅਜਿਹੇ ਰੂਟਾਂ ਤੇ ਰਾਜੀ ਕਰ ਲਿਆ ਸੀ ਜਿਹੜੇ ਦਿੱਲੀ ਜਾਂਦੇ ਹੀ ਨਹੀਂ ਸਨ। ਇਸ ਮੁੱਦੇ ਨੂੰ ਲੈ ਕੇ 25 ਜਨਵਰੀ ਦੀ ਰਾਤ ਨੂੰ ਲੋਕਾਂ ਨੇ ਕਿਸਾਨ ਜੱਥੇਬੰਦੀਆਂ ਤੋਂ ਇਹ ਮੰਗ ਕੀਤੀ ਕਿ ਇਹਦਾ ਸਪੱਸਟੀਕਰਣ ਦਿੱਤਾ ਜਾਵੇ ਪਰ ਉਹ ਸਟੇਜ ਛੱਡ ਕੇ ਭੱਜ ਗਏ ਸਨ।

ਲੱਖਾ ਸਿਧਾਣਾ ਨੇ ਵੀ ਦੀਪ ਸਿੱਧੂ ਦੀ ਲਾਲ ਕਿਲੇ ਤੇ ਝੰਡਾ ਲਹਿਰਾਉਣ ਲਈ ਨੁਕਤਾਚੀਨੀ ਕੀਤੀ ਹੈ। ਪਰ ਵਿਦੇਸ਼ਾਂ ਵਿੱਚ ਵੱਸਦੇ ਬਹੁਤੇ ਸਿੱਖ ਲਾਲ ਕਿਲੇ ਤੇ ਨਿਸਾਨ ਸਾਹਿਬ ਲਹਿਰਾਉਣ ਨੂੰ ਜਾਇਜ ਠਹਿਰਾ ਰਹੇ ਹਨ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਝੰਡਾ ਲਹਿਰਾਉਣਾ ਮਜਾਹਰੇ ਦਾ ਹੀ ਇੱਕ ਰੂਪ ਹੈ ਅਤੇ ਸਿੱਖਾਂ ਨੂੰ ਨਿਸਾਨ ਸਾਹਿਬ ਤੇ ਜੈਕਾਰੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਸਿੱਖ ਯੂਥ ਆਫ ਅਮਰੀਕਾ ਦੇ ਸੰਦੀਪ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਤੇ ਕਿਸਾਨ ਯੂਨੀਅਨਾਂ ਵੱਲੋਂ ਮਿਲ ਕੇ ਲਾਲ ਕਿਲੇ ਦੀ ਘਟਨਾ ਨੂੰ ਜਾਣ ਬੁੱਝ ਕੇ ਨਿੰਦਿਆ ਜਾ ਰਿਹਾ। ਉਹਨਾਂ ਨੇ ਸੁਆਲ ਕੀਤਾ ਕਿ ਪਿੱਛਲੇ ਦੋ ਮਹੀਨਿਆਂ ਤੋਂ ਕਿਸਾਨ ਯੂਨੀਅਨਾਂ ਬਾਬਾ ਬਘੇਲ ਸਿੰਘ ਦੀਆਂ ਗੱਲਾਂ ਸੁਣਾ ਰਹੇ ਹਨ। ਸਟੇਜਾਂ ਤੋਂ ਗਾਣੇ ਅਤੇ ਉਹ ਕਲਾਕਾਰ ਬੁਲਾਏ ਜਾ ਰਹੇ ਸਨ ਜਿਹੜੇ ਕਹਿ ਰਹੇ ਸਨ ਕਿ 'ਦਿੱਲੀ ਨਾਲ ਪੇਚਾ', ' ਦਿੱਲੀ ਘੇਰਨੀ' ਦੇ ਨਾਹਰੇ ਮਾਰ ਰਹੇ ਸਨ। ਜੇ ਕੁੱਝ ਲੋਕਾਂ ਨੇ ਲਾਲ ਕਿਲੇ ਤੇ ਨਿਸਾਨ ਸਾਹਿਬ ਲਹਿਰਾ ਦਿੱਤਾ ਤਾਂ ਕੀ ਗਲਤ ਕੀਤਾ? ਇਹ ਸਾਰੀ ਸਾਜਿਸ ਦੀਪ ਸਿੱਧੀ ਨੂੰ ਬਦਨਾਮ ਕਰਣ ਲਈ ਰਚੀ ਗਈ ਹੈ ਜਿਸਲਈ ਅਸੀਂ ਕਿਸਾਨ ਯੂਨੀਅਨਾਂ ਖਾਸ ਕਰ ਬਲਬੀਰ ਸਿੰਘ ਰਾਜੇਵਾਲ ਦੀ ਨਿੰਦਾ ਕਰਦੇ ਹਾਂ।

# ਟਰੈਕਟਰ ਰੈਲੀ ਦੌਰਾਨ ਹੋਈ ਹਿੰਸਾ ਲਈ ਕੇਂਦਰ ਦਾ ਤਾਨਾਸ਼ਾਹੀ ਰਵੱਈਆ ਜ਼ਿੰਮੇਦਾਰ : ਮਮਤਾ ਬੈਨਰਜ

**ਕੋਲਕਾਤਾ/ਏ.ਟੀ.ਨਿਊਜ਼:** ਖੇਤੀਬਾੜੀ ਬਿੱਲ ਦੀ ਵਾਪਸੀ ਦੀ ਮੰਗ ਨੂੰ ਲੈ ਕੇ ਗਣਤੰਤਰ ਦਿਵਸ ਮੌਕੇ ਰਾਜਧਾਨੀ ਦਿੱਲੀ ਵਿੱਚ ਕਿਸਾਨਾਂ ਵੱਲੋਂ ਕੱਢੀ ਗਈ ਟਰੈਕਟਰ ਰੈਲੀ ਵਿੱਚ ਜੋ ਹਿੰਸਾ ਵਾਪਰੀ ਉਸ ਨੂੰ ਲੈ ਕੇ ਰਾਜਨੀਤੀ ਵੀ ਤੇਜ ਹੋ ਗਈ ਹੈ। ਰਾਜਨੀਤਕ ਦਲ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਇਸ ਕੜੀ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਸਾਨ ਟਰੈਕਟਰ ਰੈਲੀ ਦੌਰਾਨ ਹਿੰਸਾ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਜ਼ੋਰਦਾਰ ਹਮਲਾ ਬੋਲਿਆ ਹੈ। ਮਮਤਾ ਨੇ ਕਿਹਾ ਕਿ ਦਿੱਲੀ ਦੀਆਂ ਸੜਕਾਂ 'ਤੇ ਹੋਈਆਂ ਘਟਨਾਵਾਂ ਨਾਲ ਉਨ੍ਹਾਂ ਨੂੰ ਕਾਫ਼ੀ ਦੁੱਖ ਪਹੁੰਚਿਆ ਹੈ ਪਰ ਇਸ ਦੇ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਅਸੰਵੇਦਨਸ਼ੀਲ ਰਵੱਈਏ ਨੂੰ ਜ਼ਿੰਮੇਦਾਰ ਠਹਿਰਾਇਆ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਨੇ ਕਿਹਾ ਕਿ ਕਿਸਾਨਾਂ ਨੂੰ ਵਿਸ਼ਵਾਸ ਵਿੱਚ ਲਏ ਬਿਨਾਂ ਹੀ ਸਰਕਾਰ ਨੇ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਪਾਸ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਇਸ ਤਾਨਾਸ਼ਾਹੀ ਕਾਨੂੰਨਾਂ ਨੂੰ ਮੁਅੱਤਲ ਕੀਤਾ ਜਾਣਾ ਚਾਹੀਦਾ ਹੈ।



# ਨਵੇਂ ਬਣੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀਆਂ ਨੂੰ ਦਿੱਤੀ ਵੱਡੀ ਰਾਹਤ, ਦੇਸ਼ ਨਿਕਾਲੇ ਉੱਪਰ ਲਾਈ ਰੋਕ।

## ਇਮੀਗ੍ਰੇਸ਼ਨ ਨੀਤੀਆਂ ਉੱਪਰ ਨਜਰਸਾਨੀ ਸ਼ੁਰੂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡੇਨ ਪ੍ਰਸ਼ਾਸਨ ਨੇ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਨੂੰ ਰਾਹਤ ਦਿੰਦਿਆਂ ਜਾਰੀ ਇਕ ਪੱਤਰ ਵਿਚ ਉਨਾਂ ਦੇ ਦੇਸ਼ ਨਿਕਾਲੇ ਉੱਪਰ 100 ਦਿਨਾਂ ਲਈ ਰੋਕ ਲਾ ਦਿੱਤੀ ਹੈ। ਕਾਰਜਕਾਰੀ ਹੋਮਲੈਂਡ ਸਕਿਉਰਿਟੀ ਸਕੱਤਰ ਡੇਵਿਡ ਪੇਕੋਸਕੇ ਵੱਲੋਂ ਬਾਇਡੇਨ ਵੱਲੋਂ ਸਹੁੰ ਚੁੱਕਣ ਦੇ ਕੁਝ ਘੰਟਿਆਂ ਬਾਅਦ ਜਾਰੀ ਇਸ ਪੱਤਰ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਉੱਪਰ ਤੁਰੰਤ ਰੋਕ ਲਾਉਣ ਲਈ ਕਿਹਾ ਗਿਆ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਪ੍ਰਵਾਸੀਆਂ ਸਬੰਧੀ ਇਮੀਗ੍ਰੇਸ਼ਨ ਨੀਤੀਆਂ ਤੇ ਅਮਲ ਉੱਪਰ ਨਜਰਸਾਨੀ ਕੀਤੀ ਜਾ ਰਹੀ ਹੈ। ਇਸ ਲਈ ਕਿਸੇ ਵੀ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਨੂੰ ਦੇਸ਼ ਨਿਕਾਲ਼ਾ ਨਾ ਦਿੱਤਾ ਜਾਵੇ। ਪੱਤਰ ਵਿਚ ਕਿਹਾ ਗਿਆ ਹੈ ਕਿ 'ਅਮਰੀਕਾ ਦੱਖਣ ਪੱਛਮੀ ਸਰਹੱਦ ਉੱਪਰ ਸਦੀ ਦੀ ਗੰਭੀਰ ਸਿਹਤ ਸੰਕਟ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ ਇਸ ਹਾਲਾਤ ਵਿਚ ਵਿਭਾਗ ਸੁਰੱਖਿਅਤ, ਕਾਨੂੰਨੀ ਤੇ ਸੁਚਾਰੂ



ਪ੍ਰਿਆ ਨੂੰ ਯਕੀਨੀ ਬਣਾਵੇ ਤੇ ਇਕ ਨਿਆਂ ਸੰਗਤ ਤੇ ਪ੍ਰਭਾਵਸ਼ਾਲੀ ਸ਼ਰਨ ਪ੍ਰਿਆ ਬਣਾਈ ਜਾਵੇ ਜਿਸ ਤਹਿਤ ਮਨੁੱਖੀ ਅਧਿਕਾਰਾਂ ਨੂੰ ਮਾਣ ਸਨਮਾਨ ਦਿੱਤਾ ਜਾਵੇ। 'ਪੱਤਰ ਅਨੁਸਾਰ' ਜੋ ਦਹਿਸ਼ਤਵਾਦ ਜਾਂ ਜਸੂਸੀ ਵਰਗੇ ਮਾਮਲਿਆਂ ਵਿਚ ਸ਼ੱਕੀ ਹਨ ਤੇ ਉਹ ਨਵੰਬਰ 1, 2020 ਤੱਕ ਅਮਰੀਕਾ ਵਿਚ ਮੌਜੂਦ ਨਹੀਂ ਸਨ ਜਾਂ ਜਿਨਾਂ ਨੇ ਇਛੁੱਕ ਤੌਰ 'ਤੇ ਅਮਰੀਕਾ ਵਿਚ ਰਹਿਣ ਦਾ ਅਧਿਕਾਰ ਗਵਾ ਲਿਆ ਹੋਵੇ, ਉਹ ਕਿਸੇ ਵੀ ਰਿਆਇਤ ਦੇ ਯੋਗ ਨਹੀਂ ਹਨ ਉਨਾਂ ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਜਾਵੇ।' ਇੱਥੇ ਜ਼ਿਕਰਯੋਗ ਹੈ ਕਿ ਬਾਇਡੇਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਇਮੀਗ੍ਰੇਸ਼ਨ ਸਬੰਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਨੂੰ ਉਲਟਾ ਦਿੱਤਾ ਹੈ ਜਿਨਾਂ ਵਿਚ ਬਾਰਡਰ ਉੱਪਰ ਕੰਧ ਬਣਾਉਣਾ ਤੇ ਅਨੇਕਾਂ ਮੁਸਲਮਾਨ ਬਹੁਗਿਣਤੀ ਵਾਲੇ ਦੇਸ਼ਾਂ ਉੱਪਰ ਲੱਗੀਆਂ ਯਾਤਰਾ ਪਾਬੰਦੀਆਂ ਨੂੰ ਹਟਾਉਣਾ ਵੀ ਸ਼ਾਮਿਲ ਹੈ। ਬਾਇਡੇਨ ਪ੍ਰਸ਼ਾਸਨ ਇਮੀਗ੍ਰੇਸ਼ਨ ਸੁਧਾਰ ਪ੍ਰਸਤਾਵ ਵੀ ਲੈ ਕੇ ਆ ਰਿਹਾ ਹੈ ਜੋ ਆਉਣ ਵਾਲੇ ਕੁਝ ਦਿਨਾਂ ਦੌਰਾਨ ਕਾਂਗਰਸ ਵਿਚ ਪੇਸ਼ ਕੀਤਾ ਜਾਵੇਗਾ।

# ਸੈਨੇਟ ਵਿਚ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਗੈਰ ਸੰਵਿਧਾਨਕ ਕਰਾਰ ਦੇਣ ਲਈ ਪੇਸ਼ ਮਤਾ ਰੱਦ

## 5 ਰਿਪਬਲੀਕਨ ਮੈਂਬਰਾਂ ਨੇ ਵੀ ਪਾਈਆਂ ਵਿਰੁੱਧ 'ਚ ਵੋਟਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੈਨੇਟ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਗੈਰ ਸੰਵਿਧਾਨਕ ਕਰਾਰ ਦੇਣ ਲਈ ਪੇਸ਼ ਮਤਾ ਰੱਦ ਕਰ ਦਿੱਤਾ। 5 ਰਿਪਬਲੀਕਨ ਮੈਂਬਰਾਂ ਨੇ ਵੀ ਡੈਮੋਕ੍ਰੈਟਸ ਦਾ ਸਾਥ ਦਿੱਤਾ ਤੇ ਇਸ ਤਰਾਂ ਮਹਾਦੋਸ਼ ਕਾਰਵਾਈ ਨੂੰ ਖ਼ਤਮ ਕਰ ਦੇਣ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ। ਸੈਨੇਟਰ ਰੈਂਡ ਪਾਲ ਨੇ ਮਤਾ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਸੈਨੇਟ ਵਿਚ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਚਲਾਉਣਾ ਗੈਰ ਸੰਵਿਧਾਨਕ ਹੈ। ਉਨਾਂ ਨੇ ਦਲੀਲ ਦਿੱਤੀ ਕਿ ਟਰੰਪ ਵਿਰੁੱਧ ਇਕ ਨਾਗਰਿਕ ਵਜੋਂ ਮਹਾਦੋਸ਼ ਨਹੀਂ ਲਾਇਆ ਜਾ ਸਕਦਾ। ਇਹ ਮਤਾ 55-45 ਦੇ ਫ਼ਰਕ ਨਾਲ ਰੱਦ ਹੋ ਗਿਆ। ਸੈਨੇਟ ਵਿਚ ਦੋਨਾਂ ਪਾਰਟੀਆਂ ਦੇ ਬਰਾਬਰ ਮੈਂਬਰ ਹਨ। 45 ਮੈਂਬਰ ਜਿਨਾਂ ਨੇ ਮਤੇ ਦੇ ਹੱਕ ਵਿਚ ਵੋਟ ਪਾਈ, ਵੱਲੋਂ ਮਹਾਦੋਸ਼ ਮਤੇ ਦੇ ਵਿਰੁੱਧ ਵੋਟ ਪਾਏ ਜਾਣ ਦੀ ਸੰਭਾਵਨਾ ਹੈ। ਪ੍ਰਤੀਨਿੱਧ ਸਦਨ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਉੱਪਰ ਹਮਲੇ ਲਈ ਆਪਣੇ ਸਮਰਥਕਾਂ ਨੂੰ ਉਕਸਾਉਣ ਦੇ ਦੋਸ਼ ਵਿਚ 13 ਜਨਵਰੀ ਨੂੰ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਪ੍ਰਸਤਾਵ ਪਾਸ ਕਰ ਦਿੱਤਾ ਸੀ। 4 ਸਾਲ ਦੇ ਕਾਰਜਕਾਲ ਦੌਰਾਨ ਟਰੰਪ ਵਿਰੁੱਧ ਦੂਸਰੀ ਵਾਰ ਮਹਾਂਦੋਸ਼ ਲਾਇਆ ਗਿਆ ਹੈ। ਸੈਨੇਟ ਵਿਚ ਮਹਾਂਦੋਸ਼ ਕਾਰਵਾਈ 8 ਫਰਵਰੀ ਨੂੰ ਸ਼ੁਰੂ ਹੋਵੇਗੀ। ਜਿਨਾਂ ਰਿਪਬਲੀਕਨਾਂ ਨੇ ਸੈਨੇਟ ਵਿਚ ਸੈਨੇਟਰ ਪਾਲ ਦੇ ਮਤੇ ਨੂੰ ਰੱਦ ਕਰਨ ਵਿਰੁੱਧ ਵੋਟ ਪਾਈ ਉਨਾਂ ਵਿਚ ਮਿਟ ਰੋਮਨੀ (ਉਟਾਹ), ਸੁਸਾਨ ਕੋਲਿਨਜ (ਮੈਨੀ), ਲੀਸਾ ਮੁਰਕੋਵਸਕੀ (ਅਲਾਸਕਾ), ਬੇਨ ਸਾਸੇ (ਨੈਬਰਸਕਾ) ਤੇ ਪੈਟ ਟੂਮੀ (ਪੈਨਸੇਲਵਿਨੀਆ) ਸ਼ਾਮਲ ਹਨ। ਇਹ ਸੈਨੇਟਰ ਟਰੰਪ ਦੇ ਸਮਰਥਕ ਹਨ ਪਰ ਉਨਾਂ ਨੇ ਜਨਤਕ ਤੌਰ 'ਤੇ ਐਲਾਨ ਕੀਤਾ ਸੀ ਕਿ ਉਹ ਦੰਗਿਆਂ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਦਾ ਵਿਰੋਧ ਕਰਦੇ ਹਨ।

# ਅਮਰੀਕਾ ਵਿਚ ਕੋਰੋਨਾ ਮਾਮਲੇ ਤੇ ਮੌਤਾਂ ਵਧਣ ਦੀ ਪ੍ਰਗਟਾਈ ਸ਼ੰਕਾ

## ਕੈਲੀਫੋਰਨੀਆ ਵਿਚ ਕੋਰੋਨਾ ਟੀਕਾ ਲਾਉਣ ਤੋਂ ਬਾਅਦ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਕੋਰੋਨਾ ਟੀਕਾਕਰਣ ਸ਼ੁਰੂ ਹੋ ਜਾਣ ਦੇ ਬਾਵਜੂਦ ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਤਾਦਾਦ ਢਾਈ ਕਰੋੜ ਤੋਂ ਵਧ ਗਈ ਹੈ ਜਦ ਕਿ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਪੀੜਤਾਂ ਦੀ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ। ਯੁਨੀਵਰਸਿਟੀ ਆਫ ਵਾਸ਼ਿੰਗਟਨ ਦੇ ਖੋਜੀਆਂ ਅਨੁਸਾਰ ਅਮਰੀਕਾ ਦੀ ਤਕਰੀਬਨ 17% ਆਬਾਦੀ ਜਾਂ 5 ਕਰੋੜ ਤੋਂ ਵਧ ਲੋਕ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਹਨ। ਖੋਜੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਵਿਚ ਅਜੇ ਅੱਧੇ ਕੋਵਿਡ-19 ਮਾਮਲਿਆਂ ਦੀ ਹੀ ਸ਼ਨਾਖਤ ਹੋਈ ਹੈ। ਇਹ ਵੀ ਅਨੁਮਾਨ ਲਾਇਆ ਗਿਆ ਹੈ ਕਿ ਮਈ ਤੋਂ ਪਹਿਲਾਂ ਕੋਰੋਨਾ ਕਾਰਨ 1,68,000 ਹੋਰ ਮੌਤਾਂ ਹੋਣਗੀਆਂ ਜਿਨਾਂ ਨਾਲ ਮੌਤਾਂ ਦੀ ਕੁਲ ਗਿਣਤੀ 5,69,000 ਹੋ ਜਾਵੇਗੀ। ਹੁਣ ਤੱਕ 4,18,373 ਕੋਰੋਨਾ ਪੀੜਤ ਮਰੀਜ਼ਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਸ ਸਮੇਂ ਦੌਰਾਨ ਦੇਸ਼ ਦੇ ਘੱਟੋ ਘੱਟ 40 ਰਾਜਾਂ ਦੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਸਾਂਭ ਸੰਭਾਲ ਲਈ ਲੋੜੀਂਦੇ ਬੈੱਡ ਦੀ ਸਮੱਸਿਆ ਪੈਦਾ ਹੋਵੇਗੀ ਤੇ ਆਈ ਸੀ ਯੂ ਉਪਰ ਬਹੁਤ ਜ਼ਿਆਦਾ ਦਬਾਅ ਹੋਵੇਗਾ। ਇਸੇ ਦੌਰਾਨ ਕੈਲੀਫੋਰਨੀਆ ਵਿਚ ਇਕ ਵਿਅਕਤੀ ਦੀ ਕੋਵਿਡ-19 ਟੀਕਾ ਲਾਉਣ ਦੇ ਕੁਝ ਘੰਟਿਆਂ ਬਾਅਦ ਮੌਤ ਹੋ ਗਈ। ਹਾਲਾਂਕਿ ਮੌਤ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਾ ਪਰ ਟੀਕਾਕਰਣ ਤੋਂ ਬਾਅਦ ਹੋਈ ਮੌਤ ਕਾਰਨ ਹੋਰ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਜ਼ਰੂਰ ਬਣ ਗਿਆ ਹੈ। ਸਿਹਤ ਮਾਹਿਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਉਪਰੰਤ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕੇਗਾ।

ਅਧਿਆਪਕਾਂ ਨੇ ਸਕੂਲਾਂ ਵਿਚ ਆਉਣ ਤੋਂ ਕੀਤੀ ਨਾਂਹ- ਸ਼ਿਕਾਗੋ ਟੀਚਰਜ਼ ਯੂਨੀਅਨ ਨੇ ਕਿਹਾ ਹੈ ਕਿ ਉਸ ਦੇ ਮੈਂਬਰ ਕੋਵਿਡ-19 ਦੇ ਵਧ ਰਹੇ ਮਾਮਲਿਆਂ ਕਾਰਨ ਸਕੂਲਾਂ ਵਿਚ ਪਹੁੰਚਣ ਦੇ ਹੁਕਮਾਂ ਦੀ ਉਲੰਘਣਾ ਕਰਨਗੇ ਤੇ ਉਹ ਸਕੂਲਾਂ ਵਿਚ ਨਹੀਂ ਆਉਣਗੇ। ਜ਼ਿਲਾ ਅਧਿਕਾਰੀ ਜੋ ਚਾਹੁੰਦੇ ਸਨ ਕਿ ਅਧਿਆਪਕ ਸੋਮਵਾਰ ਤੋਂ ਸਕੂਲ ਆਉਣ, ਨੇ ਕਿਹਾ ਹੈ ਕਿ ਟੀਚਰਜ਼ ਯੂਨੀਅਨ ਨਾਲ ਗੱਲਬਾਤ ਚੱਲ ਰਹੀ ਹੈ ਤੇ ਉਨਾਂ ਨੂੰ ਆਸ ਹੈ ਕਿ ਅਧਿਆਪਕ ਸਕੂਲ ਆਉਣ ਲਈ ਸਹਿਮਤ ਹੋ ਜਾਣਗੇ ਹਾਲਾਂਕਿ ਦੋ 2-3 ਦਿਨਾਂ ਦੀ ਦੇਰੀ ਜ਼ਰੂਰ ਹੋ ਸਕਦੀ ਹੈ।

# ਸਿਆਟਲ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਭਾਈ ਅਮਨ ਸਿੰਘ ਨੇ ਕਥਾ ਰਾਹੀਂ ਸਰਬੰਸਦਾਨੀ, ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਗੁਰੂਘਰ ਦੇ ਕਵੀਸ਼ਰੀ ਜਥੇ ਭਾਈ ਹਰਦਿਆਲ ਸਿੰਘ ਤੇ ਭਾਈ ਕਾਰਜ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਸਾਨੀ ਕੁਰਬਾਨੀਆਂ ਦੀਆਂ ਵਾਰਾਂ ਸੁਣਾ ਕੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਗੁਰਸ਼ਰਨ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਅਖ਼ੀਰ ਵਿਚ ਭਾਈ ਅਮਨ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਭਾਰਤ ਵਿਚ ਕਿਸਾਨੀ ਅੰਦੋਲਨ ਦੀ ਸਫ਼ਲਤਾ ਲਈ ਕਾਮਨਾ ਕੀਤੀ।

# ਭਾਰਤੀ ਮੂਲ ਦੇ ਸਲ ਖਾਨ ਦੀ ਖਾਨ ਅਕੈਡਮੀ ਨੂੰ 50 ਲੱਖ ਡਾਲਰ ਦਾਨ ਵਜੋਂ ਮਿਲੇ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਟੈਸਲਾ ਮੁੱਖ ਅਧਿਕਾਰੀ ਐਲਨ ਮਸਕ ਜੋ ਕਿ ਵਿਸ਼ਵ ਦੇ ਸਭ ਤੋਂ ਵਧ ਅਮੀਰ ਲੋਕਾਂ ਵਿਚ ਸ਼ੁਮਾਰ ਹੈ ਨੇ ਭਾਰਤੀ ਮੂਲ ਦੇ ਸਲ ਖਾਨ ਦੀ ਖਾਨ ਅਕੈਡਮੀ ਨੂੰ 50 ਲੱਖ ਡਾਲਰ ਦਾਨ ਵਜੋਂ ਦਿੱਤੇ ਹਨ। ਖਾਨ ਨੇ ਇਕ ਵੀਡੀਓ ਵਿਚ ਕਿਹਾ ਹੈ ਕਿ ਉਹ ਇਸ ਮਦਦ ਲਈ ਐਲਨ ਮਸਕ ਤੇ ਮਸਕ ਫਾਉਂਡੇਸ਼ਨ ਦੇ ਦਿਲੋਂ ਧੰਨਵਾਦੀ ਹਨ। ਉਨਾਂ ਕਿਹਾ ਕਿ ਉਹ ਇਸ ਮਦਦ ਨਾਲ ਵਿਸ਼ਵ ਭਰ ਦੇ ਹੋਰ ਲੱਖਾਂ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਸਾਫ਼ਟਵੇਅਰ ਸੇਵਾਵਾਂ ਦੇਣ ਦੇ ਸਮਰੱਥ ਹੋ ਜਾਵੇਗਾ। ਇੱਥੇ ਵਰਨਣਯੋਗ ਹੈ ਕਿ ਖਾਨ ਦੀ ਅਕੈਡਮੀ ਦੇ 12 ਕਰੋੜ ਰਜਿਸਟਰਡ ਖਪਤਕਾਰ ਤੇ 3 ਕਰੋੜ ਦੇ ਕਰੀਬ ਵਿਦਿਆਰਥੀ ਹਨ ਜੋ ਹਰ ਮਹੀਨੇ ਉਨਾਂ ਦੇ ਪਲੇਟਫ਼ਾਰਮ ਦੀ ਵਰਤੋਂ ਕਰਦੇ ਹਨ।

# ਅਰੁਨ ਸੋਰੀ ਮੋਦੀ ਸਰਕਾਰ ਨੂੰ ਦਿਤੀ ਚਿਤਾਵਨੀ ਕਿਹਾ ਕਿ ਕਿਸਾਨ ਅੰਦੋਲਨ ਵੱਡੇ ਸਿੱਖ ਸੰਕਟ ਵਿੱਚ ਬਦਲ ਸਕਦਾ ਹੈ

**ਨਵੀਂ ਦਿਲੀ /ਏ.ਟੀ.ਨਿਊਜ਼:** ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਰਤ ਸਰਕਾਰ ਵਿਚ ਮੰਤਰੀ ਰਹੇ ਅਰੁਣ ਸੋਰੀ ਨੇ ਖਤਰੇ ਦੀ ਘੰਟੀ ਵਜਾਈ ਹੈ। ਉਨਾਂ ਕਿਹਾ ਕਿ 'ਮੋਦੀ ਸਰਕਾਰ ਦੀ ਅਸੰਵੇਦਨਸ਼ੀਲਤਾ ਕਿਸਾਨ ਅੰਦੋਲਨ ਨੂੰ ਵੱਡੇ ਸਿੱਖ ਸੰਕਟ ਵਿੱਚ ਬਦਲ ਸਕਦੀ ਹੈ।' ਉਹਨਾਂ ਕਿਹਾ ਕਿ ਉਨਾਂ ਨੂੰ ਫਿਕਰ ਹੈ ਸਰਕਾਰ ਦੀ ਮੁਜ਼ਾਹਰਾਕਾਰੀ ਕਿਸਾਨਾਂ ਪ੍ਰਤੀ ਅਸੰਵੇਦਨਸ਼ੀਲਤਾ ਅਤੇ ਸਿੱਖ ਕਿਰਦਾਰ ਅਤੇ ਸਿੱਖ ਰਵਾਇਤਾਂ ਤੋਂ ਅਗਿਆਨਤਾ ਕਿਸਾਨ ਅੰਦੋਲਨ ਨੂੰ ਵਿਆਪਕ ਸਿੱਖ ਸੰਕਟ ਵਿੱਚ ਬਦਲ ਸਕਦੀ ਹੈ। ਉਨਾਂ ਕਿਹਾ ਕਿ ਇਸ ਨਾਲ ਉਹੀ ਮਸਲਾ ਮੁੜ ਤੋਂ ਖੜਾ ਹੋ ਸਕਦਾ ਹੈ, ਜਿਸ ਬਾਰੇ ਦੇਸ਼ ਸੋਚ ਰਿਹਾ ਸੀ ਕਿ ਚਾਲੀ ਸਾਲ ਪਹਿਲਾਂ ਸੁਲਝਾ ਲਿਆ ਗਿਆ ਹੈ।

ਅਰੁਨ ਸੋਰੀ ਨੇ ਕਿਹਾ ਕਿ ਇੱਕ ਸਿੱਖ ਹਮੇਸ਼ਾ ਲੜਾਈ ਲਈ ਤਿਆਰ ਰਹਿੰਦਾ ਹੈ ਅਤੇ ਜਦੋਂ ਉਹ ਲੜਦਾ ਹੈ ਤਾਂ ਖਾਤਮੇ ਤੱਕ ਲੜਦਾ ਹੈ ਅਤੇ ਇਹ ਉਸ ਨੂੰ ਮਾਂ ਦੇ ਦੁੱਧ ਤੋਂ ਸਿਖਦਾ ਹੈ। ਜਦਕਿ ਸਰਕਾਰ ਸੋਚ ਰਹੀ ਹੈ ਕਿ 'ਹਰੇਕ ਨੂੰ ਖਰੀਦਿਆ ਜਾ ਸਕਦਾ ਹੈ ਅਤੇ ਹਰ ਕੋਈ ਸਮਝੌਤੇ ਲਈ ਤਿਆਰ ਹੁੰਦਾ ਹੈ।' ਉਨਾਂ ਕਿਹਾ ਕਿ ਇੱਕ ਸਿੱਖ ਲਈ ਸਵੈ-ਮਾਣ ਤੋਂ ਉੱਪਰ ਕੁਝ ਨਹੀਂ ਅਤੇ ਜੋ ਉਸ ਨੂੰ ਸਹੀ ਲਗਦਾ ਹੈ, ਉਸ ਲਈ ਉਹ ਕਿਸੇ ਵੀ ਹੱਦ ਤੱਕ ਜਾਵੇਗਾ।

# ਅਮਰੀਕਾ ਪਹਿਲੀ ਫਰਵਰੀ ਤੋਂ ਸਾਰੀਆਂ ਸ਼੍ਰੇਣੀਆਂ ਦੇ ਵੀਜ਼ੇ ਦੇਣੇ ਸ਼ੁਰੂ ਕਰੇਗਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਭਾਰਤ ਦੇ ਨਵੀਂ ਦਿੱਲੀ ਸਥਿੱਤੀ ਅਮਰੀਕੀ ਦੂਤਘਰ ਨੇ ਕਿਹਾ ਹੈ ਕਿ ਭਾਰਤ ਵਿਦਿਆਰਥੀ ਸ਼੍ਰੇਣੀ, ਐਚ-1ਬੀ, ਐਚ4,ਐਲ 1, ਐਲ 2, ਬੀ 1 ਤੇ ਬੀ 2 ਸਮੇਤ ਸਾਰੀਆਂ ਸ਼੍ਰੇਣੀਆਂ ਵਿਚ ਵੀਜ਼ੇ ਦੇਣੇ ਪਹਿਲੀ ਫਰਵਰੀ ਤੋਂ ਸ਼ੁਰੂ ਹੋਣਗੇ। ਦੂਤ ਘਰ ਨੇ ਇਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ 1 ਫਰਵਰੀ 2021 ਤੋਂ ਸ਼ੁਰੂ ਹੋ ਰਹੀ ਸਮੁੱਚੀਆਂ ਸ਼੍ਰੇਣੀਆਂ ਦੀ ਵੀਜ਼ਾ ਪ੍ਰਕਿਰਿਆ ਅਜੇ ਆਪਣੀ ਪੂਰੀ ਸਮਰਥਾ ਅਨੁਸਾਰ ਕੰਮ ਨਹੀਂ ਕਰੇਗੀ ਤੇ ਅਜੇ ਥੋਹੜੀ ਗਿਣਤੀ ਵਿਚ ਵੀਜ਼ੇ ਜਾਰੀ ਕੀਤੇ ਜਾਣਗੇ। ਬਿਆਨ ਵਿਚ ਕਿਹਾ ਗਿਆ ਹੈ ਕਿ ਲੋਕਾਂ ਤੇ ਸਟਾਫ ਦੀ ਸਿਹਤ ਦੇ ਮੱਦੇਨਜ਼ਰ ਅਜੇ ਸੀਮਿਤ ਗਿਣਤੀ ਵਿਚ ਵੀਜ਼ੇ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ ਤੇ ਹਾਲਾਤ ਵਿਚ ਸੁਧਾਰ ਨੂੰ ਵੇਖਦਿਆਂ ਇਹ ਗਿਣਤੀ ਵਧਾਈ ਜਾ ਸਕਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਲਾਲ ਕਿਲੇ ਤੇ ਖਾਲਸਈ ਨਿਸ਼ਾਨ ਸਾਹਿਬ ਲਗਾਉਣ ਦਾ ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਵਾਗਤ

## 26 ਜਨਵਰੀ 2021 ਦਾ ਦਿਨ ਪੂਰੀ ਦੁਨੀਆਂ ਨੂੰ ਯਾਦ ਰਹੇਗਾ, ਹਿੰਦੂਤਵੀ ਮੀਡੀਏ ਦਾ ਪ੍ਰਚਾਰ ਪੱਖਪਾਤੀ

**ਲੰਡਨ /ਏ.ਟੀ.ਨਿਊਜ਼:** ਭਾਰਤ ਦੇ ਅਖੌਤੀ ਗਣਤੰਤਰ ਦਿਵਸ ਤੇ ਦਿੱਲੀ ਸਥਿਤ ਲਾਲ ਕਿਲੇ ਤੇ ਖਾਲਸਈ ਨਿਸ਼ਾਨ ਸਾਹਿਬ ਲਹਿਰਾਉਣ ਦਾ ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਹਾਰਦਿਕ ਸਵਾਗਤ ਕਰਦਿਆਂ ਸਮੂਹ ਸਿੱਖ ਨੌਜਵਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ । ਜਿਹਨਾਂ ਨੇ ਖਾਲਸੇ ਦੀ ਅਜਾਦ ਹੋਂਦ ਦੇ ਪ੍ਰਗਟਾਵੇ ਦੇ ਪ੍ਰਤੀਕ ਨਿਸ਼ਾਨ ਸਾਹਿਬ ਲਾਲ ਕਿਲੇ ਦੇ ਲਹਿਰਾਕੇ ਪੂਰੀ ਦੁਨੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਕਰਦੀ । ਜਿਕਰਯੋਗ ਹੈ ਕਿ 37 ਸਾਲ ਪਹਿਲਾਂ ਭਾਰਤੀ ਫੌਜ ਨੇ ਜੂਨ 1984 ਵਕਤ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਭਾਰਤੀ ਫੌਜ ਨੇ ਅੱਤ ਮਾਰੂ ਹਥਿਆਰਾਂ ਦੀ ਵਰਤੋਂ ਕੀਤੀ । ਵੀਹਵੀਂ ਸਦੀ ਦੇ ਮਹਾਨ ਸ਼ਹੀਦ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠ ਭਾਰਤੀ ਫੌਜ ਨਾਲ ਜੂਝਣ ਵਾਲਿਆਂ ਦੀ ਗਿਣਤੀ ਕੇਵਲ ਦੋ ਸੌ ਦੇ ਕਰੀਬ ਸੀ ਜਦਕਿ ਭਾਰਤੀ ਫੌਜ ਦੀ ਗਿਣਤੀ ਇੱਕ ਲੱਖ ਤੋਂ ਜਿਆਦਾ ਸੀ । ਭਾਰਤੀ ਫੌਜ ਵਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ ਕਾਬਜ ਹੋਣ ਮਗਰੋਂ ਉੱਥੇ ਜਿੱਤ ਦਾ ਨਿਸ਼ਾਨ ਤਿਰੰਗਾ ਲਗਾਇਤਾ ਗਿਆ ਸੀ ।ਦੂਜੇ ਪਾਸੇ ਕੁੱਝ ਸਿੱਖ ਨੌਜਵਾਨਾਂ ਨੇ ਹਥਿਆਰਾਂ ਬਗੈਰ ਹੀ ਲਾਲ ਕਿਲੇ ਤੇ ਖਾਲਸਈ ਨਿਸਾਨ ਸਾਹਿਬ ਲਹਿਰਾ ਦਿੱਤੇ ਜੋ ਕਿ ਹਿੰਦੂਤਵੀ ਹਾਕਮਾਂ ਦੇ ਮੂੰਹ ਤੇ ਵੱਡੀ ਚਪੇੜ ਦੀ ਨਿਆਂਈ ਹੈ । ਇਹ ਕਾਰਵਾਈ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਦੀ ਹਿੰਦੂਤਵੀ ਕੇਂਦਰ ਜਾਂ



ਪ੍ਰਾਂਤਕ ਸਰਕਾਰਾਂ ਅਜਿਹੇ ਕੋਝੇ ਹੱਥਕੰਡੇ ਵਰਤ ਕੇ ਕੌਮੀ ਅਜ਼ਾਦੀ ਦੀ ਲਹਿਰ ਨੂੰ ਦਬਾ ਨਹੀਂ ਸਕਦੀ । ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਖਾਲਸਈ ਨਿਸ਼ਾਨ ਸਾਹਿਬ ਲਹਿਰਾਉਣ ਵਾਲੇ ਸਿੱਖ ਨੌਜਵਾਨਾਂ ਨੂੰ ਕੌਮ ਦੇ ਹੀਰੇ ਆਖਦਿਆਂ ਉਹਨਾਂ ਦੀ ਪ੍ਰਸੰਸਾ ਕੀਤੀ ਗਈ ਹੈ । ਅੰਤਰਰਾਸ਼ਟਰੀ ਪੱਧਰ ਤੇ ਪ੍ਰਚੰਡ ਹੋ ਕੇ ਚੁੱਕੇ ਕਿਆਸਨ ਅੰਦੋਲਨ ਨੂੰ ਹਿੰਦੂਤਵੀ ਮੀਡੀਆ ਜਾਣਬੁੱਝ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ । ਕੇਂਦਰ ਸਰਕਾਰ ਜੋ ਕਿ ਹਿੰਦੂ,ਹਿੰਦੀ,ਹਿੰਦੋਸਤਾਨ ਦਾ ਸੁਪਨਾ ਲੈ ਕੇ ਅਤੇ ਹਿੰਦੂਤਵੀਆਂ ਨੂੰ ਇਹ ਸੁਪਨਾ ਦਿਖਾ ਕੇ ਹੋਂਦ ਵਿੱਚ ਆਈ ਸੀ ਉਸ ਖਿਲਾਫ ਪੈਦਾ ਹੋਇਆ ਰੋਸ ਅਤੇ ਰੋਹ ਉਸ ਨੂੰ ਆਪਣਾ ਇਹ ਸੁਪਨਾ ਚਕਨਾਚੂਰ ਕਰਦਾ ਨਜਰ ਆ ਰਿਹਾ ਹੈ । । ਭਾਰਤ ਦੀਆਂ ਵਸਨੀਕ ਘੱਟ ਗਿਣਤੀ ਕੌਮਾਂ ਦਾ ਸਥਾਈ ਹੱਲ ਕੇਵਲ ਸੰਪੂਰਨ ਖੁਦਮੁਖਤਿਆਰੀ ਹੈ । ਸਿੱਖ ਕੌਮ ਇਸੇ ਹੀ ਧਾਰਨਾ ਤਹਿਤ ਅਜਾਦ ਸਿੱਖ ਰਾਜ ਖਾਲਿਸਤਾਨ ਲਈ ਸੰਘਰਸ਼ਸ਼ੀਲ ਹੈ । ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕਰਨਾ ਅਤੇ ਕਿਸਾਨਾਂ ਦੀਆਂ ਜਮੀਨਾਂ ਹਥਿਆਉਣ ਲਈ ਪਾਸ ਕੀਤੇ ਗਏ ਕਨੂੰਨਾਂ ਖਿਲਾਫ ਪ੍ਰਚੰਡ ਹੋ ਚੁੱਕੇ ਸੰਘਰਸ਼ ਨੂੰ ਦਬਾਉਣ ਲਈ ਭਾਰਤ ਦੀ ਹਿੰਦੂਤਵੀ ਸੋਚ ਦੀਆਂ ਧਾਰਨੀ ਸਰਕਾਰਾਂ ਅਤੇ ਇਹਨਾਂ ਦੇ ਕਰਿੰਦਿਆਂ ਵਲੋਂ ਅਜਿਹੀਆਂ ਚਾਲਾਂ ਦੀ ਤੋਂ ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਜਰੂਰਤ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਿੱਖ ਕੌਮ ਨੂੰ ਪੂਰੀ ਤਰਾਂ ਸੁਚੇਤ ਰਹਿ ਕੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਅਤੇ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਹੋਏ ਸੰਘਰਸ਼ ਵਿੱਚ ਪੂਰੀ ਦ੍ਰਿੜਤਾ ।ਲਗਨ ਅਤੇ ਨਿਸ਼ਕਾਮਨਾ ਤਹਿਤ ਨਾਲ ਸਾਰਥਕ ਅਤੇ ਉਸਾਰੂ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ ਹੈ ।

# ਨਿਊਯਾਰਕ ਵਿਚ ਹੈਲੀਕਾਪਟਰ ਹਾਦਸਾਗ੍ਰਸਤ, ੩ ਨੈਸ਼ਨਲ ਗਾਰਡ ਸੈਨਿਕਾਂ ਦੀ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਨਿਊਯਾਰਕ ਵਿਚ ਇਕ ਹੈਲੀਕਾਪਟਰ ਹਾਦਸਾਗ੍ਰਸਤ ਹੋਣ ਨਾਲ 3 ਨੈਸ਼ਨਲ ਗਾਰਡ ਸੈਨਿਕਾਂ ਦੀ ਮੌਤ ਹੋ ਗਈ। ਨਿਊਯਾਰਕ ਸਟੇਟ ਡਵੀਜਨ ਮਿਲਟਰੀ ਐਂਡ ਨਵਲ ਅਫੇਅਰਜ ਅਨੁਸਾਰ ਇਹ ਹਾਦਸਾ ਰੋਚੈਸਟਰ ਦੇ ਦੱਖਣ ਵਿਚ 17 ਕਿਲੋਮੀਟਰ ਦੂਰ ਵਾਪਰਿਆ। ਮੋਨਰੋ ਕਾਊਂਟੀ ਦੇ ਸ਼ੈਰਿਫ ਟੌਡ ਕੇ ਬਾਕਸਟਰ ਨੇ ਕਿਹਾ ਹੈ ਕਿ ਇਹ ਹਾਦਸਾ ਲੰਘੇ ਦਿਨ ਸ਼ਾਮ 6.30 ਵਜੇ ਦੇ ਕਰੀਬ ਵਾਪਰਿਆ। ਹਾਦਸਾ ਗ੍ਰਸਤ ਹੋਣ ਤੋਂ ਪਹਿਲਾਂ ਹੈਲੀਕਾਪਟਰ ਦੇ ਇੰਜਨ ਵਿਚੋਂ ਆਵਾਜ਼ ਆਈ ਤੇ ਉਹ ਜ਼ਮੀਨ ਉੱਪਰ ਡਿਗ ਗਿਆ। ਡਿਗਦਿਆਂ ਸਾਰ ਹੀ ਉਸ ਨੂੰ ਅੱਗ ਲੱਗ ਗਈ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਬਾਕਸਟਰ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਅਸੀਂ ਤਿੰਨ ਬਹਾਦਰ ਜਵਾਨਾਂ ਨੂੰ ਗਵਾ ਲਿਆ ਹੈ ਜਿਸ ਦਾ ਸਾਨੂੰ ਬੇਹੱਦ ਅਫ਼ਸੋਸ ਹੈ। ਨਿਊਯਾਰਕ ਦੇ ਗਵਰਨਰ ਐਂਡਰੀਊ ਕੂਮੋ ਨੇ ਵੀ ਇਸ ਭਿਆਨਕ ਹਾਦਸੇ ਵਿਚ ਮਾਰੇ ਗਏ ਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

# ਭਾਰਤੀ ਮੂਲ ਦਾ ਅਮਰੀਕੀ ਰਾਜ ਪਾਰਖ ਯੂ ਐਸ ਅਟਾਰਨੀ ਬਣਿਆ



**ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਜ ਪਾਰਖ ਭਾਰਤੀ ਮੂਲ ਦਾ ਪਹਿਲਾ ਘੱਟ ਗਿਣਤੀ ਨਾਲ ਸਬੰਧਤ ਅਮਰੀਕੀ ਹੈ ਜਿਸ ਨੂੰ ਵਿਰਜੀਨੀਆ ਦੇ ਪੂਰਬੀ ਜਿਲੇ ਵਿਚ ਕਾਰਜਕਾਰੀ ਯੂ ਐਸ ਅਟਾਰਨੀ ਨਿਯੁਕਤ ਕੀਤਾ ਗਿਆ ਹੈ। ਪਾਰਖ ਜੋ ਅਸਿਸਟੈਂਟ ਯੂ ਐਸ ਅਟਾਰਨੀ ਵਜੋਂ ਕੰਮ ਕਰ ਰਹੇ ਸਨ, ਹੁਣ ਉਨਾਂ ਨੂੰ ਯੂ ਐਸ ਅਟਾਰਨੀ ਨਿਯੁੱਕਤ ਕੀਤਾ ਗਿਆ ਹੈ। ਉਹ ਅੰਦਾਜਨ 300 ਸਟਾਫ ਮੈਂਬਰਾਂ ਦੀ ਅਗਵਾਈ ਕਰੇਗਾ। ਉਹ ਸਾਰੇ ਸੰਘੀ ਅਪਰਾਧਾਂ ਤੇ ਸਿਵਲ ਮੁਕੱਦਮਿਆਂ ਦੀ ਦੇਖ ਰੇਖ ਕਰੇਗਾ। ਉਨਾਂ ਨੂੰ ਕੌਮੀ ਸੁਰੱਖਿਆ, ਕੌਮਾਂਤਰੀ ਅਪਰਾਧ, ਹਿੰਸਕ ਅਪਰਾਧ, ਸਾਈਬਰ ਅਪਰਾਧ ਆਦਿ ਮਾਮਲਿਆਂ ਸਬੰਧੀ ਲੰਬਾ ਤਰਜਬਾ ਹੈ।

# ਅੰਬਾਨੀ ਦੀ ਇਕ ਸਕਿੰਟ ਦੀ ਕਮਾਈ ਮਜ਼ਦੂਰ ਦੀ 3 ਸਾਲ ਦੀ ਕਮਾਈ ਦੇ ਬਰਾਬਰ: ਆਕਸਫੈਮ

ਨਵੀਂ ਦਿੱਲੀ : ਗ਼ਰੀਬੀ ਖ਼ਤਮ ਕਰਨ ਲਈ ਕੰਮ ਕਰਨ ਵਾਲੀ ਸੰਸਥਾ ਆਕਸਫੈਮ ਨੇ ਕਿਹਾ ਕਿ ਕੋਰੋਨਾ ਵਾਇਰਸ ਲਾਗ ਦੀ ਬੀਮਾਰੀ ਦੇ ਚੱਲਦਿਆਂ ਲਗਾਈ ਗਈ ਤਾਲਾਬੰਦੀ ਦੌਰਾਨ ਭਾਰਤੀ ਅਰਬਪਤੀਆਂ ਦੀ ਦੌਲਤ 35 ਫ਼ੀਸਦੀ ਵਧ ਗਈ, ਜਦੋਂਕਿ ਇਸ ਦੌਰਾਨ ਕਰੋੜਾਂ ਲੋਕਾਂ ਲਈ ਰੋਜ਼ੀ ਰੋਟੀ ਦਾ ਸੰਕਟ ਪੈਦਾ ਹੋ ਗਿਆ। ਆਕਸਫੈਮ ਦੀ ਰਿਪੋਰਟ 'ਇਨਇਕਵਾਲਿਟੀ ਵਾਇਰਸ' 'ਚ ਕਿਹਾ ਗਿਆ ਕਿ ਮਾਰਚ 2020 ਤੋਂ ਬਾਅਦ ਦੀ ਮਿਆਦ 'ਚ ਭਾਰਤ 'ਚ 100 ਅਰਬਪਤੀਆਂ ਦੀ ਸੰਪਤੀ 'ਚ 12,97,822 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇੰਨੀ ਰਾਸ਼ੀ ਨੂੰ ਜੇਕਰ ਦੇਸ਼ ਦੇ 13.8 ਕਰੋੜ ਸਭ ਤੋਂ ਗ਼ਰੀਬ ਲੋਕਾਂ ਨੂੰ ਵੰਡ ਦਿੱਤਾ ਜਾਵੇ ਤਾਂ ਇਸ 'ਚ ਹਰੇਕ ਨੂੰ 94,045 ਦਿੱਤੇ ਜਾ ਸਕਦੇ ਹਨ। ਰਿਪੋਰਟ 'ਚ ਆਮਦਨ ਦੀ ਅਸਮਾਨਤਾ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ ਮਹਾਮਾਰੀ ਦੌਰਾਨ ਮੁਕੇਸ਼ ਅੰਬਾਨੀ ਨੂੰ ਇਕ ਘੰਟੇ 'ਚ ਜਿੰਨੀ ਆਮਦਨੀ ਹੋਈ, ਓਨੀ ਕਮਾਈ ਕਰਨ 'ਚ ਇਕ ਗ਼ੈਰ-ਹੁਨਰਮੰਦ ਮਜ਼ਦੂਰ ਨੂੰ 10 ਹਜ਼ਾਰ ਸਾਲ ਲੱਗ ਜਾਣਗੇ ਜਾਂ ਜਿੰਨੀ ਕਮਾਈ ਮੁਕੇਸ਼ ਅੰਬਾਨੀ ਨੇ ਇਕ ਸਕਿੰਟ 'ਚ ਕੀਤੀ, ਉਸ ਨੂੰ ਪਾਉਣ ਲਈ ਇਕ ਗ਼ੈਰ-ਹੁਨਰਮੰਦ ਮਜ਼ਦੂਰ ਨੂੰ 3 ਸਾਲ ਲੱਗਣਗੇ। ਰਿਪੋਰਟ ਨੂੰ ਵਿਸ਼ਵ ਆਰਥਿਕ ਮੰਚ ਦੇ 'ਦਾਵੋਸ ਸੰਵਾਦ' ਦੇ ਪਹਿਲੇ ਦਿਨ ਜਾਰੀ ਕੀਤਾ ਗਿਆ। ਰਿਪੋਰਟ ਮੁਤਾਬਕ ਕੋਰੋਨਾ ਵਾਇਰਸ ਲਾਗ ਦੀ ਬੀਮਾਰੀ ਪਿਛਲੇ 100 ਸਾਲਾਂ ਦਾ ਸਭ ਤੋਂ ਵੱਡਾ ਸਿਹਤ ਸੰਕਟ ਹੈ ਅਤੇ ਇਸ ਦੇ ਚੱਲਦਿਆਂ 1930 ਦੀ ਮਹਾਂ ਮੰਦੀ ਦੇ ਬਾਅਦ ਸਭ ਤੋਂ ਵੱਡਾ ਆਰਥਿਕ ਸੰਕਟ ਪੈਦਾ ਹੋਇਆ।

ਆਕਸਫੈਮ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤਾਭ ਬੇਹਰ ਨੇ ਕਿਹਾ ਕਿ ਇਸ ਰਿਪੋਰਟ ਤੋਂ ਸਾਫ਼ ਪਤਾ ਲੱਗਦਾ ਹੈ ਕਿ ਅਨਿਆਂ ਪੂਰਨ ਆਰਥਿਕ ਵਿਵਸਥਾ ਨਾਲ ਕਿਵੇਂ ਸਭ ਤੋਂ ਵੱਡੇ ਆਰਥਿਕ ਸੰਕਟ ਦੌਰਾਨ ਸਭ ਤੋਂ ਅਮੀਰ ਲੋਕਾਂ ਨੇ ਬਹੁਤ ਜ਼ਿਆਦਾ ਸੰਪਤੀ ਕਮਾਈ, ਜਦੋਂਕਿ ਕਰੋੜਾਂ ਲੋਕ ਬਹੁਤ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਹਨ। ਬੇਹਰ ਨੇ ਕਿਹਾ ਕਿ ਸ਼ੁਰੂਆਤ ਵਿਚ ਸੋਚ ਸੀ ਕਿ ਮਹਾਮਾਰੀ ਸਾਰਿਆਂ ਨੂੰ ਸਮਾਨ ਰੂਪ ਨਾਲ ਪ੍ਰਭਾਵਿਤ ਕਰੇਗੀ ਪਰ ਤਾਲਾਬੰਦੀ ਹੋਣ 'ਤੇ ਸਮਾਜ ਵਿਚ ਅਸਮਾਨਤਾਵਾਂ ਖੁੱਲ੍ਹ ਕੇ ਸਾਹਮਣੇ ਆਈਆਂ। ਰਿਪੋਰਟ ਲਈ ਆਕਸਫੈਮ ਵੱਲੋਂ ਕੀਤੇ ਗਏ ਸਰਵੇਖਣ ਵਿਚ 79 ਦੇਸ਼ਾਂ ਦੇ 295 ਅਰਥਸ਼ਾਸਤਰੀਆਂ ਨੇ ਆਪਣੀ ਰਾਏ ਦਿੱਤੀ, ਜਿਸ ਵਿਚ ਜੇਫਰੀ ਡੇਵਿਡ, ਜਯਤੀ ਘੋਸ਼ ਅਤੇ ਗੇਬ੍ਰਿਅਲ ਜੁਕਮੈਨ ਸਮੇਤ 87 ਫ਼ੀਸਦੀ ਉਤਰਦਾਤਾਵਾਂ ਨੇ ਮਹਾਮਾਰੀ ਦੇ ਚੱਲਦੇ ਆਪਣੇ ਦੇਸ਼ ਵਿਚ ਆਮਦਨੀ ਅਸਮਾਨਤਾ ਵਿਚ ਵੱਡੇ ਜਾਂ ਬਹੁਤ ਵੱਡੇ ਵਾਧੇ ਦਾ ਅੰਦਾਜ਼ਾ ਜਤਾਇਆ। ਰਿਪੋਰਟ ਮੁਤਾਬਕ ਮੁਕੇਸ਼ ਅੰਬਾਨੀ, ਗੌਤਮ ਅਡਾਨੀ, ਸ਼ਿਵ ਨਾਦਰ, ਸਾਯਰਸ ਪੂਨਾਵਾਲਾ, ਉਦੈ ਕੋਟਕ, ਅਜੀਮ ਪ੍ਰੇਮਜੀ, ਸੁਨੀਲ ਮਿੱਤਲ, ਰਾਧਾਕ੍ਰਿਸ਼ਨ ਦਮਾਨੀ, ਕੁਮਾਰ ਮੰਗਲਮ ਬਿਰਲਾ ਅਤੇ ਲਕਸ਼ਮੀ ਮਿੱਤਰ ਵਰਗੇ ਅਰਬਪਤੀਆਂ ਦੀ ਸੰਪਤੀ ਮਾਰਚ 2020 ਦੇ ਬਾਅਦ ਮਹਾਮਾਰੀ ਅਤੇ ਤਾਲਾਬੰਦੀ ਦੌਰਾਨ ਤੇਜ਼ੀ ਨਾਲ ਵਧੀ। ਦੂਜੇ ਪਾਸੇ ਅਪ੍ਰੈਲ 2020 ਵਿਚ ਪ੍ਰਤੀ ਘੰਟੇ 1.7 ਲੱਖ ਲੋਕ ਬੇਰੁਜ਼ਗਾਰ ਹੋ ਰਹੇ ਸਨ। ਆਸਕਫੈਮ ਨੇ ਕਿਹਾ ਕਿ ਮਹਾਮਾਰੀ ਅਤੇ ਤਾਲਾਬੰਦੀ ਦਾ ਮਜ਼ਦੂਰਾਂ ਦੇ ਸਭ ਤੋਂ ਜ਼ਿਆਦਾ ਅਸਰ ਹੋਇਆ। ਇਸ ਦੌਰਾਨ ਕਰੀਬ 12.2 ਕਰੋੜ ਲੋਕਾਂ ਦੀਆਂ ਨੌਕਰੀਆਂ ਖ਼ਤਮ ਹੋ ਗਈਆਂ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਜਥੇਦਾਰ ਤਰਲੋਕ ਸਿੰਘ ਡੱਲਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ ਸ਼ਿਕਾਗੋ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਮੈਂਬਰ ਜਥੇਦਾਰ ਸ. ਤਰਲੋਕ ਸਿੰਘ ਡੱਲਾ ਪਿਛਲੇ ਦਿਨੀਂ ਅਚਾਨਕ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਜਿਥੇ ਉਨਾਂ ਦੇ ਸਦੀਵੀ ਵਿਛੋੜੇ ਦਾ ਪਰਿਵਾਰ ਨੂੰ ਦੁੱਖ ਹੈ ਉਥੇ ਹੀ ਸਮੁੱਚੀ ਪਾਰਟੀ ਤੇ ਉਨਾਂ ਦੇ ਨਜਦੀਕੀ ਸੱਜਣਾਂ ਮਿੱਤਰਾਂ ਨੂੰ ਵੀ ਬਹੁਤ ਦੁੱਖ ਹੈ। ਜਥੇਦਾਰ ਤਰਲੋਕ ਸਿੰਘ ਪਾਰਟੀ ਦੇ ਨਿੱਧੜਕ ਸਿਪਾਹੀ ਸਨ ਤੇ ਉਹ ਜਗਰਾਓਂ ਜਿਲੇ ਦੇ ਦਿਹਾਤੀ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਹਮੇਸ਼ਾ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਨਾਲ ਮੋਢੇ ਨਾਲ ਮੋਢਾ ਜੋੜ



ਕੇ ਚੱਲਦੇ ਸਨ। ਸ਼ੁਰੂ ਤੋਂ ਹੀ ਉਹ ਪਾਰਟੀ ਨਾਲ ਚਲੇ ਆ ਰਹੇ ਸਨ। ਉਹ ਖਾਲਿਸਤਾਨ ਦੀ ਅਜ਼ਾਦੀ ਲਈ ਚਲ ਰਹੇ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਚਲੇ ਆ ਰਹੇ ਸਨ। ਪਾਰਟੀ ਨੂੰ ਹਮੇਸ਼ਾ ਹੀ ਇਹੋ ਜਿਹੇ ਯੋਧਿਆਂ ਦੀ ਘਾਟ ਰੜਕਦੀ ਰਹੇਗੀ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਸ. ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਤਰਸੇਮ ਸਿੰਘ, ਲਖਵੀਰ ਸਿੰਘ ਕੰਗ, ਜੋਗਾ ਸਿੰਘ, ਰੇਸਮ ਸਿੰਘ ਵਰਜੀਨੀਆ, ਦਲਵਿੰਦਰ ਸਿੰਘ ਤੇ ਬਲਜਿੰਦਰ ਸਿੰਘ ਮੋਰਜੰਡ ਤੇ ਸਮੁੱਚੀ ਜਥੇਬੰਦੀ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ। ਪ੍ਰਮਾਤਮਾ ਅਗੇ ਅਰਦਾਸ ਕਰਦੀ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦ ਬੱਲ ਬਖਸਣ।



# ਹੁਣ ਭਾਰਤ-ਚੀਨ ਦੇ ਫੌਜੀਆਂ ਵਿਚਕਾਰ ਝੜਪ, ਕਈ ਚੀਨੀ ਜਵਾਨ ਜਖਮੀ

## ✪ ਸਿੱਕਮ ਨਾਲ ਲਗਦੇ ਨਾਕੁਲਾ ਬਾਰਡਰ 'ਤੇ ਹੋਇਆ ਤਕਰਾਰ ✪ ਚੀਨ ਵਲੋ ਭਾਰਤ ਖਿਲਾਫ ਜਲ ਯੁੱਧ ਛੇੜਨ ਦੀ ਤਿਆਰੀ

**ਦਿੱਲੀ/ਏ.ਟੀ.ਨਿਊਜ਼:** ਭਾਰਤ ਤੇ ਚੀਨੀ ਫੌਜੀਆਂ ਵਿਚਕਾਰ ਸਿੱਕਮ ਨਾਲ ਲਗਦੇ ਨਾਕੁਲਾ ਬਾਰਡਰ 'ਤੇ ਝੜਪ ਦੀ ਸੂਚਨਾ ਹੈ। ਮੀਡੀਆ ਰਿਪੋਰਟਸ ਮੁਤਾਬਿਕ, ਤਿੰਨ ਦਿਨ ਪਹਿਲਾਂ ਹੋਈ ਇਸ ਝੜਪ ਵਿਚ ਚੀਨ ਦੇ 15 ਤੋਂ 20 ਫੌਜੀ ਜਖਮੀ ਹੋਏ ਹਨ। ਇਹ ਜਗਾ 19000 ਫੁੱਟ ਦੀ ਉਚਾਈ 'ਤੇ ਹੈ। ਭਾਰਤ ਤੇ ਚੀਨੀ ਫੌਜੀਆਂ ਵਿਚਕਾਰ ਝੜਪ ਦੀ ਇਹ ਸੂਚਨਾ ਉਦੋਂ ਆਈ ਹੈ ਜਦੋਂ ਦੋਵਾਂ ਦੇਸ਼ਾਂ ਵਿਚਕਾਰ ਕਮਾਂਡਰ ਪੱਧਰ ਦੀ ਨੌਂਵੇਂ ਦੌਰ ਦੀ ਗੱਲਬਾਤ ਹੋਈ ਹੈ। ਕਰੀਬ ਢਾਈ ਮਹੀਨਿਆਂ ਬਾਅਦ ਭਾਰਤ ਤੇ ਚੀਨ ਦੀਆਂ ਫ਼ੌਜਾਂ ਨੇ ਬੀਤੇ ਐਤਵਾਰ ਨੂੰ ਕੋਰ ਕਮਾਂਡਰ ਪੱਧਰ ਦੀ 9ਵੇਂ ਦੌਰ ਦੀ ਗੱਲਬਾਤ ਹੋਈ। ਇਸ ਦਾ ਉਦੇਸ਼ ਪੂਰਬੀ ਲੱਦਾਖ 'ਚ ਟਕਰਾਅ ਵਾਲੇ ਸਾਰੇ ਸਥਾਨਾਂ ਤੋਂ ਫ਼ੌਜੀਆਂ ਨੂੰ ਹਟਾਉਣ ਦੀ ਪ੍ਰਕਿਰਿਆ 'ਤੇ ਅੱਗੇ ਵਧਾਉਣਾ ਸੀ। ਇਸ ਦੌਰਾਨ ਭਾਰਤ ਨੇ ਇਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਕਿ ਖੇਤਰ 'ਚ ਤਣਾਅ ਘੱਟ ਕਰਨ ਦੀ ਪੂਰੀ ਜ਼ਿੰਮੇਵਾਰੀ ਚੀਨ 'ਤੇ ਹੀ ਹੈ। ਗੱਲਬਾਤ 'ਚ ਭਾਰਤੀ ਪ੍ਰਤੀਨਿਧੀ ਮੰਡਲ ਦੀ ਲੀਡਰਸ਼ਿਪ ਲੇਹ ਸਥਿਤ 14ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਪੀਜੀਕੇ ਮੇਨਨ ਕਰ ਰਹੇ ਹਨ।

**ਚੀਨ ਬ੍ਰਹਮਪੁੱਤਰ ਨਦੀ 'ਤੇ ਬਣਾਏਗਾ ਮੈਗਾ ਡੈਮ**

ਚੀਨ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਹੈ। ਸਰਹੱਦੀ ਵਿਵਾਦ ਦੇ ਵਿਚਕਾਰ ਹੁਣ ਉਸ ਦੀ ਕੋਸ਼ਿਸ਼ ਜਲ ਯੁੱਧ ਛੇੜਨ ਦੀ ਹੈ। ਚੀਨ ਤਿੱਬਤ ਤੋਂ ਭਾਰਤ ਵੱਲ ਵਗਣ ਵਾਲੀਆਂ ਨਦੀਆਂ ਉੱਤੇ ਕਈ ਵੱਡੇ ਡੈਮ ਬਣਾਉਣ ਦੀ ਤਿਆਰੀ ਕਰ ਰਿਹਾ ਹੈ।



ਉਹ ਇਨਾਂ ਰੁਕਾਵਟਾਂ ਨੂੰ ਭਾਰਤ ਖਿਲਾਫ ਹਥਿਆਰ ਵਜੋਂ ਵਰਤੇਗਾ। ਗਰਮੀਆਂ ਦੇ ਮੌਸਮ ਵਿਚ, ਇਹ ਪਾਣੀ ਨੂੰ ਰੋਕਣ ਅਤੇ ਭਾਰਤ ਦੇ ਨੀਵੇਂ ਇਲਾਕਿਆਂ ਵਿਚ ਸੋਕਾ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ। ਇਸੇ ਤਰਾਂ, ਬਰਸਾਤ ਵਿੱਚ, ਚੀਨ ਪਾਣੀ ਛੱਡ ਸਕਦਾ ਹੈ ਅਤੇ ਭਾਰਤੀ ਖੇਤਰਾਂ ਵਿੱਚ ਹੜ ਲਿਆ ਸਕਦਾ ਹੈ।

ਚੀਨ ਫਿਲਹਾਲ ਯਾਰਲੰਗ ਜਾਂਗਬੋ ਨਦੀ 'ਤੇ ਇੱਕ ਮੈਗਾ ਡੈਮ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਸ ਡੈਮ ਬਾਰੇ ਜ਼ਿਆਦਾ ਜਾਣਕਾਰੀ ਸਾਹਮਣੇ ਨਹੀਂ ਆਈ ਹੈ, ਪਰ ਦੱਸਿਆ ਜਾ ਰਿਹਾ ਹੈ ਕਿ ਇਹ ਚੀਨ ਵਿਚ ਬਣੇ ਵਿਸ਼ਵ ਦੇ ਸਭ ਤੋਂ ਵੱਡੇ ਡੈਮ ਥ੍ਰੀ ਗੋਰਗੇਜ ਨਾਲੋਂ ਤਿੰਨ ਗੁਣਾ ਵਧੇਰੇ ਪਣ ਬਿਜਲੀ ਪੈਦਾ ਕਰੇਗਾ।

ਮਾਹਰ ਮੰਨਦੇ ਹਨ ਕਿ ਚੀਨ ਦਾ ਇਹ ਵਿਸ਼ਾਲ ਆਕਾਰ ਦਾ ਡੈਮ ਭਾਰਤ ਅਤੇ ਬੰਗਲਾਦੇਸ਼ ਦੇ ਉੱਤਰ-ਪੂਰਬੀ ਰਾਜਾਂ ਵਿੱਚ ਸੋਕੇ ਵਰਗੀ ਸਥਿਤੀ ਦਾ ਕਾਰਨ ਬਣ ਸਕਦਾ ਹੈ। ਦੱਸ ਦੇਈਏ ਕਿ ਜੰਗਬੋ ਨਦੀ ਬ੍ਰਹਮਪੁੱਤਰ ਨਦੀ ਭਾਰਤ ਵਿਚ ਦਾਖਲ ਹੋ ਜਾਂਦੀ ਹੈ।

**ਮੇਕੋਂਗ 'ਤੇ ਵੀ ਬਣਾਇਆ ਗਿਆ ਡੈਮ**

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਨੇ ਯਾਰਲੰਗ ਜਾਂਗਬੋ ਨਦੀ 'ਤੇ ਡੈਮ ਬਣਾਉਣ ਬਾਰੇ ਭਾਰਤ ਅਤੇ ਬੰਗਲਾਦੇਸ਼ ਨਾਲ ਗੱਲਬਾਤ ਵੀ ਨਹੀਂ ਕੀਤੀ ਹੈ। ਉਹ ਪਾਣੀ ਦੀ ਵੰਡ ਦੇ ਖਰਚੇ ਨੂੰ ਖੁੱਲੇਆਮ ਨਜਰਅੰਦਾਜ ਕਰ ਰਿਹਾ ਹੈ। ਇਸ ਨਦੀ ਦੇ ਤਲ 'ਤੇ ਆਉਣ ਵਾਲੇ ਗੁਆਂਢੀਆਂ ਨਾਲ ਸਲਾਹ-ਮਸ਼ਵਰੇ ਦੀ ਘਾਟ ਦੱਖਣ-ਪੂਰਬੀ ਏਸ਼ੀਆ ਵਿਚ ਵਿਵਾਦ ਪੈਦਾ ਕਰ ਸਕਦੀ ਹੈ।

ਰਿਪੋਰਟ ਦੇ ਅਨੁਸਾਰ, ਚੀਨ ਨੇ ਬ੍ਰਹਮਪੁੱਤਰ ਵਰਗੇ ਕਈ ਦੇਸਾਂ ਤੋਂ ਵਹਿ ਰਹੀ ਮੇਕੋਂਗ ਨਦੀ ਉੱਤੇ 11 ਮੈਗਾ ਡੈਮ ਵੀ ਬਣਾਏ ਹਨ। ਚੀਨ ਨੇ ਮਿਆਂਮਾਰ, ਲਾਓਸ, ਥਾਈਲੈਂਡ, ਕੰਬੋਡੀਆ ਅਤੇ ਵੀਅਤਨਾਮ ਵਿਚ ਇਸ ਬਾਰੇ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ ਸੀ।

# ਲਾਲ ਕਿਲੇ ਤੇ ਕੇਸਰੀ ਨਿਸਾਨ ਸਾਹਿਬ ਝੁਲਾਉਣਾ ਕਾਨੂੰਨ ਦੀ ਉਲਘਣਾ ਨਹੀਂ-ਜਥੇਦਾਰ ਹਵਾਰਾ ਕਮੇਟੀ

**ਪ੍ਰੋਫੈਸਰ ਬਲਜਿੰਦਰ ਸਿੰਘ**

**9888001888**

ਲਾਲ ਕਿਲੇ ਤੇ ਗਣਤੰਤਰ ਦਿਵਸ ਮੌਕੇ ਕੁਝ ਨੌਜਵਾਨਾਂ ਵੱਲੋਂ ਕੇਸਰੀ ਨਿਸਾਨ ਸਾਹਿਬ ਝੁਲਾਏਜਾਣ ਦੀ ਘਟਨਾ ਨੂੰ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਕਾਨੂੰਨ ਦੀ ਉਲਘਣਾ ਨਾਂ ਦੱਸਕੇ ਇਸਨੂੰ ਕਿਸਾਨਾਂ ਦੀ ਮੰਗਾਂ ਨਾਂ ਮੰਨੇ ਜਾਨ ਕਾਰਣ ਸਰਕਾਰ ਪ੍ਰਤੀ ਰੋਸ ਦਸਿਆ ਹੈ।ਹੁਣ ਤੱਕ 160 ਦੇ ਕਰੀਬ ਕਿਸਾਨ ਆਪਣੀਆਂ ਜਾਨਾਂ ਸੰਘਰਸ ਦੇ ਲੇਖੇ ਲੱਗਾਉਣ ਦੇ ਬਾਵਜੂਦ ਸਰਕਾਰ ਨਾਲ ਹੋਈਆ ਗਿਆਰਾਂ ਬੈਠਕਾਂ ਬੇਸਿੱਟਾ ਰਹੀਆਂ ਹਨ ਜਿਸ ਕਾਰਣ ਨੌਜਵਾਨਾਂ ਨੇ ਸਰਕਾਰ ਦਾ ਧਿਆਨ ਖਿੱਚਣ ਲਈ ਇਹ ਕਦਮ ਪੁੱਟਿਆ ਹੈ। ਇਹ ਵਿਚਾਰ ਕਮੇਟੀ ਆਗੂ ਬਾਪੂ ਗੁਰਚਰਨ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਦਿਲਸੇਰ ਸਿੰਘ ਜੰਡਿਆਲਾ, ਮਹਾਬੀਰ ਸਿੰਘ ਸੁਲਤਾਨਵਿੰਡ ਨੇ ਦਿੱਤੇ। ਉਨ੍ਹਾ ਕਿਹਾ ਕਿ ਗੋਦੀ ਮੀਡੀਆ ਨੂੰ ਭੁੱਲ ਗਿਆ ਕਿ ਸਿੱਖ ਰੈਜੀਮੈਂਟ ਦੀ ਗੱਡੀਆਂ ਜੱਦ ਚੀਨ ਤੇ ਪਾਕਿਸਤਾਨ ਤੇ ਬਾਡਰ ਤੇ ਭੇਜੀਆਂ ਜਾਂਦੀਆਂ ਹਨ ਤਾਂ ਨਿਸਾਨ ਸਾਹਿਬ ਲਗਾਇਆ ਜਾਂਦਾ ਹੈ ਤੇ ਅੱਜ ਵੀ ਗਿਲਵਾਨ ਘਾਟੀ ਤੇ ਨਿਸਾਨ ਸਾਹਿਬ ਗੱਡਿਆ ਹੋਇਆ ਹੈ ਤਾਂ ਫਿਰ ਲਾਲ ਕਿਲੇ ਤੇ ਲਗਾਉਣ ਬਾਰੇ ਬੇਲੋੜਾ ਵਿਵਾਦ ਕਿਉਂ ? ਨਿਸਾਨ ਸਾਹਿਬ ਤਾਂ ਸਮੁੱਚੀ ਮਾਨਵਤਾ ਨੂੰ ਬਰਾਬਰਤਾ, ਧਾਰਮਿਕ ਸਹਿਨਸੀਲਤਾ, ਭਾਈਚਾਰੇ, ਨਿਮਰਤਾ, ਤੇ ਸੇਵਾ ਦਾ ਸੁਨੇਹਾ ਦਿੰਦਾ ਹੈ। ਇਸ ਅਗਵਾਈ ਹੇਠ ਕਰੋਨਾ ਮਹਾਮਾਰੀ ਦੌਰਾਨ ਵਿਸਵ ਭਰ ਵਿੱਚ ਸਿੱਖਾਂ ਨੇ ਲੰਗਰ, ਦਵਾਈਆਂ, ਸੈਨੀਟਾਈਸਰ ਆਦਿ ਵੰਡ ਕੇ ਸੇਵਾ ਕੀਤੀ ਹੈ। ਇਸ ਲਈ ਲਾਲ ਕਿਲੇ ਤੇ ਇਸਨੂੰ ਸੁਸੋਭਿਤ ਕਰਨਾ ਨਾਂ ਤਾਂ ਦੇਸ ਵਿਰੋਧੀ ਕਾਰਵਾਈ ਹੈ ਤੇ ਨਾਂ ਹੀ ਕਾਨੂੰਨ ਦੀ ਉਲਘਣਾ। ਉਨ੍ਹਾ ਸਵਾਲ ਕੀਤਾ ਕਿ ਉਦੈਪੁਰ ਦੀ ਅਦਾਲਤ ਤੋਂ ਜੱਦੋ 2017 ਵਿੱਚ ਭਾਜਪਈਆ ਵੱਲੋਂ ਭਗਵਾ ਝੰਡਾਂ ਲਹਿਰਾਇਆ ਗਿਆ ਸੀ ਤਾਂ ਉਸ ਵੇਲੇ ਗੋਦੀ ਮੀਡੀਆ ਕਿੱਥੇ ਸੀ। ਇਤਿਹਾਸ ਦਾ ਹਵਾਲਾ ਦਿੰਦੇ ਉਨ੍ਹਾਂ ਕਿਹਾ ਕਿ ਲਾਲਕਿਲੇ ਤੇ ਬਾਬਾ ਬਘੇਲ ਸਿੰਘ ਨੇ 1783 ਵਿੱਚ ਨਿਸਾਨ ਸਾਹਿਬ ਝੁਲਾਇਆ ਸੀ।



## ਮਾਮਲਾ ਭਾਰਤੀ ਹਵਾਈ ਫੌਜ ਵੱਲੋਂ ਪਾਕਿ ਵਿਚ ਬਾਲਾਕੋਟ 'ਤੇ ਕੀਤੇ ਜਾਣ ਵਾਲੇ ਹਵਾਈ ਹਮਲੇ ਦੀ

# ਪਤਰਕਾਰ ਅਰਨਬ ਨੂੰ ਪਹਿਲਾਂ ਹੀ ਜਾਣਕਾਰੀ ਸੀ ਵਟਸਐਪ ਸੁਨੇਹਿਆਂ ਰਾਹੀਂ ਮਿਲੇ ਸਬੂਤ

### ✪ ਅਰਨਬ ਨੂੰ ਬਾਲਾਕੋਟ ਹਮਲੇ ਦੀ ਅਗਾਊਂ ਜਾਣਕਾਰੀ ਮੋਦੀ ਤੋਂ ਮਿਲੀ: ਰਾਹੁਲ ✪ਕਾਂਗਰਸ ਆਗੂ ਕੋਲ ਦੋਸ਼ਾਂ ਦੀ ਪੁਸ਼ਟੀ ਬਾਰੇ ਕੋਈ ਸਬੂਤ ਨਾ ਹੋਣ ਦਾ ਦਾਅਵਾ

**ਨਵੀਂ ਦਿੱਲੀ :** ਮਸ਼ਹੂਰ ਟੀ ਵੀ ਪੱਤਰਕਾਰ ਅਰਨਬ ਗੋਸਵਾਮੀ ਅਤੇ ਪਾਰਥੋ ਦਾਸਗੁਪਤਾ ਦੇ ਇਕ-ਦੂਸਰੇ ਨੂੰ ਦਿੱਤੇ ਗਏ ਵਟਸਐਪ ਸੁਨੇਹਿਆਂ ਨੇ ਕਈ ਨੈਤਿਕ ਸਵਾਲ ਉਠਾਏ ਹਨ। ਪਾਰਥੋ ਦਾਸਗੁਪਤਾ ਪ੍ਰਸਾਰਨ ਦਰਸ਼ਕ ਖੋਜ ਪਰਿਸ਼ਦ (ਬਰਾਡਕਾਸਟ ਆਡੀਐਂਸ ਰਿਸਰਚ ਕੌਂਸਲ) ਨਾਂ ਦੀ ਸੰਸਥਾ, ਜਿਹੜੀ ਇਹ ਅੰਕੜੇ ਇਕੱਠੇ ਕਰਦੀ ਹੈ ਕਿ ਕਿਹੜੇ ਟੈਲੀਵਿਜਨ ਚੈਨਲ ਨੂੰ ਕਿੰਨੇ ਦਰਸ਼ਕ ਵੇਖਦੇ ਹਨ, ਦਾ ਸਾਬਕਾ ਮੁਖੀ ਹੈ। ਮੁੰਬਈ ਪੁਲੀਸ ਨੂੰ ਮਿਲੇ ਵੇਰਵਿਆਂ ਅਨੁਸਾਰ ਅਰਨਬ ਗੋਸਵਾਮੀ ਨੂੰ ਕੌਮੀ ਸੁਰੱਖਿਆ ਦੇ ਮਾਮਲਿਆਂ ਦੇ ਨਾਲ ਨਾਲ ਦੇਸ਼ ਦੇ ਸੰਵਿਧਾਨਕ ਅਤੇ ਪ੍ਰਸ਼ਾਸਨਿਕ ਅਹੁਦਿਆਂ 'ਤੇ ਹੋਣ ਵਾਲੀਆਂ ਨਿਯੁਕਤੀਆਂ ਦੀ ਅਗਾਊਂ ਜਾਣਕਾਰੀ ਪ੍ਰਾਪਤ ਹੁੰਦੀ ਰਹੀ ਹੈ। 2019 ਵਿਚ ਇਨਾਂ ਦੋ ਸ਼ਖਸਾਂ ਵਿਚਕਾਰ ਭੇਜੇ ਗਏ ਵੱਟਸਐਪ ਸੁਨੇਹਿਆਂ ਤੋਂ ਪਤਾ ਲੱਗਦਾ ਹੈ ਕਿ ਅਰਨਬ ਨੂੰ ਭਾਰਤੀ ਹਵਾਈ ਫੌਜ ਵੱਲੋਂ ਪਾਕਿਸਤਾਨ ਵਿਚ ਬਾਲਾਕੋਟ 'ਤੇ ਕੀਤੇ ਜਾਣ ਵਾਲੇ ਹਵਾਈ ਹਮਲੇ ਦਾ ਪਹਿਲਾਂ ਹੀ ਪਤਾ ਸੀ ਅਤੇ ਉਹ ਇਹ ਵੀ ਜਾਣਦਾ ਸੀ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਨੂੰ ਇਸ ਤੋਂ ਵੱਡਾ ਫਾਇਦਾ ਹੋਵੇਗਾ। ਇਸੇ ਤਰਾਂ ਇਨਾਂ ਵਟਸਐਪ ਸੁਨੇਹਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਅਰਨਬ ਅਤੇ ਪਾਰਥੋ ਦਾਸਗੁਪਤਾ ਆਪਸ ਵਿਚ ਰਿਪਬਲਿਕ ਟੀਵੀ ਦੇ ਦਰਸ਼ਕਾਂ ਦੀ ਗਿਣਤੀ ਫਰਜੀ ਤੌਰ 'ਤੇ ਵੱਧ ਦਰਸਾਉਣ ਬਾਰੇ ਸਲਾਹਾਂ ਕਰਦੇ ਰਹੇ। ਇਸ ਸਬੰਧ ਵਿਚ ਮੁੰਬਈ ਪੁਲੀਸ ਦੀ ਕ੍ਰਾਈਮ ਬਰਾਂਚ ਨੇ ਦਾਸਗੁਪਤਾ ਨੂੰ ਗ੍ਰਿਫਤਾਰ ਕੀਤਾ ਹੈ।

ਪ੍ਰੈਸ ਨੂੰ ਜਮਹੂਰੀਅਤ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਜਮਹੂਰੀਅਤ ਦੇ ਤਿੰਨ ਥੰਮ ਹਨ: ਵਿਧਾਨਪਾਲਿਕਾ (ਲੋਕ ਸਭਾ, ਵਿਧਾਨ ਸਭਾਵਾਂ ਆਦਿ ਜਿਨਾਂ ਦੀ ਚੋਣ ਲੋਕ ਕਰਦੇ ਹਨ), ਨਿਆਂਪਾਲਿਕਾ ਅਤੇ ਸਰਕਾਰ; ਰਿਆਸਤ/ਸਟੇਟ ਦੇ ਇਹ ਅੰਗ ਕ੍ਰਮਵਾਰ ਕਾਨੂੰਨ ਬਣਾਉਣ, ਨਿਆਂ ਕਰਨ ਅਤੇ ਸਰਕਾਰ ਚਲਾਉਣ ਦਾ ਕੰਮ ਕਰਦੇ ਹਨ।



ਨਿਆਂਪਾਲਿਕਾ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਵਿਧਾਨਕਾਰ ਸਹੀ ਕਾਨੂੰਨ ਬਣਾਉਣ ਅਤੇ ਸਰਕਾਰ ਸਹੀ ਫੈਸਲੇ ਲਏ ਅਤੇ ਇਨਾਂ ਕਾਨੂੰਨਾਂ ਅਤੇ ਫੈਸਲਿਆਂ ਵਿਚ ਕੁਝ ਵੀ ਅਸੰਵਿਧਾਨਕ ਨਾ ਹੋਵੇ। ਪ੍ਰੈਸ ਨੂੰ ਚੌਥਾ ਥੰਮ ਇਸ ਲਈ ਕਿਹਾ ਜਾਂਦਾ ਹੈ ਕਿ ਰਿਆਸਤ/ਸਟੇਟ ਦੇ ਬਾਹਰ ਹੋਣ ਕਾਰਨ ਇਹ ਸਰਕਾਰ/ਰਿਆਸਤ/ਸਟੇਟ, ਵਪਾਰ, ਕਾਰੋਬਾਰ ਅਤੇ ਜੀਂਦਗੀ ਦੇ ਹੋਰ ਸ਼ੋਹਬਿਆਂ 'ਤੇ ਨਜ਼ਰਸਾਨੀ ਕਰ ਕੇ ਸਮਾਜ ਨੂੰ ਸੂਚਿਤ ਕਰਦਾ ਰਹੇ ਕਿ ਦੁਨੀਆ ਵਿਚ ਕੀ ਵਾਪਰ ਰਿਹਾ ਹੈ। ਪ੍ਰੈਸ ਦੀ ਜੀਂਮੇਵਾਰੀ ਬਣਦੀ ਹੈ ਕਿ ਘਟਨਾਵਾਂ ਦੀ ਸਹੀ ਜਾਣਕਾਰੀ ਦੇਣ ਦੇ ਨਾਲ ਨਾਲ ਰਿਆਸਤ/ਸਟੇਟ/ਸਰਕਾਰ ਵੱਲੋਂ ਕੀਤੇ ਗਏ ਫੈਸਲਿਆਂ ਅਤੇ ਕਾਰਵਾਈਆਂ ਦੀ ਸਾਕਾਰਾਤਮਕ ਢੰਗ ਨਾਲ ਪੜਚੋਲ ਵੀ ਕਰੇ। ਟੈਲੀਵਿਜ਼ਨ ਦੇ ਫੈਲਾਉ ਨੇ ਪ੍ਰੈਸ ਨੂੰ 24 ਘੰਟੇ ਜਾਣਕਾਰੀ ਪ੍ਰਾਪਤ ਕਰਵਾਉਣ ਵਾਲਾ ਮਾਧਿਅਮ ਵੀ ਬਣਾ ਦਿੱਤਾ ਹੈ ਅਤੇ ਹੋਰ ਤਾਕਤਵਰ ਵੀ। ਸੋਸ਼ਲ ਮੀਡੀਆ ਰਾਹੀਂ ਪ੍ਰੈਸ ਦੇ ਨਵੇਂ ਆਯਾਮ ਸਾਹਮਣੇ ਆ ਰਹੇ ਹਨ। ਇਸ ਸਭ ਕੁਝ ਕਾਰਨ ਪ੍ਰੈਸ ਅਤੇ ਟੈਲੀਵਿਜ਼ਨ ਵਿਚ ਕੰਮ ਕਰਨ ਵਾਲੇ ਪੱਤਰਕਾਰਾਂ ਅਤੇ ਐਂਕਰਾਂ ਦੀ ਜੀਂਮੇਵਾਰੀ ਹੋਰ ਵਧ ਜਾਂਦੀ ਹੈ ਅਤੇ ਕਿਸੇ ਵੀ ਪੱਤਰਕਾਰ ਦੇ ਗਲਤ ਵਿਹਾਰ ਦੇ ਅਸਰ ਦੂਰਗਾਮੀ ਹੋ ਸਕਦੇ ਹਨ।

ਟੈਲੀਵਿਜ਼ਨ ਚੈਨਲ ਆਪਣੇ ਦਰਸ਼ਕਾਂ ਤੱਕ ਜਲਦੀ ਤੋਂ ਜਲਦੀ ਜਾਣਕਾਰੀ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਉਨਾਂ ਵਿਚ ਇਹ ਦੌੜ ਵੀ ਲੱਗੀ ਰਹਿੰਦੀ ਹੈ ਕਿ ਵੱਧ ਤੋਂ ਵੱਧ ਦਰਸ਼ਕ ਉਨਾਂ ਨੂੰ ਵੇਖਣ। ਵੱਧ ਦਰਸ਼ਕਾਂ ਦੁਆਰਾ ਵੇਖਣਾ ਟੈਲੀਵਿਜ਼ਨ ਚੈਨਲ ਨੂੰ ਮਿਲਣ ਵਾਲੇ ਇਸ਼ਤਿਹਾਰਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਕਿਉਂਕਿ ਇਸ਼ਤਿਹਾਰ ਹੀ ਚੈਨਲਾਂ ਦੀ ਆਮਦਨ ਦਾ ਮੁੱਖ ਜ਼ਰੀਆ ਹਨ ਪਰ ਅਨੈਤਿਕ ਢੰਗ-ਤਰੀਕੇ ਵਰਤ ਕੇ ਦਰਸ਼ਕਾਂ ਦੀ ਗਿਣਤੀ ਵੱਧ ਦਰਸਾਉਣਾ ਲੋਕਾਂ ਨਾਲ ਧੋਖਾ ਹੈ। ਬਹੁਤ ਦੇਰ ਤੋਂ ਇਲੈਕਟ੍ਰਾਨਿਕ, ਪ੍ਰਿੰਟ ਮੀਡੀਆ ਅਤੇ ਹੋਰ ਸੰਸਥਾਵਾਂ ਦੇ ਪਤਨ ਬਾਰੇ ਬਹਿਸ ਸ਼ੁਰੂ ਹੋਈ ਹੈ। ਦਾਸ-ਅਰਨਬ ਮਾਮਲਾ ਦਰਸਾਉਂਦਾ ਹੈ ਕਿ ਅਸੀਂ ਕਿਹੋ ਜਿਹੇ ਰਸਾਤਲ ਵਿਚ ਡਿੱਗ ਰਹੇ ਹਾਂ। ਦਰਸ਼ਕਾਂ ਅਤੇ ਵੱਧ ਟੀਆਰਪੀ ਹਾਸਲ ਕਰਨ ਦੀ ਦੌੜ ਵਿਚ ਨੈਤਿਕਤਾ ਅਤੇ ਪਾਰਦਰਸ਼ਤਾ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ। ਜਮਹੂਰੀ ਤਾਕਤਾਂ ਨੂੰ ਲੋਕਾਂ ਨੂੰ ਅਜਿਹੇ ਰੁਝਾਨਾਂ ਵਿਰੁੱਧ ਚੇਤੰਨ ਕਰਨਾ ਚਾਹੀਦਾ ਹੈ।

**ਰਾਹੁਲ ਨੇ ਮੋਦੀ ਉਪਰ ਲਗਾਏ ਦੋਸ਼**

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਕਥਿਤ ਉਹ ਸ਼ਖਸ ਹਨ, ਜਿਨਾਂ ਬਾਲਾਕੋਟ ਹਵਾਈ ਹਮਲਿਆਂ ਬਾਰੇ ਅਗਾਊਂ ਜਾਣਕਾਰੀ ਰਿਪਬਲਿਕ ਟੀ ਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਤੱਕ ਪੁੱਜਦੀ ਕੀਤੀ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਹਾਲਾਂਕਿ ਕਿਹਾ ਕਿ ਉਹ ਆਪਣੇ ਇਸ ਦਾਅਵੇ ਦੀ ਪੁਸ਼ਟੀ ਲਈ ਕੋਈ ਸਬੂਤ ਨਹੀਂ ਦੇ ਸਕਦੇ। ਉਧਰ ਪ੍ਰਧਾਨ ਮੰਤਰੀ ਦਫਤਰ (ਪੀਐੱਮਓ) ਨੇ ਵੀ ਰਾਹੁਲ ਦੇ ਇਨਾਂ ਦਾਅਵਿਆਂ ਦਾ ਫੌਰੀ ਕੋਈ ਜਵਾਬ ਨਹੀਂ ਦਿੱਤਾ ਹੈ। ਭਾਰਤੀ ਹਵਾਈ ਸੈਨਾ ਨੇ ਸਾਲ 2019 ਵਿੱਚ ਬੇਹੱਦ ਗੁਪਤ ਅਪਰੇਸ਼ਨ ਤਹਿਤ ਪਾਕਿਸਤਾਨ ਦੇ ਬਾਲਾਕੋਟ ਵਿੱਚ ਹਵਾਈ ਹਮਲੇ ਕੀਤੇ ਸਨ। ਤਾਮਿਲਨਾਡੂ ਵਿੱਚ ਚੋਣ ਕੰਪੇਨ ਦੌਰਾਨ ਇਕ ਰੋਡ ਸ਼ੋਅ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਬਾਲਾਕੋਟ ਹਵਾਈ ਹਮਲਿਆਂ ਬਾਰੇ ਸਿਰਫ ਪੰਜ ਲੋਕਾਂ ਨੂੰ ਅਗਾਊਂ ਪਤਾ ਸੀ, ਜਿਨਾਂ ਵਿੱਚ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਵੀ ਸ਼ੁਮਾਰ ਸਨ। ਰਾਹੁਲ ਨੇ ਦਾਅਵਾ ਕੀਤਾ, 'ਜੇ ਪ੍ਰਧਾਨ ਮੰਤਰੀ ਨੇ ਇਹ ਸਭ ਕੁਝ ਨਹੀਂ ਕੀਤਾ, ਤਾਂ ਉਹ ਇਸ ਦੀ ਜਾਂਚ ਦੇ ਹੁਕਮ ਕਿਉਂ ਨਹੀਂ ਦਿੰਦੇ। ਇਸ ਬਾਰੇ ਸੋਚਿਆ ਜਾਵੇ। ਇਸ ਦਾ ਇਕੋ ਇਕ ਕਾਰਨ ਹੈ ਕਿ ਪ੍ਰਧਾਨ ਮੰਤਰੀ ਹੀ ਉਹ ਸਖਸ ਹਨ, ਜਿਨਾਂ ਰਾਹੀਂ ਇਹ ਜਾਣਕਾਰੀ ਪੱਤਰਕਾਰ ਤੱਕ ਪੁੱਜੀ ਸੀ।













# ਜਮਹੂਰੀਅਤ ਬਨਾਮ ਤਾਨਾਸ਼ਾਹੀ ਅਮਰੀਕਾ ਤੇ ਭਾਰਤ ਦੇ ਸੰਦਰਭ ਵਿਚ

**- ਅਵਤਾਰ ਸਿੰਘ ਯੂਕੇ**

ਨਵੰਬਰ 2020 ਵਿੱਚ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ, ਅਮਰੀਕਾ ਦੇ ਲੋਕਾਂ ਨੇ ਆਪਣਾ ਰਾਸ਼ਟਰਪਤੀ ਚੁਣਨ ਲਈ ਵੋਟਾਂ ਪਾਈਆਂ ਸਨ। ਕਾਫ਼ੀ ਦਿਨ ਚੱਲੀ ਵੋਟਾਂ ਗਿਣਨ ਦੀ ਖਿੱਚੋਤਾਣ ਤੋਂ ਬਾਅਦ, ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਈਡਨ ਨੂੰ ਜੇਤੂ ਐਲਾਨ ਦਿੱਤਾ ਗਿਆ ਸੀ। ਇਸ ਚੋਣ ਵਿੱਚ ਇਹ ਪਹਿਲੀ ਵਾਰ ਦੇਖਿਆ ਗਿਆ ਸੀ ਕਿ ਗੱਦੀ ਤੇ ਬਿਰਾਜਮਾਨ ਰਾਸ਼ਟਰਪਤੀ ਨੇ ਲਗਾਤਾਰ ਚੋਣਾਂ ਦੀ ਗਿਣਤੀ ਦੇ ਕੰਮ-ਢੰਗ ਉਤੇ ਸ਼ੰਕੇ ਪੈਦਾ ਕਰੀ ਰੱਖੇ। ਡੋਨਲਡ ਟਰੰਪ ਨੇ ਵਾਰ ਵਾਰ ਆਪਣੇ ਹਮਾਇਤੀਆਂ ਇਹ ਕਹਿਕੇ ਉਕਸਾਇਆ ਕਿ ਡੈਮੋਕ੍ਰੇਟਿਕ ਪਾਰਟੀ ਨੇ ਚੋਣਾਂ ਲੁੱਟ ਲਈਆਂ ਹਨ।

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ, ਜੋ ਦੁਨੀਆ ਭਰ ਨੂੰ ਜਮਹੂਰੀ ਕਦਰਾਂ ਕੀਮਤਾਂ ਦਾ ਸਬਕ ਪੜਾਉਂਦੀ ਹੈ ਅਤੇ ਜੋ ਬੰਦੂਕ ਦੀ ਨੋਕ ਉੱਤੇ ਜਮਹੂਰੀਅਤ ਲਾਗੂ ਕਰਨ ਦਾ ਠੇਕਾ ਚੁੱਕੀ ਫਿਰਦੀ ਹੈ ਉਸਦੇ ਆਪਣੇ ਰਾਸ਼ਟਰਪਤੀ ਨੂੰ, ਆਪਣੇ ਹੀ ਦੇਸ਼ ਦੇ ਚੋਣ ਕਮਿਸ਼ਨ ਅਤੇ ਚੋਣ ਪ੍ਰਕਿਰਿਆ ਉੱਤੇ ਵਿਸ਼ਵਾਸ ਨਹੀਂ ਸੀ ਰਿਹਾ। ਇਹ ਕਿਹਾ ਵਿਡੰਬਨਾ ਹੈ ਕਿ ਜਿਹੜਾ ਰਾਸ਼ਟਰਪਤੀ ਗੱਦੀ ਉੱਤੇ ਬਿਰਾਜਮਾਨ ਹੋਵੇ ਅਤੇ ਜਿਸਦੇ ਅਧੀਨ ਹੀ ਸਾਰੀ ਚੋਣ ਪ੍ਰਕਿਰਿਆ ਚੱਲ ਰਹੀ ਹੋਵੇ ਉਹ ਹੀ, ਚੋਣ ਢੰਗ ਤੇ ਸ਼ੱਕ ਕਰਨ ਦੇ ਉੱਚੇ ਅਵਾਜ਼ੇ ਕੱਸਣ ਲਗ ਜਾਵੇ।

ਅਮਰੀਕੀ ਜਮਹੂਰੀਅਤ ਦੀ ਅਜਿਹੀ ਸਥਿਤੀ ਉੱਤੇ ਭਾਵੇਂ ਅਮਰੀਕਾ ਦੇ ਹਮਾਇਤੀ ਤਾਂ ਸਾਜ਼ਿਸ਼ੀ ਚੁੱਪ ਵੱਟ ਕੇ ਬੈਠੇ ਰਹੇ ਪਰ, ਇਰਾਨ ਦੇ ਰਾਸ਼ਟਰਪਤੀ ਅਤੇ ਉੱਥੋਂ ਦੇ ਧਾਰਮਿਕ ਰਹਿਬਰ ਨੇ ਅਮਰੀਕੀ ਜਮਹੂਰੀਅਤ ਤੇ ਵਾਹਵਾ ਟਿੱਪਣੀਆਂ ਕੀਤੀਆਂ।

ਖ਼ੈਰ ਵੋਟਾਂ ਦੀ ਗਿਣਤੀ ਵਾਲਾ ਕਾਰਜ ਡਿਗਦਾ ਢਹਿੰਦਾ ਨੇਪਰੇ ਚੜ ਗਿਆ ਪਰ ਡੋਨਲਡ ਟਰੰਪ ਨੇ ਆਪਣੀ ਜ਼ਹਿਰੀਲੀ ਬਿਆਨਬਾਜ਼ੀ ਨਾ ਛੱਡੀ ਅਤੇ ਨਾ ਹੀ ਆਪਣੀ ਸੱਤਾ ਦੇ ਆਖ਼ਰੀ ਦਿਨਾਂ ਤੱਕ ਉਸਨੇ ਆਪਣੇ ਅਫ਼ਸਰਾਂ ਨੂੰ ਬਰਖ਼ਾਸਤ ਕਰਨ ਦੀ ਰਵਾਇਤ ਹੀ ਛੱਡੀ। ਵੱਖ ਵੱਖ ਅਦਾਲਤਾਂ ਵਿੱਚ ਝੂਠੇ-ਸੱਚੇ ਦੋਸ਼ ਲਾ ਕੇ ਚੋਣਾਂ ਰੱਦ ਕਰਵਾਉਣ ਅਤੇ ਆਪ ਹੀ ਅਗਲੇ ਚਾਰ ਸਾਲਾਂ ਤੱਕ ਦੇਸ਼ ਦਾ ਰਾਸ਼ਟਰਪਤੀ ਬਣੇ ਰਹਿਣ ਦੇ ਯਤਨ ਵੀ ਕਿਸੇ ਕੰਮ ਨਾ ਆਏ।

ਆਖ਼ਰ ਡੋਨਲਡ ਟਰੰਪ ਨੇ ਉਹ ਹੀ ਕੀਤਾ ਜੋ ਉਸ ਵਰਗੇ ਗੈਰ-ਜਮਹੂਰੀ ਲੋਕ ਕਰਦੇ ਹੁੰਦੇ ਹਨ। ਤਾਨਾਸ਼ਾਹ ਹਰ ਮੁਲਕ ਵਿੱਚ ਸਟੇਟ ਨੂੰ ਆਪਣੀ ਨੌਕਰਾਣੀ ਬਣਾ ਕੇ ਚਲਾਉਣ ਦਾ ਯਤਨ ਕਰਦੇ ਹਨ। ਉਨਾਂ ਦਾ ਮੰਨਣਾ ਹੁੰਦਾ ਹੈ ਕਿ ਸਟੇਟ ਦੀ ਸਾਰੀ ਮਸ਼ੀਨਰੀ ਅਸਲ ਵਿੱਚ ਉਨਾਂ ਦੇ ਨਿੱਜੀ, ਫ਼ਿਰਕੂ ਅਤੇ ਫਾਸ਼ੀਵਾਦੀ ਏਜੰਡੇ ਦੀ ਪੂਰਤੀ ਲਈ ਜ਼ਰੂਰੀ ਹੈ। ਟਰੰਪ ਨੇ ਵੀ ਪਿਛਲੇ ਚਾਰ ਸਾਲਾਂ ਦੌਰਾਨ ਉਹ ਸਭ ਕੁਝ ਕੀਤਾ ਜੋ ਇੱਕ ਤਾਨਾਸ਼ਾਹ ਕਰ ਸਕਦਾ ਹੈ। ਅਮਰੀਕੀ ਪ੍ਰਸ਼ਾਸਨ ਅਤੇ ਸਟੇਟ ਮਸ਼ੀਨਰੀ ਨੂੰ ਉਸਨੇ ਆਪਣੇ ਫੁੱਟਪਾਊ ਏਜੰਡੇ ਲਈ ਖ਼ੂਬ ਵਰਤਿਆ। ਨਾ ਕਿਸੇ ਮੀਡੀਆ ਦੀ ਪ੍ਰਵਾਹ, ਨਾ ਅਫ਼ਸਰਸ਼ਾਹੀ ਦੀ ਨਾ ਹੀ ਕਿਸੇ ਹੋਰ ਜ਼ਿੰਮੇਵਾਰ ਅਦਾਰੇ ਦੀ। ਕੋਈ ਵਾਹ ਨਾ ਚਲਦੀ ਦੇਖਕੇ ਅੰਤ ਨੂੰ ਡੋਨਲਡ ਟਰੰਪ ਨੇ ਇੱਕ ਅਸਿੱਧੇ ਸੰਦੇਸ਼ ਰਾਹੀ ਆਪਣੇ ਹਮਾਇਤੀਆਂ ਨੂੰ ਅਮਰੀਕੀ ਜਮਹੂਰੀ ਸੰਸਥਾਵਾਂ ਉੱਤੇ ਧਾਵਾ ਬੋਲਣ ਦਾ ਸੰਦੇਸ਼ ਦੇ ਦਿੱਤਾ। ਉਸਦਾ ਸੰਦੇਸ਼ ਮਿਲਣ ਦੀ ਦੇਰ ਸੀ ਕਿ ਉਸਦੇ ਹਜ਼ਾਰਾਂ ਹਮਾਇਤੀ ਅਮਰੀਕੀ ਸੰਸਦ ਵਿੱਚ ਜਾ ਵੜੇ ਅਤੇ ਉਨਾਂ ਗੁੰਡਾਗਰਦੀ ਕਰਨੀ ਆਰੰਭ ਕਰ ਦਿੱਤੀ।

ਅਸੀਂ ਇਹ ਕਿਆਸ ਵੀ ਨਹੀਂ ਕਰ ਸਕਦੇ ਕਿ ਅਮਰੀਕਾ ਦੀ ਸੰਸਦ ਵਿੱਚ ਵੀ ਗੁੰਡਾ ਅਨਸਰ ਦਾਖਲ ਹੋ ਸਕਦੇ ਹਨ। ਜਿਸ ਮੁਲਕ ਵਿੱਚ ਪੈਰ ਪੈਰ ਤੇ ਸੂਹੀਆ ਤੰਤਰ ਤਾਇਨਾਤ ਹੈ। ਉਸ ਮੁਲਕ ਦੀ ਸੰਸਦ ਵਿੱਚ ਕੋਈ ਬਿਨਾ, ਦਾਖ਼ਲੇ ਦੇ ਹੀ ਅੰਦਰ ਜਾ ਸਕਦਾ ਹੈ, ਦੰਗਾ ਕਰ ਸਕਦਾ ਹੈ ਅਤੇ ਆਪਣੀਆਂ ਫ਼ੋਟੋਆਂ, ਵੀਡੀਓ ਜਾਰੀ ਕਰ ਸਕਦਾ ਹੈ। ਇਸ ਸਭ ਕੁਝ ਦੇ ਬਾਵਜੂਦ ਟਰੰਪ ਨੇ ਉਸ ਮੰਦਭਾਗੇ ਕਾਰੇ ਦੇ ਵਿਰੋਧ ਵਿੱਚ ਇੱਕ ਵੀ ਅੱਖਰ ਨਾ ਬੋਲਿਆ।

ਆਖ਼ਿਰ ਜਿਸ ਦਿਨ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡਨ ਨੂੰ ਅਹੁਦੇ ਦੀ ਸਹੁੰ ਚੁਕਾਈ ਜਾਣੀ ਸੀ ਉਸ ਦਿਨ ਤਾਂ ਹੱਦ ਹੀ ਹੋ ਗਈ। ਅਮਰੀਕੀ ਰਾਜਧਾਨੀ ਦੇ ਜੋ ਦ੍ਰਿਸ਼ ਦੁਨੀਆ ਨੇ ਦੇਖੇ ਉਹ ਹੈਰਾਨ ਕਰਨ ਵਾਲੇ ਸਨ। ਜਿਸ ਦਿਨ ਪੂਰੇ ਦੇਸ਼ ਵਿੱਚ ਚਹਿਲ ਪਹਿਲ ਅਤੇ ਮੇਲੇ ਵਰਗੇ ਮਹੌਲ ਚਾਹੀਦਾ ਸੀ ਉਸ ਦਿਨ ਦੇਸ਼ ਦੀ ਰਾਜਧਾਨੀ ਵਿੱਚ ਕਰਫ਼ਿਊ ਲਗਾ ਦਿੱਤਾ ਗਿਆ। 50 ਹਜ਼ਾਰ ਫ਼ੌਜੀ ਗਲੀਆਂ ਵਿੱਚ ਤਾਇਨਾਤ ਕਰ ਦਿੱਤੇ ਗਏ। ਕੈਪੀਟਲ ਹਿੱਲ ਨੂੰ ਜੋ ਸੜਕ ਜਾਂਦੀ ਹੈ, ਜਿੱਥੇ ਹਰ ਸਮੇਂ ਮੇਲੇ ਵਰਗਾ ਮਹੌਲ ਹੁੰਦਾ ਹੈ ਉੱਥੇ ਸੁੰਨਸਾਨ ਛਾਈ ਹੋਈ ਸੀ।

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਜੋ ਆਪਣੇ ਉੱਚੇ ਕਿਰਦਾਰ ਕਰਕੇ ਜਾਣੀ ਜਾਂਦੀ ਸੀ ਨੂੰ ਆਪਣੇ ਅਹੁਦੇਦਾਰ ਅਤੇ ਸੰਸਥਾਵਾਂ ਬਚਾਉਣ ਲਈ ਬਿਲਕੁਲ ਉਸੇ ਤਰਾਂ ਫ਼ੌਜ ਦਾ ਸਹਾਰਾ ਲੈਣਾ ਪਿਆ ਜਿਵੇਂ ਅਫ਼ਗਾਨਿਸਤਾਨ ਅਤੇ ਬਹੁਤ ਸਾਰੇ ਅਫ਼ਰੀਕੀ ਮੁਲਕਾਂ ਵਿੱਚ ਲੈਣਾ ਪੈਂਦਾ ਹੈ। ਏਨੀ ਫ਼ੌਜ ਤਾਂ ਯੂਗਾਂਡਾ ਵਿੱਚ ਦੇਖਣ ਨੂੰ ਨਹੀਂ ਮਿਲੀ ਜਿੱਥੇ ਪਿਛਲੇ ਦਿਨੀਂ ਚੋਣਾਂ ਹੋ ਕੇ ਹਟੀਆਂ ਹਨ ਅਤੇ ਜਿੱਥੇ ਸੱਤਾਧਾਰੀ ਰਾਸ਼ਟਰਪਤੀ ਉੱਤੇ ਘਪਲੇ ਦੇ ਦੋਸ਼ ਲੱਗ ਰਹੇ ਹਨ। ਇਸ ਸਾਰੇ ਕੁਝ ਤੋਂ ਇਹ ਸਬਕ ਮਿਲਦਾ ਹੈ ਕਿ ਜਮਹੂਰੀਅਤ ਨੂੰ ਕਈ ਵਾਰ ਇੱਕ ਗੰਦਾ ਆਂਡਾ ਹੀ ਖ਼ਤਮ ਕਰ ਦੇਂਦਾ ਹੈ। ਜੇ ਦੇਸ਼ ਨੂੰ ਘਟੀਆ ਅਤੇ ਤਾਨਾਸ਼ਾਹ ਆਗੂ ਮਿਲ ਜਾਵੇ ਤਾਂ ਦੇਸ਼ ਦਾ ਸਾਰਾ ਸਿਸਟਮ ਖ਼ਤਮ ਕਰ ਸਕਦਾ ਹੈ। ਕੱਲ ਨੂੰ ਭਾਰਤ ਸਮੇਤ ਹੋਰ ਮੁਲਕਾਂ ਵਿੱਚ ਵੀ ਅਜਿਹਾ ਹੋ ਸਕਦਾ ਹੈ।

# ਅਮਰੀਕਾ ਦੇ ਨਿਊਜਰਸੀ ਸੂਬੇ 'ਚ ਰਹਿੰਦੇ ਭੁਲੱਥ ਸਬ-ਡਵੀਜਨ ਦੇ ਕਸਬਾ ਬੇਗੋਵਾਲ ਦੇ ਵਾਸੀ ਰਘਬੀਰ ਸਿੰਘ ਦੀ ਕਾਰ ਸੜਕ ਹਾਦਸੇ ਵਿਚ ਮੌਤ

**ਨਿਊਜਰਸੀ (ਰਾਜ ਗੋਗਨਾ):** ਬੀਤੀ ਰਾਤ ਅਮਰੀਕਾ ਦੇ ਸੂਬੇ ਨਿਊਜਰਸੀ 'ਚ ਭੁਲੱਥ ਸਬ- ਡਵੀਜਨ ਖੇਤਰ ਦੇ ਕਸਬਾ ਬੇਗੋਵਾਲ ਨਾਲ ਪਿਛੋਕੜ ਰੱਖਣ ਵਾਲੇ ਅਤੇ ਨਗਰ ਪੰਚਾਇਤ ਬੇਗੋਵਾਲ ਦੇ ਪ੍ਰਧਾਨ ਰਜਿੰਦਰ ਸਿੰਘ ਲਾਡੀ ਦੇ ਵੱਡੇ ਭਰਾ ਰਘਬੀਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬੇਗੋਵਾਲ ਦੀ ਅਮਰੀਕਾ ਦੇ ਨਿਊਜਰਸੀ ਸੂਬੇ ਵਿਚ ਇਕ ਸੜਕ ਕਾਰ ਹਾਦਸੇ ਦੌਰਾਨ ਮੌਤ ਹੋ ਗਈ। ਰਘਬੀਰ ਸਿੰਘ ਪਿਛਲੇ ਕਰੀਬ 25 ਸਾਲ ਪਹਿਲਾਂ ਰੋਟੀ ਰੋਜ਼ੀ ਦੀ ਤਲਾਸ਼ ਵਿਚ ਵਿਦੇਸ਼ ਅਮਰੀਕਾ ਗਿਆ ਸੀ ਤੇ ਜਿਸ ਦੀ ਉਮਰ ਕਰੀਬ 45 ਸਾਲ ਸੀ ਤੇ ਜੋ ਇਸ ਸਮੇਂ ਅਮਰੀਕਾ ਦੇ ਨਿਊਜਰਸੀ ਸੂਬੇ ਵਿੱਚ ਆਪਣੀ ਪਤਨੀ, ਇਕ ਬੇਟੀ ਤੇ ਇਕ ਬੇਟੇ ਨਾਲ ਪੱਕੇ ਤੌਰ 'ਤੇ ਰਹਿ ਰਿਹਾ ਸੀ । ਇਹ ਦਰਦਨਾਇਕ ਹਾਦਸਾ ਕੰਮ ਤੋਂ ਘਰ ਆਉਂਦਿਆਂ ਰਸਤੇ ਵਿੱਚ ਉਸ ਦੀ ਕਾਰ ਦਾ ਐਕਸੀਡੈਂਟ ਹੋ ਜਾਣ ਕਾਰਨ ਵਾਪਰਿਆਂ ਅਤੇ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ । ਰਘਬੀਰ ਸਿੰਘ ਦੀ ਮੌਤ ਦਾ ਸੁਣ ਕੇ ਕਸਬਾ ਬੇਗੋਵਾਲ



ਤੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੋੜ ਗਈ ਉੱਥੇ ਵੱਖ-ਵੱਖ ਸਿਆਸੀ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਯੁਵਰਾਜ ਭੁਪਿੰਦਰ, ਬਲਵਿੰਦਰ ਸਿੰਘ ਬਿੱਟੂ, ਵਾਈਸ ਪ੍ਰਧਾਨ ਨਗਰ ਪੰਚਾਇਤ, ਵਿਕਰਮਜੀਤ ਸਿੰਘ ਵਿਕੀ, ਕੌਂਸਲਰ ਜਗਜੀਤ ਸਿੰਘ ਖਾਸਰੀਆ, ਕੌਂਸਲਰ ਦਲਜੀਤ ਸਿੰਘ, ਪਰਵਿੰਦਰ ਸਿੰਘ ਬੰਟੀ, ਸਰਬਜੀਤ ਸਿੰਘ ਪੱਪਲ, ਸਰੂਪ ਸਿੰਘ ਖਾਸਰੀਆ, ਵਿਕਾਸ ਜੁਲਕਾ , ਨਿਸਾਨ ਸਿੰਘ ਭਦਾਸ, ਸਰਬਜੀਤ ਸਿੰਘ ਸਦਿਉੜਾ, ਪ੍ਰੋ ਜਸਵੰਤ ਸਿੰਘ ਮੁਰੱਬੀਆ, ਕੌਂਸਲਰ ਦਲਜੀਤ ਕੌਰ, ਪ੍ਰਿੰਸੀਪਲ ਸੇਵਾ ਸਿੰਘ, ਸੰਗਤ ਸਿੰਘ ਸੁਦਾਮਾਂ, ਅਸ਼ੋਕ ਕੁਮਾਰ ਬੱਤਰਾ, ਹਰਪ੍ਰੀਤ ਸਿੰਘ ਟੀਟੂ, ਜਰਨੈਲ ਸਿੰਘ ਯੂ ਐਸ ਏ, ਹਰਜੀਤ ਸਿੰਘ ਯੂ ਐਸ ਏ ਤੇ ਵੱਡੀ ਗਿਣਤੀ ਵਿੱਚ ਕਸਬਾ ਵਾਸੀਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ।




# ਕਰੋੜਾਂ ਲੋਕਾਂ ਦੀ ਅਰਦਾਸ ਹੈ ਕਿਸਾਨ ਅੰਦੋਲਨ ਦੀ ਸਫਲਤਾ

## ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀਆਂ ਵੱਲੋਂ ਮਿਲਿਆ ਵੱਡਾ ਹੁੰਗਾਰਾ

**- ਸਤਨਾਮ ਸਿੰਘ**

ਪੰਜਾਬ, ਹਰਿਆਣਾ ਅਤੇ ਦਿੱਲੀ ਦੀਆਂ ਸਰਹੱਦਾਂ ’ਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਤਪ-ਤੇਜ਼ ਸਖ਼ਤ ਸਰਦੀ ਅਤੇ ਲਗਭਗ 100 ਤੋਂ ਵੱਧ ਕਿਸਾਨਾਂ ਦੀਆਂ ਕੁਰਬਾਨੀਆਂ ਦੇ ਬਾਵਜੂਦ ਨਾ ਕੇਵਲ ਪਹਿਲਾਂ ਦੀ ਤਰਾਂ ਬਣਿਆ ਹੋਇਆ ਹੈ, ਸਗੋਂ ਇਸ ਵਿਚ ਹੋਰ ਵੀ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਸ਼ਹਿਰਾਂ ਵਿਚ 26 ਜਨਵਰੀ ਨੂੰ ਦਿੱਲੀ ਵਿਚ ਟਰੈਕਟਰ ਪਰੇਡ ਲਈ ਵੱਡੀ ਪੱਧਰ ’ਤੇ ਲੋਕ ਹੁੰਗਾਰਾ ਮਿਲਿਆ। ਲੋਕਾਂ ਵਿਚ ਕਿਸਾਨ ਹੱਕਾਂ ਸਬੰਧੀ ਜਾਗ੍ਰਿਤੀ ਪੈਦਾ ਕਰਨ ਲਈ ਟਰੈਕਟਰ ਮਾਰਚ ਕੱਢੇ ਗਏ । ਪਿਛਲੇ ਲਗਭਗ ਚਾਰ ਮਹੀਨਿਆਂ ਤੋਂ ਚੱਲ ਰਹੇ ਇਸ ਕਿਸਾਨ ਅੰਦੋਲਨ ਨੂੰ ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀਆਂ ਵੱਲੋਂ ਅਤੇ ਇੱਥੋਂ ਤੱਕ ਕਿ ਹਰਿਆਣਾ ਦੇ ਕਿਸਾਨ ਭਾਈਚਾਰੇ ਵੱਲੋਂ ਵੀ ਜਿੰਨੀ ਵੱਡੀ ਪੱਧਰ ’ਤੇ ਹੁੰਗਾਰਾ ਦਿੱਤਾ ਜਾ ਰਿਹਾ ਹੈ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੀ ਦ੍ਰਿੜਤਾ ਤੇ ਹੁਲਾਰੇ ਕਾਰਨ ਹੀ ਦੂਜੇ ਰਾਜਾਂ ਦੇ ਕਿਸਾਨਾਂ ਦੀ ਇਸ ਅੰਦੋਲਨ ਵਿਚ ਸ਼ਮੂਲੀਅਤ ਵਧੀ ਹੈ। ਕਿਸਾਨੀ ਵਿਚ ਏਨਾ ਵੱਡਾ ਜਨਤਕ ਉਭਾਰ ਸ਼ਾਇਦ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ। ਭਾਵੇਂ ਇਸ ਅੰਦੋਲਨ ਦਾ ਤਤਕਾਲੀ ਕਾਰਨ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਬਣੇ ਹਨ ਪਰ ਕਿਸਾਨ ਭਾਈਚਾਰੇ ਵਿਚ ਸੱਤਾਧਾਰੀਆਂ ਵਿਰੁੱਧ ਰੋਹ ਤੇ ਰੋਸ ਦੇ ਚਰਮ ਸੀਮਾ ’ਤੇ ਪਹੁੰਚਣ ਪਿੱਛੇ ਹੋਰ ਵੀ ਵੱਡੇ ਕਾਰਨ ਕੰਮ ਕਰ ਰਹੇ ਹਨ। ਪਿਛਲੇ ਕਈ ਦਹਾਕਿਆਂ ਤੋਂ ਭਾਵੇਂ ਕੇਂਦਰੀ ਖੇਤੀਬਾੜੀ ਕੀਮਤ ਤੇ ਲਾਗਤ ਕਮਿਸ਼ਨ ਵੱਲੋਂ 23 ਫ਼ਸਲਾਂ ਦੇ ਸਮਰਥਨ ਮੁੱਲ ਐਲਾਨੇ ਜਾਂਦੇ ਰਹੇ ਹਨ ਪਰ ਸਰਕਾਰ ਵੱਲੋਂ ਖ਼ਰੀਦ ਸਿਰਫ਼ ਕਣਕ ਅਤੇ ਝੋਨੇ ਦੀ ਹੀ ਕੀਤੀ ਜਾਂਦੀ ਰਹੀ ਹੈ। ਕਣਕ ਅਤੇ ਝੋਨੇ ਦੀ ਲਾਜ਼ਮੀ ਖ਼ਰੀਦ ਵੀ ਸਿਰਫ਼ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਹੀ ਵਧੇਰੇ ਹੱਦ ਤੱਕ ਹੁੰਦੀ ਰਹੀ ਹੈ। ਹੁਣ ਕੁਝ ਸਮੇਂ ਤੋਂ ਮੱਧ ਪ੍ਰਦੇਸ਼ ਅਤੇ ਕੁਝ ਹੋਰ ਰਾਜਾਂ ਵਿਚ ਵੀ ਸਰਕਾਰੀ ਖ਼ਰੀਦ ਸ਼ੁਰੂ ਹੋਈ ਹੈ। ਪਰ ਸਮੁੱਚੇ ਤੌਰ ’ਤੇ ਦੇਸ਼ ਦੇ ਲਗਭਗ 12 ਫ਼ੀਸਦੀ ਕਿਸਾਨਾਂ ਤੋਂ ਹੀ ਸਮਰਥਨ ਮੁੱਲ ’ਤੇ ਸਰਕਾਰੀ ਏਜੰਸੀਆਂ ਵੱਲੋਂ ਕਣਕ-ਝੋਨੇ ਦੀ ਖ਼ਰੀਦ ਕੀਤੀ ਜਾਂਦੀ ਹੈ। ਦੇਸ਼ ਦੇ ਬਾਕੀ ਸਾਰੇ ਕਿਸਾਨ ਨਿੱਜੀ ਵਪਾਰੀਆਂ ਦੇ ਰਹਿਮੋ-ਕਰਮ ’ਤੇ ਹੀ ਹਨ। ਬਾਕੀ ਫ਼ਸਲਾਂ ਦੀ ਖ਼ਰੀਦ ਵੀ ਨਿੱਜੀ ਵਪਾਰੀਆਂ ਵੱਲੋਂ ਹੀ ਕੀਤੀ ਜਾਂਦੀ ਹੈ ਅਤੇ ਇਸ ਕਾਰਨ ਉਨਾਂ ਨੂੰ ਆਪਣੀਆਂ ਫ਼ਸਲਾਂ ਸਮਰਥਨ ਮੁੱਲ ਤੋਂ ਕਿਤੇ ਘੱਟ ਮੁੱਲ ’ਤੇ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਸਾਲਾਂ ਤੱਕ ਅਜਿਹਾ ਹੀ ਸਿਲਸਿਲਾ ਚਲਦਾ ਰਹਿਣ ਕਾਰਨ ਕਿਸਾਨਾਂ ਦੀ ਆਰਥਿਕ ਹਾਲਤ ਬੇਹੱਦ ਖ਼ਸਤਾ ਹੋ ਗਈ ਹੈ। ਸਮੇਂ ਦੇ ਨਾਲ-ਨਾਲ ਡੀਜ਼ਲ, ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਖੇਤੀ ਮਸ਼ੀਨਰੀ ਦੀਆਂ ਕੀਮਤਾਂ ਵਿਚ ਨਿਰੰਤਰ ਵਾਧਾ ਹੁੰਦਾ ਰਿਹਾ ਹੈ। ਪੀੜੀ-ਦਰ-ਪੀੜੀ ਜ਼ਮੀਨਾਂ ਵੰਡੀਆਂ ਜਾਣ ਕਾਰਨ ਖੇਤੀ ਜੋਤਾਂ ਵੀ ਛੋਟੀਆਂ ਹੁੰਦੀਆਂ ਗਈਆਂ ਹਨ। ਇਸ ਸਮੇਂ ਦੇਸ਼ ਵਿਚ ਲਗਭਗ 86 ਫ਼ੀਸਦੀ ਕਿਸਾਨ 5 ਏਕੜ ਤੋਂ ਵੀ ਘੱਟ ਰਕਬੇ ’ਤੇ ਖੇਤੀ ਕਰਦੇ ਹਨ। ਦੂਜੇ ਪਾਸੇ ਕਿਸਾਨ ਪਰਿਵਾਰਾਂ ਲਈ ਸਿਹਤ, ਸਿੱਖਿਆ ਅਤੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਦੀਆਂ ਲਾਗਤਾਂ ਵਿਚ ਲਗਾਤਾਰ ਭਾਰੀ ਵਾਧਾ ਹੁੰਦਾ ਗਿਆ ਹੈ। ਇਨਾਂ ਕੌੜੀਆਂ ਹਕੀਕਤਾਂ ਕਾਰਨ ਉਹ ਬੈਂਕਾਂ ਤੋਂ ਲੈ ਆੜ੍ਹਤੀਆਂ ਤੱਕ ਦੇ ਕਰਜ਼ਦਾਰ ਹੋ ਗਏ ਹਨ। ਇਸੇ ਕਾਰਨ ਹੀ ਆਪਣਾ ਹਨੇਰਾ ਭਵਿੱਖ ਦੇਖ ਕੇ ਕਿਸਾਨਾਂ ਦੇ ਬੱਚੇ ਵਿਦੇਸ਼ਾਂ ਨੂੰ ਹਜ਼ਰਤ ਕਰਨ ਲਈ ਮਜਬੂਰ ਹੋ ਰਹੇ ਹਨ। ਇਸੇ ਕਾਰਨ 1997 ਤੋਂ ਲੈ ਕੇ ਹੁਣ ਤੱਕ ਲਗਭਗ 4 ਲੱਖ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਅਜੇ ਵੀ ਇਹ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ।

ਖੇਤੀ ਦਾ ਇਹ ਗੰਭੀਰ ਸੰਕਟ ਇਹ ਮੰਗ ਕਰਦਾ ਸੀ ਕਿ ਸਮੇਂ ਦੀਆਂ ਕੇਂਦਰੀ ਸਰਕਾਰਾਂ ਛੋਟੇ ਅਤੇ ਦਰਮਿਆਨੇ ਕਿਸਾਨ ਦੀ ਬਾਂਹ ਫੜਨ ਲਈ ਅੱਗੇ ਆਉਂਦੀਆਂ ਅਤੇ ਉਨਾਂ ਨੂੰ ਸਹਿਕਾਰੀ ਸੁਸਾਇਟੀਆਂ ਨੂੰ ਮਜ਼ਬੂਤ ਬਣਾ



ਕੇ ਖੇਤੀ ਮਸ਼ੀਨਰੀ ਅਤੇ ਖੇਤੀ ਉਤਪਾਦਨ ਵਿਚ ਕੰਮ ਆਉਣ ਵਾਲੀਆਂ ਹੋਰ ਚੀਜ਼ਾਂ, ਵਸਤਾਂ ਵਾਜਬ ਕੀਮਤਾਂ ‘ਤੇ ਮੁਹੱਈਆ ਕਰਵਾਉਂਦੀਆਂ ਅਤੇ ਦੇਸ਼ ਭਰ ਵਿਚ ਸਰਕਾਰੀ ਮੰਡੀਆਂ ਨੂੰ ਕੁਸ਼ਲ ਬਣਾ ਕੇ ਸਮਰਥਨ ਮੁੱਲ ’ਤੇ ਉਨਾਂ ਦੀਆਂ ਫ਼ਸਲਾਂ ਦੇ ਮੰਡੀਕਰਨ ਨੂੰ ਯਕੀਨੀ ਬਣਾਉਂਦੀਆਂ। ਨਵੀਆਂ ਖੇਤੀ ਤਕਨੀਕਾਂ ਕਿਸਾਨਾਂ ਤੱਕ ਪਹੁੰਚਾਉਣ ਲਈ ਰਾਜਾਂ ਦੇ ਖੇਤੀਬਾੜੀ ਵਿਭਾਗ ਪੂਰੀ ਸ਼ਿੱਦਤ ਨਾਲ ਕੰਮ ਕਰਨ। ਇਸ ਦੇ ਨਾਲ ਹੀ ਇਹ ਵੀ ਬੇਹੱਦ ਜ਼ਰੂਰੀ ਸੀ ਕਿ ਭਾਰਤ ਵਰਗੇ ਦੇਸ਼ ਵਿਚ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਸਰਕਾਰਾਂ ਵੱਲੋਂ ਵੱਡੀ ਪੱਧਰ ’ਤੇ ਯਤਨ ਕੀਤੇ ਜਾਂਦੇ। ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਮੌਸਮਾਂ ਦੀ ਬਹੁਤ ਵਿਭਿੰਨਤਾ ਹੈ ਅਤੇ ਇਸ ਦੇ ਕੋਲ ਵੱਡੀ ਪੱਧਰ ’ਤੇ ਖੁੱਲੇ ਮੈਦਾਨੀ ਇਲਾਕੇ ਹਨ। ਮੌਸਮਾਂ ਦੀ ਵਿਭਿੰਨਤਾ ਕਾਰਨ ਇੱਥੇ ਹਰ ਤਰਾਂ ਦੀਆਂ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ। ਇਸ ਖੇਤੀ ਉਤਪਾਦਨ ’ਤੇ ਆਧਾਰਤ ਦੇਸ਼ ਭਰ ਵਿਚ ਉਦਯੋਗ ਲਗਾ ਕੇ ਨਾ ਕੇਵਲ ਉਦਯੋਗਿਕ ਕ੍ਰਾਂਤੀ ਲਿਆਂਦੀ ਜਾ ਸਕਦੀ ਸੀ, ਸਗੋਂ ਖੇਤੀ ਨੂੰ ਵੀ ਹੰਢਣਸਾਰ ਬਣਾਇਆ ਜਾ ਸਕਦਾ ਸੀ। ਜੋ ਖੇਤੀ ਪੈਦਾ ਕਰਦੀ, ਦਿਹਾਤੀ ਖੇਤਰਾਂ ਵਿਚ ਲੱਗੀਆਂ ਸਨਅਤਾਂ ਉਸ ਨੂੰ ਤਿਆਰ ਮਾਲ ਵਿਚ ਬਦਲ ਕੇ ਦੇਸ਼-ਵਿਦੇਸ਼ ਦੇ ਬਾਜ਼ਾਰਾਂ ਤੱਕ ਪਹੁੰਚਾ ਸਕਦੀਆਂ ਸਨ। ਪਰ ਸਮੇਂ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਲੰਮੇ ਸਮੇਂ ਤੱਕ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ, ਜਿਸ ਕਾਰਨ ਖੇਤੀ ਗਹਿਰੇ ਸੰਕਟ ਦਾ ਸ਼ਿਕਾਰ ਹੋ ਗਈ ਅਤੇ ਇਸ ਕਾਰਨ ਹੀ ਕਿਸਾਨ ਕਰਜ਼ੇ ਵਿਚ ਡੁੱਬ ਕੇ ਖ਼ੁਦਕੁਸ਼ੀਆਂ ਕਰਨ ਵਾਲੇ ਪਾਸੇ ਤੁਰ ਪਏ ਅਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ 16 ਫ਼ੀਸਦੀ ਤੋਂ ਵੀ ਹੇਠਾਂ ਡਿਗ ਪਿਆ। ਭਾਵੇਂ ਕਿ ਇਸ ਧੰਦੇ ਤੋਂ ਸਿੱਧੇ-ਅਸਿੱਧੇ ਢੰਗ ਨਾਲ ਅਜੇ ਵੀ 60 ਫ਼ੀਸਦੀ ਲੋਕ ਆਪਣਾ ਰੁਜ਼ਗਾਰ ਕਮਾ ਰਹੇ ਹਨ।

ਸਾਬਕਾ ਪ੍ਰਧਾਨ ਮੰਤਰੀ ਨਰਸਿਮਾ ਰਾਓ ਤੋਂ ਲੈ ਕੇ ਵਰਤਮਾਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਬਣੀਆਂ ਸਾਰੀਆਂ ਕੇਂਦਰੀ ਸਰਕਾਰਾਂ ਨੇ ਖੇਤੀ ਦੇ ਇਸ ਗੰਭੀਰ ਸੰਕਟ ਨੂੰ ਸਮਝ ਕੇ ਭਾਰਤੀ ਹਾਲਤਾਂ ਮੁਤਾਬਿਕ ਤੇ ਢੁਕਵੀਂ ਖੇਤੀ ਨੀਤੀ ਬਣਾਉਣ ਦੀ ਥਾਂ ’ਤੇ ਵਿਸ਼ਵ ਬੈਂਕ, ਵਪਾਰ ਸੰਗਠਨ ਅਤੇ ਅੰਤਰਰਾਸ਼ਟਰੀ ਮੁਦਰਾ ਫ਼ੰਡ ਵਰਗੀਆਂ ਕੌਮਾਂਤਰੀ ਸੰਸਥਾਵਾਂ ਅਤੇ ਦੇਸ਼-ਵਿਦੇਸ਼ ਦੇ ਵੱਡੇ ਕਾਰਪੋਰੇਟਰਾਂ ਦੇ ਦਬਾਅ ਹੇਠ ਖੇਤੀ ਵਪਾਰ ਅਤੇ ਖੇਤੀ ਉਤਪਾਦਨ ਦਾ ਧੰਦਾ ਹੀ ਵੱਡੇ ਕਾਰਪੋਰੇਟਰਾਂ ਅਤੇ ਨਿੱਜੀ ਕਾਰੋਬਾਰੀਆਂ ਦੇ ਹਵਾਲੇ ਕਰਨ ਦੀ ਨੀਤੀ ਅਪਣਾ ਲਈ। ਸਰਕਾਰਾਂ ਨੇ ਉਪਰੋਕਤ ਕੌਮਾਂਤਰੀ ਸੰਸਥਾਵਾਂ ਦੇ ਪ੍ਰਭਾਵ ਹੇਠ ਇਸ ਧਾਰਨਾ ਨੂੰ ਸਵੀਕਾਰ ਕਰ ਲਿਆ ਕਿ ਕਿਸਾਨ ਅਕੁਸ਼ਲ ਹਨ ਅਤੇ ਸਾਧਨ-ਵਿਹੀਣ ਹੋ ਗਏ ਹਨ। ਇਹ ਹੁਣ ਪੂੰਜੀ ਨਿਵੇਸ਼ ਕਰਕੇ ਅਤੇ ਨਵੀਆਂ ਤਕਨੀਕਾਂ ਅਪਣਾ ਕੇ ਖੇਤੀ ਉਤਪਾਦਨ ਵਿਚ ਵਾਧਾ ਨਹੀਂ ਕਰ ਸਕਦੇ। ਇਨਾਂ ਤੋਂ ਲੈ ਕੇ ਖੇਤੀ ਹੁਣ ਕਾਰਪੋਰੇਟਰਾਂ ਨੂੰ ਦੇ ਦਿੱਤੀ ਜਾਵੇ ਅਤੇ ਖੇਤੀ ਵਪਾਰ ਵੀ ਕਾਰਪੋਰੇਟਰਾਂ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਨਾਲ ਖੇਤੀ ਉਤਪਾਦਨ ਵਿਚ ਵਾਧਾ ਹੋਵੇਗਾ। ਦਰਮਿਆਨੇ ਅਤੇ ਛੋਟੇ ਕਿਸਾਨ ਜੋ ਇਸ ਨੀਤੀ ਕਾਰਨ ਵਿਹਲੇ ਹੋ ਜਾਣਗੇ, ਉਹ ਸ਼ਹਿਰਾਂ ਵਿਚ ਉਦਯੋਗਾਂ ਨੂੰ ਸਸਤੇ ਮਜ਼ਦੂਰਾਂ ਵਜੋਂ ਮੁਹੱਈਆ ਹੋ ਸਕਣਗੇ। ਅਸੀਂ ਸਮਝਦੇ ਹਾਂ ਕਿ ਇਹ ਨੀਤੀ ਦੇਸ਼ ਲਈ ਅਤੇ ਦੇਸ਼ ਦੇ ਸਮੁੱਚੇ ਲੋਕਾਂ ਲਈ ਬੇਹੱਦ ਘਾਤਕ ਹੈ। ਭਾਰਤ ਵਰਗੇ ਵੱਡੀ ਆਬਾਦੀ ਵਾਲੇ ਦੇਸ਼, ਜਿੱਥੇ 44 ਕਰੋੜ ਦੇ ਲਗਭਗ ਕਿਸਾਨਾਂ ਦੀ ਗਿਣਤੀ ਹੈ, ਉਨਾਂ ਨੂੰ ਇਸ ਤਰਾਂ ਧੱਕੇ ਨਾਲ ਖੇਤੀ ਦੇ ਧੰਦੇ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ, ਖ਼ਾਸ ਕਰਕੇ ਉਨਾਂ ਹਾਲਤਾਂ ਵਿਚ ਜਦੋਂ ਕਿ ਉਨਾਂ ਲਈ ਬਦਲਵੇਂ ਰੁਜ਼ਗਾਰ ਦੇ ਕੋਈ ਮੌਕੇ ਹੀ ਮੌਜੂਦ ਨਹੀਂ ਹਨ। ਸਰਕਾਰਾਂ ਦੀ ਇਹ ਨੀਤੀ ਆਪਣੇ-ਆਪ ਵਿਚ ਹੀ ਦੇਸ਼ ਵਿਚ ਜਨਤਕ ਬੇਚੈਨੀ ਅਤੇ ਅਰਾਜਕਤਾ ਨੂੰ ਸੱਦਾ ਦੇਣ ਵਾਲੀ ਸੀ। ਵਰਤਮਾਨ ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾ ਕੇ ਇਸ ਨੀਤੀ ਨੂੰ ਹੋਰ ਵੀ ਤੇਜ਼ੀ ਨਾਲ ਅਤੇ ਬੇਰਹਿਮੀ ਵਾਲੇ ਢੰਗ ਨਾਲ ਲਾਗੂ ਕਰਨ ਦਾ ਰਸਤਾ ਅਖ਼ਤਿਆਰ ਕੀਤਾ। ਇਸ ਦਾ ਹੀ ਪ੍ਰਤੀਕਰਮ ਹੈ ਕਿ ਕਿਸਾਨਾਂ ਵਿਚ ਮੌਜੂਦਾ ਕੇਂਦਰੀ ਸਰਕਾਰ ਵਿਰੁੱਧ ਵੱਡੀ ਪੱਧਰ ’ਤੇ ਰੋਹ ਅਤੇ ਰੋਸ ਪਾਇਆ ਜਾ ਰਿਹਾ ਹੈ। ਇਸੇ ਕਰਕੇ ਹੀ ਕਿਸਾਨਾਂ ਨੇ ਇਸ ਅੰਦੋਲਨ ਵਿਚ ਆਪਣਾ ਸਭ ਕੁਝ ਦਾਅ ’ਤੇ ਲਾ ਦਿੱਤਾ ਹੈ। ਅੰਦੋਲਨ ਦੀ ਇਸ ਵਿਆਪਕਤਾ ਨੂੰ ਮੁੱਖ ਰੱਖ ਕੇ ਹੀ ਮੋਦੀ ਸਰਕਾਰ ਜੋ ਪਹਿਲਾਂ ਸੱਤਾ ਦੇ ਨਸ਼ੇ ਵਿਚ ਚੂਰ ਸੀ, ਨੇ ਹੁਣ ਕੁਝ ਨਰਮੀ ਦਿਖਾਉਣੀ ਸ਼ੁਰੂ ਕੀਤੀ ਹੈ ਅਤੇ ਕਿਸਾਨਾਂ ਨੂੰ ਇਨਾਂ ਕਾਨੂੰਨਾਂ ਨੂੰ ਡੇਢ ਸਾਲ ਤੱਕ ਮੁਲਤਵੀ ਕਰਕੇ ਸਰਕਾਰ ਅਤੇ ਕਿਸਾਨਾਂ ਦੇ ਨੁਮਾਇੰਦਿਆਂ ਦੀ ਸਾਂਝੀ ਕਮੇਟੀ ਬਣਾ ਕੇ ਇਸ ਗੰਭੀਰ ਮਸਲੇ ਦਾ ਹੱਲ ਲੱਭਣ ਦੀ ਪੇਸ਼ਕਸ਼ ਕੀਤੀ ਹੈ। ਇਹ ਇਸ ਕਰਕੇ ਹੀ ਹੋਇਆ ਹੈ ਕਿ ਕਿਸਾਨਾਂ ਨੇ ਵੱਡੀ ਪੱਧਰ ’ਤੇ ਨਾ ਕੇਵਲ ਅੰਦੋਲਨ ਨੂੰ ਸਮਰਥਨ ਦਿੱਤਾ ਹੈ, ਸਗੋਂ ਇਸ ਨੂੰ ਸ਼ਾਂਤਮਈ ਵੀ ਰੱਖਿਆ ਹੈ। ਪੰਜਾਬ ਤੇ ਹਰਿਆਣੇ ਦੀ ਗ਼ੈਰ-ਦਿਹਾਤੀ ਆਬਾਦੀ ਨੇ ਵੀ ਇਸ ਨੂੰ ਭਰਵਾਂ ਸਮਰਥਨ ਦਿੱਤਾ ਹੈ। ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਪੰਜਾਬੀ ਦਿਨ-ਰਾਤ ਇਹ ਕਾਮਨਾ ਕਰ ਰਹੇ ਹਨ ਕਿ ਇਹ ਅੰਦੋਲਨ ਸਫਲ ਹੋਵੇ ਅਤੇ ਵੱਡੀਆਂ ਪ੍ਰਾਪਤੀਆਂ ਹਾਸਲ ਕਰਕੇ ਸਮਾਪਤ ਹੋਵੇ। ਸੋ ਇਸ ਅੰਦੋਲਨ ਦੀ ਸਫਲਤਾ ਕਿਸੇ ਇਕ ਦਾ ਨਹੀਂ ਸਗੋਂ ਦੇਸ਼-ਵਿਦੇਸ਼ ਵੱਸਦੇ ਸਮੂਹ ਕਿਸਾਨ ਸਮਰਥਕਾਂ ਦਾ ਸਰੋਕਾਰ ਹੈ। ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਕਿ ਜੇਕਰ ਮੌਜੂਦਾ ਕਿਸਾਨ ਲੀਡਰਸ਼ਿਪ ਜਿਸ ਨੇ ਬੜੀ ਸਿਆਣਪ ਨਾਲ ਇਸ ਅੰਦੋਲਨ ਨੂੰ ਚਲਾਇਆ ਹੈ, ਉਹ ਕੇਂਦਰ ਸਰਕਾਰ ਨਾਲ ਗੱਲਬਾਤ ਵਿਚ ਦ੍ਰਿੜਤਾ ਦੇ ਨਾਲ-ਨਾਲ ਲੋੜੀਂਦੀ ਕੂਟਨੀਤਕ ਨੀਤੀ ਦਾ ਵੀ ਪ੍ਰਗਟਾਵਾ ਕਰੇ। ਕਿਉਂਕਿ ਜਿਊਂਦੇ-ਜਾਗਦੇ ਸਮਾਜਾਂ ਵਿਚ ਨਾ ਤਾਂ ਕੋਈ ਅੰਦੋਲਨ ਆਖ਼ਰੀ ਹੁੰਦਾ ਹੈ ਤੇ ਨਾ ਹੀ ਕੋਈ ਮੰਗ ਆਖ਼ਰੀ ਹੁੰਦੀ ਹੈ। ਸਮੇਂ ਨਾਲ ਨਵੀਆਂ ਮੰਗਾਂ ਪੈਦਾ ਹੋ ਜਾਂਦੀਆਂ ਹਨ ਅਤੇ ਨਵੇਂ ਅੰਦੋਲਨ ਖੜੇ ਹੋ ਜਾਂਦੇ ਹਨ। ਅੰਦੋਲਨਕਾਰੀ ਲੀਡਰਸ਼ਿਪ ਦੀ ਸਫਲਤਾ ਇਸ ਗੱਲ ਵਿਚ ਹੁੰਦੀ ਹੈ ਕਿ ਜਿੰਨੀਆਂ ਮੰਗਾਂ ਉਸ ਵੱਲੋਂ ਉਠਾਈਆਂ ਜਾਂਦੀਆਂ ਹਨ, ਉਨਾਂ ਵਿਚੋਂ ਜੇ 70-80 ਫ਼ੀਸਦੀ ਮੰਗਾਂ ਵੀ ਮੰਨੀਆਂ ਜਾਣ ਤਾਂ ਉਨਾਂ ਨੂੰ ਸਰਕਾਰਾਂ ਨਾਲ ਲਚਕ ਦਿਖਾ ਕੇ ਸਮਝੌਤੇ ਵਾਲੇ ਪਾਸੇ ਤੁਰਨਾ ਚਾਹੀਦਾ ਹੈ ਤਾਂ ਜੋ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਲਾਭ ਉਠਾਇਆ ਜਾਵੇ ਅਤੇ ਭਵਿੱਖ ਦੇ ਅੰਦੋਲਨਾਂ ਲਈ ਮਨੁੱਖੀ ਅਤੇ ਵਿੱਤੀ ਵਸੀਲੇ ਬਚਾ ਕੇ ਰੱਖੇ ਜਾਣ। ਸਖ਼ਤ ਰੁਖ਼ ਅਪਣਾ ਕੇ ਅੰਦੋਲਨ ਨੂੰ ਅਸਫਲ ਨਹੀਂ ਹੋਣ ਦੇਣਾ ਚਾਹੀਦਾ।

ਵਰਤਮਾਨ ਕਿਸਾਨ ਲੀਡਰਸ਼ਿਪ ਤੋਂ ਵੀ ਮੌਜੂਦਾ ਕਿਸਾਨ ਅੰਦੋਲਨ ਦੀਆਂ ਹਕੀਕਤਾਂ ਅਜਿਹੀ ਹੀ ਸਿਆਣਪ ਦੀ ਮੰਗ ਕਰਦੀਆਂ ਹਨ। ਆਸ ਹੈ ਕਿ ਇਹ ਕਿਸਾਨ ਲੀਡਰਸ਼ਿਪ ਨਾ ਕੇਵਲ ਵਰਤਮਾਨ ਅੰਦੋਲਨ ਨੂੰ ਢੁਕਵੀਂ ਅਗਵਾਈ ਦੇ ਕੇ ਸਫਲਤਾ ਵੱਲ ਲੈ ਕੇ ਜਾਣ ਵਿਚ ਸਫਲ ਹੋਵੇਗੀ, ਸਗੋਂ ਇਸ ਅੰਦੋਲਨ ਨੂੰ ਹਰ ਹਾਲਤ ਵਿਚ ਸ਼ਾਂਤਮਈ ਵੀ ਰੱਖੇਗੀ। ਬਿਨਾਂ ਸ਼ੱਕ ਕਿਸਾਨ ਲੀਡਰਸ਼ਿਪ ਲਈ ਇਹ ਪਰਖ ਦੀ ਘੜੀ ਹੈ।


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਘਰੇਲੂ ਤੇ ਕੌਮਾਂਤਰੀ ਚੁਣੌਤੀਆਂ ਨਾਲ ਜੂਝਣਾ ਪਵੇਗਾ ਬਾਇਡਨ ਨੂੰ

**- ਹਰਸ਼ ਵੀ. ਪੰਤ**

ਤਮਾਮ ਉਥਲ-ਪੁਥਲ ਅਤੇ ਲੰਬੀ ਕਸ਼ਮਕਸ਼ ਤੋਂ ਬਾਅਦ ਆਖ਼ਰਕਾਰ ਜੋਅ ਬਾਇਡਨ ਵਾਈਟ ਹਾਊਸ ਦੇ ਨਵੇਂ ਮੇਜ਼ਬਾਨ ਬਣ ਗਏ ਹਨ। ਹਾਲਾਂਕਿ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਦੇ ਤੌਰ 'ਤੇ ਉਨਾਂ ਦੀ ਰਾਹ ਕਿਸੇ ਵੀ ਲਿਹਾਜ਼ ਨਾਲ ਆਸਾਨ ਨਹੀਂ ਰਹਿਣ ਵਾਲੀ। ਇਸ ਦਾ ਕਾਰਨ ਇਹੀ ਹੈ ਕਿ ਉਨਾਂ ਤੋਂ ਪਹਿਲਾਂ ਰਾਸ਼ਟਰਪਤੀ ਰਹੇ ਡੋਨਾਲਡ ਟਰੰਪ ਉਨਾਂ ਲਈ ਨਾ ਸਿਰਫ਼ ਘਰੇਲੂ ਪੱਧਰ 'ਤੇ, ਬਲਕਿ ਕੌਮਾਂਤਰੀ ਮੁਹਾਜ਼ 'ਤੇ ਚੁਣੌਤੀਆਂ ਦੇ ਅੰਬਾਰ ਨਾਲ ਜੁੜੀ ਵਿਰਾਸਤ ਛੱਡ ਕੇ ਜਾ ਰਹੇ ਹਨ।

ਅਸਲ ਵਿਚ ਬਾਇਡਨ ਨੂੰ ਇਕ ਅਤਿਅੰਤ ਪਾਟੋਧਾੜ ਵਾਲੇ ਮੁਲਕ ਦੀ ਅਗਵਾਈ ਕਰਨੀ ਪੈ ਰਹੀ ਹੈ। ਇਸ ਪਾਟੋਧਾੜ ਦੇ ਖੱਪੇ ਕਿੰਨੇ ਡੂੰਘੇ ਹੋ ਗਏ ਹਨ, ਉਸ ਦੇ ਸੰਕੇਤ ਛੇ ਜਨਵਰੀ ਨੂੰ ਉਦੋਂ ਸਪਸ਼ਟ ਦਿਸ ਗਏ ਸਨ ਜਦ ਇਕ ਅਣਕਿਆਸੇ ਘਟਨਾ ਚੱਕਰ ਤਹਿਤ ਟਰੰਪ ਸਮਰਥਕਾਂ ਨੇ ਅਮਰੀਕੀ ਸੰਸਦ ਕੈਪੀਟਲ ਹਿੱਲ 'ਤੇ ਧਾਵਾ ਬੋਲ ਕੇ ਅਮਰੀਕਾ ਦੀ ਜਗ-ਹਸਾਈ ਕਰਵਾਈ ਸੀ।

ਇਹ ਵਾਕਈ ਅਮਰੀਕਾ ਨੂੰ ਇੰਨਾ ਅਸਹਿਜ ਕਰਨ ਵਾਲਾ ਸੀ ਕਿ ਚੀਨ ਵਰਗੇ ਤਾਨਾਸ਼ਾਹ ਦੇਸ਼ ਅਮਰੀਕਾ ਨੂੰ ਲੋਕਤੰਤਰ ਦੇ ਮਸਲੇ 'ਤੇ ਸ਼ੀਸ਼ਾ ਦਿਖਾਉਣ ਲੱਗੇ ਤਾਂ ਰੂਸ ਉਸ ਨੂੰ ਲੋਕਤੰਤਰ ਦਾ ਊੜਾ-ਐੜਾ ਸਿਖਾਉਣ ਵਿਚ ਰੁੱਝ ਗਿਆ ਅਤੇ ਤੀਜੀ ਦੁਨੀਆ ਦੇ ਤਮਾਮ ਉਹ ਦੇਸ਼ ਵੀ ਅਮਰੀਕਾ ਨੂੰ ਟਿੱਚਰਾਂ ਕਰਨ ਤੋਂ ਪਿੱਛੇ ਨਹੀਂ ਰਹੇ ਜਿੱਥੇ ਲੋਕਤੰਤਰ ਦੀ ਸਥਾਪਨਾ ਦੀ ਆੜ ਹੇਠ ਅਮਰੀਕਾ ਨੇ ਹਮੇਸ਼ਾ ਆਪਣੇ ਹਿੱਤਾਂ ਨੂੰ ਹੀ ਮੂਹਰੇ ਰੱਖਣ ਦਾ ਕੰਮ ਕੀਤਾ ਹੈ।

ਸਪਸ਼ਟ ਹੈ ਕਿ 20 ਜਨਵਰੀ ਨੂੰ ਰਾਸ਼ਟਰਪਤੀ ਦੇ ਰੂਪ ਵਿਚ ਅਹੁਦਾ ਸੰਭਾਲਣ ਦੇ ਨਾਲ ਹੀ ਬਾਇਡਨ ਦੀ ਪਹਿਲੀ ਤਰਜੀਹ ਘਰੇਲੂ ਮੁਹਾਜ਼ 'ਤੇ ਪਏ ਇਨਾਂ ਖੱਪਿਆਂ ਨੂੰ ਪੂਰਨ ਦੀ ਹੋਵੇਗੀ। ਹਾਲਾਂਕਿ ਇਨਾਂ ਖੱਪਿਆਂ ਦੀਆਂ ਜੜਾਂ ਬਹੁਤ ਡੂੰਘੀਆਂ ਹਨ। ਟਰੰਪ ਦੇ ਦੌਰ ਵਿਚ ਬਸ ਇਹ ਹੋਰ ਡੂੰਘੀਆਂ ਹੀ ਹੋਈਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਟਰੰਪ ਨੇ ਅਮਰੀਕੀ ਲੋਕ ਫ਼ਤਵੇ ਨੂੰ ਇੱਜ਼ਤ-ਮਾਣ ਨਾਲ ਸਵੀਕਾਰ ਨਹੀਂ ਕੀਤਾ। ਨਵੰਬਰ ਵਿਚ ਨਤੀਜੇ ਆਉਣ ਤੋਂ ਬਾਅਦ ਹੀ ਉਹ ਲਗਾਤਾਰ ਉਨਾਂ 'ਤੇ ਉਂਗਲ ਚੁੱਕਦੇ ਰਹੇ ਹਨ।

ਇੱਥੋਂ ਤਕ ਕਿ ਹੁਣ ਵੀ ਉਨਾਂ ਦੇ ਇਕ ਵੱਡੇ ਸਮਰਥਕ ਵਰਗ ਨੂੰ ਇਹੀ ਲੱਗਦਾ ਹੈ ਕਿ ਚੋਣਾਂ ਵਿਚ ਡੋਨਾਲਡ ਟਰੰਪ ਨਾਲ ਧਾਂਦਲੀ ਹੋਈ ਹੈ। ਨਤੀਜਿਆਂ ਨੂੰ ਲੈ ਕੇ ਉਨਾਂ ਵਿਚ ਬਹੁਤ ਗ਼ੁੱਸਾ ਹੈ। ਇਸੇ ਰੋਹ ਦਾ ਹਿੰਸਕ ਪ੍ਰਗਟਾਵਾ ਉਨਾਂ ਨੇ ਅਮਰੀਕੀ ਸੰਸਦ ਵਿਚ ਹੁੱਲੜਬਾਜ਼ੀ ਕਰ ਕੇ ਵੀ ਕੀਤਾ। ਯਕੀਨਨ ਟਰੰਪ ਚਾਹੁੰਦੇ ਤਾਂ ਅਜਿਹੇ ਅਣਸੁਖਾਵੀਂ ਸਥਿਤੀ ਤੋਂ ਬਚਿਆ ਜਾ ਸਕਦਾ ਸੀ। ਹਾਲਾਂਕਿ ਵਿਰੋਧੀ ਖ਼ੇਮਾ ਵੀ ਇਸ ਦੇ ਲਈ ਘੱਟ ਕਸੂਰਵਾਰ ਨਹੀਂ।

ਅਜਿਹਾ ਇਸ ਲਈ ਕਿਉਂਕਿ ਜਦ ਟਰੰਪ ਰਾਸ਼ਟਰਪਤੀ ਚੁਣੇ ਗਏ ਤਾਂ ਉਨਾਂ ਦੀ ਵਿਰੋਧੀ ਹਿਲੇਰੀ ਕਲਿੰਟਨ ਅਤੇ ਉਨਾਂ ਦੇ ਸਮਰਥਕ ਵਾਰ-ਵਾਰ ਇਹ ਦੋਸ਼ ਲਗਾਉਂਦੇ ਰਹੇ ਕਿ ਉਹ ਰੂਸ ਦੀ ਦਖ਼ਲਅੰਦਾਜ਼ੀ ਨਾਲ ਜਿੱਤੇ ਹਨ।

ਇਨਾਂ ਇਲਜ਼ਾਮਾਂ ਦੀ ਡੂੰਘਾਈ ਨਾਲ ਜਾਂਚ ਹੋਈ ਪਰ ਸਬੂਤਾਂ ਦੇ ਆਧਾਰ 'ਤੇ ਇਹ ਦੋਸ਼ ਕਿਤੇ ਨਹੀਂ ਟਿਕੇ। ਅਜਿਹੇ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਰਾਜਨੀਤੀ ਅਤੇ ਸਮਾਜ ਵਿਚ ਅਜਿਹੀ ਅਸੰਤੁਸ਼ਟੀ ਨਵੀਂ ਨਹੀਂ ਹੈ ਅਤੇ ਟਰੰਪ ਦੇ ਦੌਰ ਵਿਚ ਉਸ ਨੂੰ ਬਸ ਹੋਰ ਹਮਲਾਵਰ ਤਰੀਕੇ ਨਾਲ ਪ੍ਰਗਟਾਉਣ ਦਾ ਹੀ ਮੌਕਾ ਮਿਲਿਆ।

ਬਾਇਡਨ ਨੂੰ ਸਭ ਤੋਂ ਪਹਿਲਾਂ ਅਮਰੀਕੀ ਸਮਾਜ ਵਿਚ ਵੱਧ ਰਹੀ ਇਸ ਅਸੰਤੁਸ਼ਟੀ ਅਤੇ ਧਰੁਵੀਕਰਨ 'ਤੇ ਵਿਰਾਮ ਲਗਾਉਣਾ ਹੋਵੇਗਾ। ਹਾਲਾਂਕਿ ਨਤੀਜਿਆਂ ਤੋਂ ਬਾਅਦ ਤੋਂ ਹੀ ਉਹ 'ਹੀਲਿੰਗ' ਅਰਥਾਤ ਹਮਦਰਦੀ ਜ਼ਾਹਰ ਕਰਨ ਅਤੇ ਮਰਹਮ ਲਗਾਉਣ ਦੀ ਗੱਲ ਕਰ ਰਹੇ ਹਨ। ਅਜਿਹੇ ਵਿਚ ਇਹੀ ਦੇਖਣਾ ਹੋਵੇਗਾ ਕਿ ਇਸ ਵਿਚ ਉਹ ਕਿੰਨੇ ਸਫਲ ਹੋ ਪਾਉਂਦੇ ਹਨ।

ਹੀਲਿੰਗ ਦੀ ਪ੍ਰਕਿਰਿਆ ਵਿਚ ਦੋ ਮੋਰਚਿਆਂ 'ਤੇ ਕੰਮ ਕਰਨਾ ਉਨਾਂ ਲਈ ਬੇਹੱਦ ਜ਼ਰੂਰੀ ਹੋਵੇਗਾ। ਇਕ ਤਾਂ ਕੋਰੋਨਾ ਵਿਰੁੱਧ ਆਪਣੇ ਮੁਹਿੰਮ ਨੂੰ ਫ਼ੈਸਲਾਕੁੰਨ ਰਫ਼ਤਾਰ ਦੇਣੀ ਹੋਵੇਗੀ ਅਤੇ ਦੂਜਾ, ਅਮਰੀਕੀ ਅਰਥਚਾਰੇ ਵਿਚ ਆਈਆਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਜੀਅ ਤੋੜ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ। ਉਨਾਂ ਨੂੰ ਯਾਦ ਰਹੇ ਕਿ ਕੋਰੋਨਾ ਵਿਰੁੱਧ ਟਰੰਪ ਦੇ ਢਿੱਲੇ-ਮੱਠੇ ਰਵੱਈਏ ਨੂੰ ਹੀ ਉਨਾਂ ਦੀ ਹਾਰ ਦੇ ਕਾਰਨਾਂ ਵਿਚੋਂ ਇਕ ਮੰਨਿਆ ਗਿਆ।

ਅਜਿਹੇ ਵਿਚ ਇਸ ਮਹਾਂਮਾਰੀ ਵਿਰੁੱਧ ਉਨਾਂ ਤੋਂ ਅਮਰੀਕੀ ਜਨਤਾ ਦੀਆਂ ਉਮੀਦਾਂ ਵਧਣਾ ਸੁਭਾਵਿਕ ਹੀ ਹੈ ਜਿੱਥੇ ਕੋਵਿਡ-19 ਦਾ ਕੋਹਰਾਮ ਅਜੇ ਵੀ ਜਾਰੀ ਹੈ। ਓਥੇ ਹੀ ਪਹਿਲਾਂ ਤੋਂ ਹੀ ਸੁਸਤ ਪਏ ਅਮਰੀਕੀ ਅਰਥਚਾਰੇ 'ਤੇ ਕੋਰੋਨਾ ਦੇ ਵਾਰ ਕਾਰਨ ਹਾਲਾਤ ਹੋਰ ਵਿਗੜੇ ਹਨ। ਇਸ ਲਈ ਆਰਥਿਕ ਮੋਰਚਿਆਂ ਨੂੰ ਦਰੁਸਤ ਕਰਨਾ ਵੀ ਉਨਾਂ ਲਈ ਇਕ ਸਖ਼ਤ ਚੁਣੌਤੀ ਸਿੱਧ ਹੋਣ ਵਾਲੀ ਹੈ।

ਅਮਰੀਕੀ ਸੱਤਾ ਅਦਾਰੇ ਤੋਂ ਭਾਵੇਂ ਹੀ ਟਰੰਪ ਦੀ ਵਿਦਾਈ ਹੋ ਰਹੀ ਹੋਵੇ ਪਰ ਟਰੰਪਵਾਦ ਤੋਂ ਛੁਟਕਾਰਾ ਪਾਉਣਾ ਬਾਇਡਨ ਲਈ ਆਸਾਨ ਨਹੀਂ ਹੋਵੇਗਾ। ਅਸਲ ਵਿਚ ਟਰੰਪ ਨੇ ਕਈ ਅਜਿਹੇ ਮੋਰਚਿਆਂ 'ਤੇ ਅਣ-ਕਿਆਸੇ ਕਦਮ ਚੁੱਕੇ ਜਿਨਾਂ 'ਤੇ ਰਵਾਇਤੀ ਅਮਰੀਕੀ ਤੌਰ-ਤਰੀਕੇ ਨਾਲ ਅੱਗੇ ਵਧਣਾ ਮੁਸ਼ਕਲ ਸੀ।

ਇਹੀ ਟਰੰਪਵਾਦ ਹੈ। ਜਿਵੇਂ ਬੀਤੇ ਕਈ ਦਹਾਕਿਆਂ ਤੋਂ ਚੀਨ ਦੇ ਅੱਗੇ ਖ਼ੁਦ ਨੂੰ ਲਾਚਾਰ ਮਹਿਸੂਸ ਕਰਦਾ ਅਮਰੀਕਾ ਬੀਜਿੰਗ ਨਾਲ ਮੁਕਾਬਲੇ ਜਾਂ ਉਸ ਨਾਲ ਸਖ਼ਤ ਸੌਦੇਬਾਜ਼ੀ ਦੀ ਕੋਈ ਰਾਹ ਲੱਭਣ ਵਿਚ ਔਖ ਮਹਿਸੂਸ ਕਰ ਰਿਹਾ ਸੀ ਪਰ ਟਰੰਪ ਨੇ ਇਕ ਝਟਕੇ ਵਿਚ ਅਮਰੀਕਾ ਦੀ ਚੀਨ ਨੀਤੀ ਬਦਲ ਦਿੱਤੀ, ਭਾਵੇਂ ਹੀ ਉਸ ਦੇ ਜੋ ਵੀ ਨਤੀਜੇ ਨਿਕਲੇ ਹੋਣ।

ਅਜਿਹੇ ਵਿਚ ਵਿਆਪਕ ਤੌਰ 'ਤੇ ਭਾਵੇਂ ਹੀ ਇਹ ਮੰਨਿਆ ਜਾ ਰਿਹਾ ਹੋਵੇ ਕਿ ਬਾਇਡਨ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਚੀਨ ਨਾਲ ਅਮਰੀਕਾ ਦੀ ਸਰਗਰਮੀ ਭਾਈਵਾਲੀ ਵਧੇਗੀ ਪਰ ਦੁਵੱਲੇ ਸਬੰਧਾਂ ਵਿਚ ਪੁਰਾਣੇ ਦੌਰ ਦੀ ਵਾਪਸੀ ਅਸੰਭਵ ਹੋਵੇਗੀ। ਚੀਨ ਪ੍ਰਤੀ ਅਮਰੀਕੀ ਜਨਤਾ ਵਿਚ ਵੱਧ ਰਹੀ ਅਸੰਤੁਸ਼ਟੀ ਵੀ ਬਾਇਡਨ ਦੇ ਮਨ ਵਿਚ ਬੀਜਿੰਗ ਪ੍ਰਤੀ ਕਿਸੇ ਸੰਭਾਵੀ ਨਰਮ ਖੂੰਜੇ ਦੀ ਰਾਹ ਰੋਕੇਗਾ।

ਇੰਨਾ ਹੀ ਨਹੀਂ, ਵਿਸ਼ਵ ਸਿਹਤ ਸੰਗਠਨ ਵਰਗੀਆਂ ਜਿਨਾਂ ਕੌਮਾਂਤਰੀ ਸੰਸਥਾਵਾਂ ਨਾਲ ਟਰੰਪ ਨੇ ਅਮਰੀਕਾ ਦੀਆਂ ਕੜੀਆਂ ਤੋੜੀਆਂ, ਉਨਾਂ ਨੂੰ ਬਾਇਡਨ ਵਾਪਸ ਜੋੜਨਗੇ ਪਰ ਆਪਣੇ ਤੌਰ-ਤਰੀਕੇ ਨਾਲ। ਇਸ ਵਿਚ ਉਨਾਂ ਦੇ ਤੇਵਰ ਭਾਵੇਂ ਹੀ ਟਰੰਪ ਤੋਂ ਜੁਦਾ ਹੋਣਗੇ ਪਰ ਮਨਸ਼ਾ ਟਰੰਪ ਤੋਂ ਵੱਖਰੀ ਨਹੀਂ ਹੋਵੇਗੀ ਕਿਉਂਕਿ ਨਵੀਂ ਵਿਵਸਥਾ ਵਿਚ ਉਹ ਅਮਰੀਕਾ ਦੇ ਅਨੁਕੂਲ ਸਮੀਕਰਨ ਹੀ ਬਿਠਾਉਣਾ ਚਾਹੁੰਣਗੇ। ਅਰਥਾਤ ਇਨਾਂ ਸੰਸਥਾਵਾਂ ਵਿਚ ਅਮਰੀਕਾ ਦੀ ਵਾਪਸੀ ਹੋਵੇਗੀ ਪਰ ਸਖ਼ਤ ਸੌਦੇਬਾਜ਼ੀ ਦੇ ਨਾਲ।

ਇਸੇ ਤਰਾਂ ਪੱਛਮੀ ਏਸ਼ਿਆਈ ਮੁਹਾਂਦਰੇ 'ਤੇ ਵੀ ਬਾਇਡਨ ਲਈ ਤਬਦੀਲੀ ਦੀ ਬਹੁਤੀ ਗੁੰਜਾਇਸ਼ ਨਹੀਂ ਹੋਵੇਗੀ।

ਅਜੇ ਤਕ ਬਾਇਡਨ ਨੇ ਇਹੀ ਸੰਕੇਤ ਦਿੱਤੇ ਹਨ ਕਿ ਉਹ ਅਮਰੀਕਾ ਦੇ ਪੁਰਾਣੇ ਸਹਿਯੋਗੀਆਂ ਦੇ ਨਾਲ ਨੇੜਿਓਂ ਕੰਮ ਕਰਨ ਦੇ ਚਾਹਵਾਨ ਹਨ। ਹਾਲਾਂਕਿ ਟਰੰਪ ਦੇ ਦੌਰ ਵਿਚ ਵਾਸ਼ਿੰਗਟਨ ਪ੍ਰਤੀ ਸਹਿਯੋਗੀਆਂ ਵਿਚ ਵਧੇ ਆਤਮ-ਵਿਸ਼ਵਾਸ ਕਾਰਨ ਉਨਾਂ ਨੂੰ ਇਸ ਦਿਸ਼ਾ ਵਿਚ ਵਾਧੂ ਯਤਨ ਕਰਨੇ ਹੋਣਗੇ।

ਅਜਿਹਾ ਇਸ ਲਈ ਕਿਉਂਕਿ ਬਾਇਡਨ ਦੇ ਤਮਾਮ ਭਰੋਸਿਆਂ ਭਰੇ ਸੰਕੇਤਾਂ ਦੇ ਬਾਵਜੂਦ ਯੂਰਪੀ ਮੁਲਕਾਂ ਨੇ ਉਨਾਂ ਦੀ ਅਣਦੇਖੀ ਕਰ ਕੇ ਹਾਲ ਹੀ ਵਿਚ ਚੀਨ ਨਾਲ ਸਮਝੌਤਿਆਂ 'ਤੇ ਅੰਤਿਮ ਮੋਹਰ ਲਾ ਹੀ ਦਿੱਤੀ। ਜਿੱਥੇ ਤੱਕ ਭਾਰਤ ਦਾ ਸਵਾਲ ਹੈ ਤਾਂ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਗਰਮਜੋਸ਼ੀ ਅਤੇ ਨਿਰੰਤਰਤਾ ਦਾ ਵਹਾਅ ਕਾਇਮ ਰਹਿਣ ਦੀ ਹੀ ਸੰਭਾਵਨਾ ਹੈ।

ਇਸ ਦੇ ਕਈ ਕਾਰਨ ਹਨ। ਇਕ ਤਾਂ ਪਿਛਲੇ ਦੋ ਦਹਾਕਿਆਂ ਵਿਚ ਜੇਕਰ ਕਿਸੇ ਵੱਡੇ ਮੁਲਕ ਨਾਲ ਅਮਰੀਕਾ ਦੇ ਰਿਸ਼ਤਿਆਂ ਵਿਚ ਸਿਰਫ਼ ਸੁਧਾਰ ਹੀ ਹੋਇਆ ਹੈ ਤਾਂ ਉਹ ਮੁਲਕ ਹੈ ਭਾਰਤ। ਨਾਲ ਹੀ ਬਾਇਡਨ ਪ੍ਰਸ਼ਾਸਨ ਵਿਚ ਕਈ ਮੁੱਖ ਅਹੁਦਿਆਂ 'ਤੇ ਅਜਿਹੇ ਲੋਕਾਂ ਨੂੰ ਜਗਾ ਦਿੱਤੀ ਗਈ ਹੈ ਜਿਨਾਂ ਦੀ ਨਾ ਸਿਰਫ਼ ਭਾਰਤ ਨਾਲ ਕਾਫ਼ੀ ਨੇੜਤਾ ਰਹੀ ਹੈ ਬਲਕਿ ਉਨਾਂ ਨੇ ਕਈ ਮਹੱਤਵਪੂਰਨ ਮਸਲਿਆਂ 'ਤੇ ਨਵੀਂ ਦਿੱਲੀ ਦੇ ਨਾਲ ਮਿਲ ਕੇ ਕੰਮ ਵੀ ਕੀਤਾ ਹੈ। ਹਾਲਾਂਕਿ ਹੁਣ ਵੀ ਕੁਝ ਮਸਲਿਆਂ 'ਤੇ ਦੋਵਾਂ ਮੁਲਕਾਂ ਵਿਚਾਲੇ ਅੜਿੱਕੇ ਬਰਕਰਾਰ ਹਨ ਪਰ ਹਮਲਾਵਰ ਹੁੰਦੇ ਚੀਨ ਅਤੇ ਇਕ-ਦੂਜੇ ਦੀ ਪਰਸਪਰ ਜ਼ਰੂਰਤ ਨੂੰ ਦੇਖਦੇ ਹੋਏ ਉਨਾਂ ਦਾ ਕੋਈ ਨਾ ਕੋਈ ਹੱਲ ਕੱਢਣਾ ਔਖਾ ਨਹੀਂ ਹੋਵੇਗਾ।

ਫਿਰ ਵੀ ਦੋਵਾਂ ਮੁਲਕਾਂ ਦੀ ਲੀਡਰਸ਼ਿਪ ਨੂੰ ਆਪਸੀ ਭਰੋਸਾ ਵਧਾਉਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ। ਬਾਇਡਨ ਤੋਂ ਅਮਰੀਕਾ ਵਿਚ ਵੱਸਦੇ ਪਰਵਾਸੀ ਭਾਰਤੀਆਂ ਨੂੰ ਵੀ ਬਹੁਤ ਉਮੀਦਾਂ ਹਨ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਜੋਅ ਬਾਇਡਨ ਅਮਰੀਕਾ ਦੇ ਨਾਲ-ਨਾਲ ਵਿਸ਼ਵ ਲਈ ਵੀ ਚੰਗਾ ਰਾਹ ਦਸੇਰਾ ਸਿੱਧ ਹੋਣਗੇ।

**-(ਆਬਜ਼ਰਵਰ ਰਿਸਰਚ ਫਾਊਂਡੇਸ਼ਨ 'ਚ ਰਣਨੀਤਕ ਅਧਿਐਨ ਪ੍ਰੋਗਰਾਮ ਦਾ ਨਿਰਦੇਸ਼ਕ)**

# ਟਰੰਪ ਨੇ ਅਮਰੀਕੀ ਲੋਕਤੰਤਰ, ਸੰਵਿਧਾਨਕ ਸੰਸਥਾਵਾਂ, ਵਿਦੇਸ਼ ਨੀਤੀ, ਸਿਹਤ ਨੀਤੀ ਨੂੰ ਪਹੁੰਚਾਇਆ ਨੁਕਸਾਨ

**- ਦਰਬਾਰਾ ਸਿੰਘ**

ਅਮਰੀਕਾ ਪੂਰੇ ਵਿਸ਼ਵ ਅੰਦਰ ਆਪਣੇ ਲੋਕਤੰਤਰ ਨੂੰ ਸ੍ਰੇਸ਼ਠ, ਉੱਚ ਮੁੱਲਾਂ, ਸੰਵਿਧਾਨਕ ਸੰਸਥਾਵਾਂ ਦੇ ਸੰਤੁਲਨ ਅਤੇ ਮਾਨਵ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਇਕ ਨਿਵੇਕਲਾ ਲੋਕਤੰਤਰ ਪ੍ਰਚਾਰਦਾ ਰਿਹਾ ਹੈ। ਵਿਸ਼ਵ ਮਹਾਂ-ਸ਼ਕਤੀ ਵਜੋਂ ਸਰਦਾਰੀ ਦਾ ਸਿਹਰਾ ਇਸ ਲੋਕਤੰਤਰ ਸਿਰ ਬੰਨਦਾ ਹੈ ਪਰ ਸਮੇਂ-ਸਮੇਂ ਡੋਨਾਲਡ ਟਰੰਪ ਵਰਗੇ ਚੁਣੇ ਜਾਂਦੇ ਰਾਸ਼ਟਰਪਤੀਆਂ ਨੇ ਇਸ ਦੇ ਲੋਕਤੰਤਰ, ਸੰਵਿਧਾਨਕ ਸੰਸਥਾਵਾਂ, ਕੌਮੀ ਏਕਤਾ, ਮਨੁੱਖੀ ਅਧਿਕਾਰਾਂ, ਵਿਦੇਸ਼ੀ ਸਬੰਧਾਂ, ਪ੍ਰਸ਼ਾਸਨਿਕ ਅਦਾਰਿਆਂ ਨੂੰ ਇੰਨਾ ਵੱਡਾ ਨੁਕਸਾਨ ਪਹੁੰਚਾਇਆ ਹੈ ਜਿਸ ਦੀ ਪੂਰਤੀ ਲਈ ਦਹਾਕੇ ਲੱਗਦੇ ਰਹੇ।

ਆਪਣੇ ਚਾਰ ਸਾਲਾ ਕਾਰਜਕਾਲ ਵਿਚ ਟਰੰਪ ਨੇ ਅਮਰੀਕੀ ਲੋਕਤੰਤਰ, ਕੌਮ, ਭਾਈਚਾਰੇ, ਸੰਵਿਧਾਨਕ ਸੰਸਥਾਵਾਂ, ਵਿਦੇਸ਼ ਨੀਤੀ, ਸਿਹਤ ਨੀਤੀ ਨੂੰ ਜਿੰਨਾ ਨੁਕਸਾਨ ਪਹੁੰਚਾਇਆ ਹੈ, ਓਨਾ ਉਸ ਤੋਂ ਪਹਿਲਾਂ ਹੋਏ ਰਾਸ਼ਟਰਪਤੀਆਂ ਨੇ ਕਦੇ ਨਹੀਂ ਪਹੁੰਚਾਇਆ।

ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਜੋ ਵਿਸ਼ਵ ਦੇ ਸਭ ਲੋਕਤੰਤਰੀ ਪਦਾਂ ਨਾਲੋਂ ਤਾਕਤਵਰ, ਸ਼ਾਨਮੱਤਾ, ਪ੍ਰਭਾਵਸ਼ਾਲੀ ਅਤੇ ਪ੍ਰਬੁੱਧਤਾ ਭਰੀ ਸ਼ਾਲੀਨਤਾ ਦਾ ਮੁਜੱਸਮਾ ਸਮਝਿਆ ਜਾਂਦਾ ਹੈ, ਨੂੰ ਟਰੰਪ ਦੀਆਂ ਅਨੈਤਿਕ ਗਤੀਵਿਧੀਆਂ, ਅਨੇਕ ਤਾਕਤਵਰ ਰਾਸ਼ਟਰਾਂ ਦੇ ਮੁਖੀਆਂ ਦੀ ਮਹਿਫ਼ਲ ਵਿਚ ਰੋਲ ਕੇ ਰੱਖ ਦਿੱਤਾ ਹੈ।

ਟਰੰਪ ਨੇ ਆਪਣੇ ਅੱਖੜ ਸੁਭਾਅ ਕਾਰਨ ਜਿੱਥੇ ਕਈ ਮੁਲਕਾਂ ਦੇ ਮੁਖੀਆਂ ਨੂੰ ਵਕਤ ਪਾਈ ਰੱਖਿਆ, ਓਥੇ ਹੀ ਵਾਰ-ਵਾਰ ਝੂਠ ਬੋਲਣ ਦੀ ਆਦਤ ਕਾਰਨ ਆਪਣੀ ਜਗ ਹਸਾਈ ਵੀ ਕਰਾਈ। ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ-ਜੋਂਗ-ਉਨ ਨਾਲ ਹੋਛੀ ਬਿਆਨਬਾਜ਼ੀ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਖਹਿਬੜਨ ਦੀ ਘਟਨਾ ਟਰੰਪ ਦੇ ਸਨਕੀ ਹੋਣ ਦੀ ਦਾਸਤਾਨ ਬਿਆਨ ਕਰਦੀ ਹੈ। ਉਹ ਈਰਾਨ ਦੇ ਰਾਸ਼ਟਰਪਤੀ ਨਾਲ ਵੀ ਜ਼ੁਬਾਨੀ ਜੰਗ ਵਿਚ ਫਸਿਆ ਰਿਹਾ।

**ਮਾਫ਼ ਕਰਨਾ ਸਿੱਖੋ**

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਉਸ ਦੀ ਭਾਵੇਂ ਨੇੜਤਾ ਸੀ ਪਰ ਉਹ ਵੇਲੇ-ਕੁਵੇਲੇ ਅਜਿਹੇ ਬਿਆਨ ਦਿੰਦਾ ਰਿਹਾ ਜੋ ਭਾਰਤੀ ਲੀਡਰਸ਼ਿਪ ਨੂੰ ਪਰੇਸ਼ਾਨ ਕਰਦੇ ਰਹੇ। ਇਸੇ ਲਈ ਅਮਰੀਕੀ ਰਾਸ਼ਟਰਪਤੀਆਂ ਦੇ ਇਤਿਹਾਸਕ ਸਥਾਨ ਸਬੰਧੀ ਤਿਆਰ ਕੀਤੀ ਜਾਣ ਵਾਲੀ ਸੂਚੀ ਵਿਚ ਟਰੰਪ ਹੁਣ ਤਕ ਦੇ 45 ਰਾਸ਼ਟਰਪਤੀਆਂ 'ਚੋਂ ਸਭ ਤੋਂ ਨਿਕੰਮੇ ਸਾਬਤ ਹੋਣ ਕਾਰਨ ਸਭ ਤੋਂ ਸ਼ਰਮਨਾਕ ਹੇਠਲੇ ਸਥਾਨ 'ਤੇ ਦਰਜ ਹੋਣਗੇ। ਸ਼ੁਰੂ ਵਿਚ ਉਹ ਆਪਣੇ ਅੰਦਰੂਨੀ ਸਰਕਲ ਵਿਚ ਫੜਾਂ ਮਾਰਦਾ ਹੋਇਆ ਆਪਣੇ-ਆਪ ਨੂੰ ਮਹਾਨ ਇਬਰਾਹਮ ਲਿੰਕਨ ਦੇ ਬਰਾਬਰ ਹੋਣ ਦਾ ਦਾਅਵਾ ਕਰਦਾ ਰਿਹਾ। ਇਹੀ ਨਹੀਂ, ਉਹ ਆਪਣੀ ਤੁਲਨਾ ਜਾਰਜ ਵਾਸ਼ਿੰਗਟਨ ਤੇ ਥਾਮਸ ਜੈਫਰਸਨ ਵਰਗੇ ਰਾਸ਼ਟਰਪਤੀਆਂ ਨਾਲ ਵੀ ਕਰਦਾ ਰਿਹਾ ਪਰ ਸਵਾਲ ਤਾਂ ਇਹ ਸੀ ਕਿ ਉਨਾਂ ਵਰਗੇ ਗੁਣ, ਸੁਘੜਤਾ, ਦੂਰ-ਦ੍ਰਿਸ਼ਟੀ ਤੇ ਵਰਤਾਰਾ ਕਿੱਥੋਂ ਪੈਦਾ ਕਰਦਾ?

ਅਮਰੀਕੀ ਇਤਿਹਾਸ ਵਿਚ ਰਾਸ਼ਟਰਪਤੀਆਂ ਦੀ ਕਾਰਜਸ਼ੈਲੀ ਦੀ ਨਿਪੁੰਨਤਾ ਦੇ ਆਧਾਰ 'ਤੇ ਉਨਾਂ ਨੂੰ ਸੂਚੀਬੱਧ ਕਰਨ ਦਾ ਕੰਮ ਆਰਥਰ ਸ਼ਲੇਸਿੰਗਰ ਨੇ ਸੰਨ 1948 ਵਿਚ ਪਹਿਲੀ ਵਾਰ ਲਾਈਫ ਮੈਗਜ਼ੀਨ ਦੀ ਬੇਨਤੀ 'ਤੇ ਆਰੰਭ ਕੀਤਾ ਸੀ। ਉਸ ਨੇ 55 ਨਾਮਵਰ ਇਤਿਹਾਸਕਾਰਾਂ ਨੂੰ ਇਕ ਪੋਲ ਰਾਹੀਂ ਅਜਿਹੀ ਦਰਜਾਬੰਦ ਸੂਚੀ ਤਿਆਰ ਕਰਨ ਲਈ ਸ਼ਾਮਲ ਕੀਤਾ ਸੀ।

ਸਿਵਲ ਵਾਰ ਕਾਲ ਵਿਚ ਅਮਰੀਕੀ ਰਾਸ਼ਟਰ ਨੂੰ ਇੱਕਜੁੱਟ ਰੱਖਣ ਵਿਚ ਸਫਲਤਾ ਪ੍ਰਾਪਤ ਕਰਨ ਵਾਲੇ ਇਬਰਾਹਮ ਲਿੰਕਨ ਨੂੰ ਨੰਬਰ ਇਕ, ਦੇਸ਼ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਦੇ ਆਜ਼ਾਦੀ ਪ੍ਰਾਪਤੀ, ਲੋਕਤੰਤਰ ਸਥਾਪਤੀ ਦੇ ਰੋਲ ਕਰ ਕੇ ਨੰਬਰ 2, ਆਰਥਿਕ ਮੰਦਹਾਲੀ ਨਜਿੱਠਣ ਅਤੇ ਦੂਸਰੀ ਵੱਡੀ ਜੰਗ ਵਿਚ 'ਨਿਊ ਡੀਲ' ਨੀਤੀ ਕਾਰਨ ਫਰੈਂਕਲਿਨ ਡੀ ਰੂਜ਼ਵੈਲਟ ਨੂੰ ਨੰਬਰ 3 ਵਜੋਂ ਦਰਜ ਕੀਤਾ।

ਆਖ਼ਰੀ ਥਾਂ ਤੇ ਵਾਰੇਨ ਹਾਰਡਿੰਗ ਸੀ ਜੋ 1921 ਤੋਂ 1923 ਨੂੰ ਆਪਣੀ ਮੌਤ ਤਕ ਰਾਸ਼ਟਰਪਤੀ ਰਿਹਾ ਪਰ ਉਹ ਕਈ ਸਕੈਂਡਲਾਂ ਕਾਰਨ ਬਦਨਾਮੀ ਖੱਟ ਚੁੱਕਾ ਸੀ। ਉਸ ਦੇ ਇਕ ਕੈਬਨਿਟ ਮੰਤਰੀ (ਸਕੱਤਰ) 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਹੁਣ ਕਈ ਸੰਸਥਾਵਾਂ ਰਾਸ਼ਟਰਪਤੀਆਂ ਦੀ ਦਰਜਾਬੰਦੀ ਸਬੰਧੀ ਸਰਵੇ ਕਰਾਉਂਦੀਆਂ ਰਹਿੰਦੀਆਂ ਹਨ।

ਇਨਾਂ ਵਿਚ 'ਸ਼ਿਕਾਗੋ ਟ੍ਰਿਬਿਊਨ', 'ਸ਼ਿਕਾਗੋ ਸਨ-ਟਾਈਮਜ਼', 'ਵਾਲ ਸਟਰੀਟ ਜਰਨਲ', 'ਪੋਲੀਟੀਕਲ ਸਾਇੰਸ ਐਸੋਸੀਏਸ਼ਨ', 'ਵਿਕੀਪੀਡੀਆ', 'ਸੇਇਨਾ ਕਾਲਜ ਖੋਜ ਸੰਸਥਾ, ਨਿਊਯਾਰਕ' ਆਦਿ ਸ਼ਾਮਲ ਹਨ। ਸੇਇਨਾ ਕਾਲਜ ਖੋਜ ਸੰਸਥਾ ਸੰਨ 1982 ਤੋਂ ਇਸ ਕਾਰਜ ਵਿਚ ਜੁਟੀ ਹੋਈ ਹੈ ਅਤੇ 20 ਗੱਲਾਂ ਜਿਵੇਂ ਦਿਆਨਤਦਾਰੀ, ਪ੍ਰਬੁੱਧਤਾ, ਜੋਖ਼ਮ ਉਠਾਉਣ ਦੀ ਜੁਅੱਰਤ, ਆਰਥਿਕ ਪ੍ਰਬੰਧ, ਵਿਦੇਸ਼ ਨੀਤੀ, ਪ੍ਰਾਪਤੀਆਂ, ਅਮਰੀਕੀ ਕਾਂਗਰਸ (ਸੰਸਦ) ਨਾਲ ਸਬੰਧ ਆਦਿ ਨੂੰ ਆਧਾਰ ਬਣਾਉਂਦੀ ਹੈ।

ਅਕਸਰ ਪਹਿਲੇ ਵਧੀਆ 5 ਰਾਸ਼ਟਰਪਤੀਆਂ ਵਿਚ ਜਾਰਜ ਵਾਸ਼ਿੰਗਟਨ, ਥਾਮਸ ਜੈਫਰਸਨ, ਇਬਰਾਹਮ ਲਿੰਕਨ, ਥਿਉਡਰ ਰੂਜ਼ਵੈਲਟ, 4 ਵਾਰ ਰਾਸ਼ਟਰਪਤੀ ਰਹੇ ਫ੍ਰੈਂਕਲਿਨ ਡੀ ਰੂਜ਼ਵੈਲਟ ਅਤੇ ਪੰਜ ਨਿਕੰਮਿਆਂ ਵਿਚ ਫਰੈਂਕਲਿਨ ਪੀਅਰਸ, ਮਿਲਾਰਡ ਫਿਲਮੋਰ, ਜੇਮਜ਼ ਬੁਕਾਨਿਨ, ਐਂਡਰਿਊ ਜਾਹਨਸਨ ਅਤੇ ਵਾਰੇਨ ਹਾਰਡਿੰਗ ਦਰਜ ਪਾਏ ਜਾਂਦੇ ਹਨ।

ਅਮਰੀਕਨ ਪੋਲੀਟੀਕਲ ਸਾਇੰਸ ਐਸੋਸੀਏਸ਼ਨ ਦੇ 2015 ਦੇ ਸਰਵੇ ਵਿਚ ਦੇਸ਼ ਦੀ ਇੱਕਜੁੱਟਤਾ ਕਾਇਮ ਰੱਖਣ ਵਾਲਾ ਇਬਰਾਹਮ ਲਿੰਕਨ ਨੰਬਰ ਇਕ ਅਤੇ ਦੱਖਣੀ ਅਮਰੀਕਾ ਨੂੰ ਵੱਖਰੇ ਹੋਣ ਦੀ ਸ਼ਹਿ ਦੇਣ ਵਾਲਾ ਜੇਮਜ਼ ਬੁਕਾਨਨ ਸਭ ਤੋਂ ਹੇਠਲੇ ਦਰਜੇ 'ਤੇ ਦਰਜ ਕੀਤਾ ਗਿਆ ਸੀ।

ਸੰਨ 2020 ਵਿਚ ਚੋਣਾਂ ਸਬੰਧੀ ਡਿਬੇਟ ਵਿਚ ਨਵੇਂ 46ਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਟਰੰਪ ਦੇ ਮੂੰਹ 'ਤੇ ਕਿਹਾ ਸੀ, 'ਤੁਸੀਂ ਇਤਿਹਾਸ ਦੇ ਸਭ ਤੋਂ ਨਿਕੰਮੇ ਰਾਸ਼ਟਰਪਤੀ ਸਾਬਤ ਹੋਵੋਗੇ।' ਸੰਨ 2018 ਵਿਚ ਸਿਆਸੀ ਮਾਹਿਰਾਂ ਵੱਲੋਂ ਤਿਆਰ ਸੂਚੀ ਵਿਚ ਟਰੰਪ ਦਾ ਨਾਂ ਸਭ ਤੋਂ ਥੱਲੇ ਸੀ।

ਬਰਾਂਡਨ ਰੋਟਿੰਗਹਸ ਦਾ ਕਹਿਣਾ ਹੈ ਕਿ ਮੈਂ ਨਹੀਂ ਸਮਝਦਾ ਕਿ ਟਰੰਪ ਸਾਡੇ ਸਰਵੇ ਵਿਚ ਸਭ ਤੋਂ ਹੇਠਾਂ ਤੋਂ ਉੱਪਰ ਆ ਸਕੇ। ਦਰਅਸਲ, ਟਰੰਪ ਦੀ ਕਾਰਗੁਜ਼ਾਰੀ ਬਹੁਤ ਹੀ ਨਿੰਦਣਯੋਗ ਰਹੀ ਹੈ। ਫਰਵਰੀ 2017 ਵਿਚ ਉਸ ਨੇ ਮੀਡੀਆ ਨੂੰ ਅਮਰੀਕੀ ਲੋਕਾਂ ਦਾ ਦੁਸ਼ਮਣ ਕਿਹਾ ਸੀ ਜੋ ਲੋਕੰਤਤਰ ਦਾ ਚੌਥਾ ਸਤੰਭ ਮੰਨਿਆ ਜਾਂਦਾ ਹੈ।

ਅਜਿਹਾ ਹੀ ਸਟਾਲਿਨ ਅਤੇ ਮਾਓ ਜ਼ੇ ਤੁੰਗ ਨੇ ਕਿਹਾ ਸੀ। ਟਰੰਪ ਪਹਿਲਾ ਅਜਿਹਾ ਰਾਸ਼ਟਰਪਤੀ ਹੈ ਜਿਸ 'ਤੇ 4 ਸਾਲ ਦੇ ਕਾਰਜਕਾਲ ਵਿਚ ਦੋ ਵਾਰ ਮਹਾਦੋਸ਼ ਅਧੀਨ ਮੁਕੱਦਮਾ ਚਲਾਉਣ ਦੇ ਮਤੇ ਕਾਂਗਰਸ ਦੇ ਹੇਠਲੇ ਸਦਨ ਵੱਲੋਂ ਪਾਸ ਕੀਤੇ ਗਏ। ਪਹਿਲਾ 18 ਦਸੰਬਰ, 2019 ਨੂੰ ਯੂਕ੍ਰੇਨ ਦੇ ਰਾਸ਼ਟਰਪਤੀ 'ਤੇ ਟੈਲੀਫੋਨ ਰਾਹੀਂ ਜੋਅ ਬਾਇਡਨ ਪਰਿਵਾਰ ਵਿਰੁੱਧ ਵਪਾਰਕ ਭ੍ਰਿਸ਼ਟਾਚਾਰ ਬਾਰੇ ਦੋਸ਼ਾਂ ਲਈ ਦਬਾਅ ਪਾਉਣ, ਦੂਸਰਾ 13 ਜਨਵਰੀ, 2021 ਨੂੰ ਮਹਿਜ਼ ਪਦ-ਮੁਕਤ ਹੋਣ ਤੋਂ 7 ਦਿਨ ਪਹਿਲਾਂ ਉਸ ਦੀ ਸਮਰਥਕ ਹਿੰਸਕ ਭੀੜ ਨੂੰ ਸੰਸਦ 'ਤੇ ਹਮਲਾ ਕਰ ਕੇ ਉਸ ਦੀ ਹਾਰ, ਜਿੱਤ ਵਿਚ ਬਦਲਣ ਲਈ।

ਉਸ ਤੋਂ ਪਹਿਲਾਂ ਦੋ ਰਾਸ਼ਟਰਪਤੀਆਂ ਸੰਨ 1868 ਵਿਚ ਐਂਡਰਿਊ ਜਾਹਨਸਨ ਅਤੇ 1998 ਵਿਚ ਬਿੱਲ ਕਲਿੰਟਨ 'ਤੇ ਮਹਾਦੋਸ਼ ਲੱਗੇ ਸਨ ਜਿਨਾਂ ਨੂੰ ਸੈਨੇਟ ਨੇ ਬਰੀ ਕਰ ਦਿੱਤਾ ਸੀ। ਸੰਨ 1974 ਵਿਚ ਵਾਟਰਗੇਟ ਸਕੈਂਡਲ ਵਿਚ ਫਸੇ ਰਾਸ਼ਟਰਪਤੀ ਨਿਕਸਨ ਵਿਰੁੱਧ ਮਹਾਦੋਸ਼ ਦੀ ਤਿਆਰੀ ਕੀਤੀ ਗਈ ਪਰ ਉਹ ਅਸਤੀਫ਼ਾ ਦੇ ਗਿਆ ਸੀ।

ਰਾਸ਼ਟਰਪਤੀ ਦੀ ਮਹਾਨਤਾ ਗਰਦਸ਼ ਵੇਲੇ ਪਛਾਣੀ ਜਾਂਦੀ ਹੈ ਪਰ ਟਰੰਪ ਕੋਵਿਡ-19 ਮਹਾਂਮਾਰੀ ਤੋਂ ਦੇਸ਼ ਨੂੰ ਬਚਾਉਣ ਵਿਚ ਬੁਰੀ ਤਰਾਂ ਅਸਫਲ ਰਿਹਾ। ਉਸ ਦੀ ਨਾ-ਅਹਿਲੀਅਤ ਕਾਰਨ 4 ਲੱਖ ਦੇ ਕਰੀਬ ਅਮਰੀਕੀ ਮਾਰੇ ਗਏ। ਫਿਰ ਵੀ ਇਹ ਬਿਮਾਰੀ ਬੇਕਾਬੂ ਹੈ। ਉਸ ਨੇ ਦੇਸ਼ ਨੂੰ ਨਸਲਵਾਦੀ ਲੀਹਾਂ 'ਤੇ ਘਾਤਕ ਢੰਗ ਨਾਲ ਵੰਡਿਆ।

ਟਰੰਪ ਨੇ ਗੋਰਾ ਪ੍ਰਭੂਸੱਤਾਵਾਦ ਬੇਸ਼ਰਮੀ ਨਾਲ ਬੁਲੰਦ ਕੀਤਾ। ਰਾਸ਼ਟਰਪਤੀ ਚੋਣਾਂ ਵਿਚ ਹਾਰਨ ਕਾਰਨ ਉਹ ਦਿਮਾਗ਼ੀ ਤਵਾਜ਼ਨ ਗੁਆ ਬੈਠਾ। ਫਲੋਰੀਡਾ ਰਾਜ ਦੇ ਗ੍ਰਹਿ ਸਕੱਤਰ ਨੂੰ ਫੋਨ 'ਤੇ 11780 ਵੋਟਾਂ ਲੱਭਣ ਲਈ ਧਮਕੀਆਂ ਦਿੱਤੀਆਂ। ਜਦੋਂ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਉਸ ਦੀ ਹਾਰ ਸੰਸਦ ਦੇ ਸਾਂਝੇ ਸਦਨ ਵਿਚ ਜਿੱਤ ਵਿਚ ਬਦਲਣ ਤੋਂ ਨਾਂਹ ਕੀਤੀ ਤਾਂ ਭੀੜ ਨੇ ਉਸ ਨੂੰ ਫਾਂਸੀ ਚੜਾਉਣ ਲਈ ਉਕਸਾਇਆ। ਸੱਠ ਅਦਾਲਤਾਂ ਅਤੇ ਸੁਪਰੀਮ ਕੋਰਟ ਵਿਚ ਚੋਣ ਚੁਣੌਤੀਆਂ ਰੱਦ ਹੋਣ 'ਤੇ ਸਮਰਥਕਾਂ ਦੀ ਹਿੰਸਕ ਭੀੜ ਨੂੰ ਸੰਸਦ 'ਤੇ ਹਮਲੇ ਲਈ ਉਕਸਾਉਣ ਦਾ ਗੁਨਾਹ ਕੀਤਾ ਜੋ ਲੋਕਤੰਤਰ ਦਾ ਕਤਲ ਕਰਨ ਦੇ ਬਰਾਬਰ ਹੈ।

ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਰਵਾਇਤੀ ਮਿੱਤਰ ਗੁਆਂਢੀਆਂ ਕੈਨੇਡਾ, ਮੈਕਸੀਕੋ ਨਾਲ ਸੰਬੰਧ ਵਿਗਾੜੇ। ਨਾਟੋ ਸੰਗਠਨ ਕਮਜ਼ੋਰ ਕੀਤਾ। ਉਸ ਨੇ ਐਸੀਆਂ ਬੱਜਰ ਗ਼ਲਤੀਆਂ ਕਰ ਕੇ ਅਮਰੀਕੀ ਰਾਸ਼ਟਰ ਅਤੇ ਲੋਕਤੰਤਰ ਨੂੰ ਇੰਨਾ ਵੱਡਾ ਨੁਕਸਾਨ ਪਹੁੰਚਾਇਆ ਹੈ ਕਿ ਜਿਸ ਦੀ ਪੂਰਤੀ ਲਈ ਲੰਬਾ ਸਮਾਂ ਲੱਗ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

27 ਜਨਵਰੀ 2021 ਤੋਂ 02 ਫਰਵਰੀ 2021

## 26 ਜਨਵਰੀ ਦਾ ਟ੍ਰੈਕਟਰ ਮਾਰਚ : ਬਿਜਲ ਸੱਥ ਉੱਤੇ ਤਟਫਟ ਪ੍ਰੀਕਿਰਿਆ ਦੇਣ ਦਾ ਅਮਲ

ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਤਟਫਟ ਪ੍ਰੀਕਿਰਿਆ ਦੇਣ ਦਾ ਅਮਲ ਦਿਨ ਪਰ ਦਿਨ ਵੱਧ ਰਿਹਾ ਹੈ। ਇਸ ਕਾਹਲ ਵਿੱਚ ਮਨੁੱਖ ਸਹੀ ਗਲਤ ਦੀ ਪੁਸ਼ਟੀ ਕਰਨ ਦੀ ਉਡੀਕ ਨਹੀਂ ਕਰ ਪਾਉਂਦਾ ਅਤੇ ਬਿਨ੍ਹਾਂ ਵਿਚਾਰੇ ਕਿਸੇ ਬਹੁਤ ਸੰਜੀਦਾ ਮਸਲੇ ਉੱਤੇ ਕੋਈ ਵੀ ਹਲਕੀ ਟਿੱਪਣੀ ਕਰ ਦਿੰਦਾ ਹੈ ਜਾ ਸਮੇਂ ਅਤੇ ਹਲਾਤਾਂ ਨੂੰ ਨਾ ਸਮਝਦਿਆਂ ਵਕਤ ਤੋਂ ਪਹਿਲਾਂ ਨਿੱਜੀ ਤੌਰ ਉੱਤੇ ਕਰਨ ਵਾਲੀ ਗੱਲ ਦੀਆਂ ਬਹਿਸਾਂ ਵੀ ਜਨਤਕ ਤੌਰ ‘ਤੇ ਕਰਨ ਲੱਗ ਜਾਂਦਾ ਹੈ। ਇਸ ਰਫਤਾਰ ਕਾਰਨ ਹੀ ਲਗਾਤਾਰ ਹਾਂ-ਪੱਖੀ ਪ੍ਰਚਾਰ ਦੀ ਥਾਂ ਨਾ-ਪੱਖੀ ਪ੍ਰਚਾਰ ਜ਼ੋਰ ਫੜਦਾ ਜਾ ਰਿਹਾ ਹੈ।

ਅਗਸਤ 2020 ਵਿੱਚ ਰਾਮ ਮੰਦਰ ਸਬੰਧੀ ਹੋਏ ਪ੍ਰੋਗਰਾਮ ਤੋਂ ਬਾਅਦ ਜੋ ਚਰਚਾ ਸਿੱਖਾਂ ਦੇ ਸੰਬੰਧ ਵਿੱਚ ਹੋਣੀ ਚਾਹੀਦੀ ਸੀ, ਸਿੱਖਾਂ ਦੇ ਵੱਡੇ ਹਿੱਸੇ ਦੀ ਊਰਜਾ ਉਸਦੇ ਉਲਟ ਲਗਦੀ ਰਹੀ। ਇਸ ਗੱਲ ਦਾ ਪਤਾ ਹੁੰਦਿਆਂ ਕਿ ਸੰਗਤ ਦੇ ਦਬਾਅ ਕਰ ਕੇ ਕੋਈ ਵੀ ਸਤਿਕਾਰਤ ਸਿੱਖ ਸਖਸ਼ੀਅਤ ਸੱਦਾ ਪੱਤਰ ਭੇਜਣ ਦੇ ਬਾਵਜੂਦ ਨਹੀਂ ਪੁੱਜੀ, ਇਸ ਹਾਂ-ਪੱਖੀ ਨੁਕਤੇ ਉੱਤੇ ਗੱਲ ਨਹੀਂ ਚੱਲੀ ਸਗੋਂ ਗੁਰਮਤਿ ਦੀ ਕਸਵੱਟੀ ਅਨੁਸਾਰ ਜੋ ਸਿੱਖ ਨਹੀਂ ਹਨ ਉਹਨਾਂ ਵਿਅਕਤੀਆਂ ਦੀਆਂ ਦੋ ਤੁਕਾਂ ਦੁਆਲੇ ਸਿੱਖਾਂ ਦੇ ਵੱਡੇ ਹਿੱਸੇ ਦੀ ਊਰਜਾ ਲਗਦੀ ਰਹੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਵੀ ਜਦੋਂ ਅਗਸਤ 2020 ਵਿੱਚ ਕੁਝ ਦਿਨਾਂ ਵਿੱਚ ਹੀ ਵੱਖ ਵੱਖ ਮਸਲਿਆਂ ਸਬੰਧੀ ਫੈਸਲੇ/ਐਲਾਨ ਅਤੇ ਖਬਰਾਂ ਜਿਸ ਵਿੱਚ ਜਾਂਚ ਮੁਕੰਮਲ ਹੋਣ ਦੀ ਖਬਰ, ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਿਆਂ ਸਬੰਧੀ ਫੈਸਲਾ, ਅੰਤ੍ਰਿੰਗ ਕਮੇਟੀ ਦੀ ਮੀਟਿੰਗ, ਡਾ. ਰੂਪ ਸਿੰਘ ਵੱਲੋਂ ਅਸਤੀਫਾ, ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ 11 ਸਖਸ਼ੀਅਤਾਂ ਦਾ ਸਨਮਾਨ ਕਰਨ ਦੇ ਫੈਸਲੇ ਦਾ ਐਲਾਨ, ਆਡਿਟ ਕੰਪਨੀ ਦੇ ਦਫਤਰ ਨੂੰ ਜਿੰਦਾ ਲਾਉਣ ਦੀ ਖਬਰ, ਸ਼੍ਰੋਮਣੀ ਕਮੇਟੀ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਕਮੇਟੀ ਬਣਾਉਣ ਦੀ ਖਬਰ, ਰਣਜੀਤ ਸਿੰਘ ਢੱਡਰੀਆਂਵਾਲਿਆਂ ਵੱਲੋਂ ਮੁਆਫੀ ਨਾ ਮੰਗਣ ਦਾ ਐਲਾਨ, ਬੰਗਲਾ ਸਾਹਿਬ ਵਿਖੇ ਹੋਣ ਵਾਲੀ ਕਥਾ ਦਾ ਮਸਲਾ ਆਦਿ ਸਾਹਮਣੇ ਆਈਆਂ ਤਾਂ ਵੱਡਾ ਹਿੱਸਾ ਮੁੱਖ ਮਸਲੇ ਤੋਂ ਆਪਣਾ ਧਿਆਨ ਪਾਸੇ ਕਰ ਗਿਆ ਅਤੇ ਕਾਹਲ ਨਾਲ ਨਵੇਂ ਐਲਾਨਾਂ, ਫੈਸਲਿਆਂ ਅਤੇ ਖਬਰਾਂ ਸਬੰਧੀ ਬਹਿਸ ਵਿੱਚ ਪੈ ਗਿਆ।

ਹੁਣ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਵੀ ਵਾਰ ਵਾਰ ਸਾਡਾ ਧਿਆਨ ਜਾਂ ਤਾਂ ਅਸਲ ਮੁੱਦੇ ਤੋਂ ਪਾਸੇ ਹੋ ਜਾਂਦਾ ਹੈ ਜਾਂ ਸਾਡੀ ਊਰਜਾ ਨਾ-ਪੱਖੀ ਨੁਕਤਿਆਂ ਉੱਤੇ ਬਹਿਸ ਕਰਨ ਵਿੱਚ ਲੱਗ ਜਾਂਦੀ ਹੈ। ਪਿਛਲੇ ਦਿਨੀਂ 26 ਜਨਵਰੀ ਨੂੰ ਹੋਏ ਟ੍ਰੈਕਟਰ ਮਾਰਚ ਨੂੰ ਲੈ ਕੇ ਬਿਜਲ ਸੱਥ ਉੱਤੇ ਕਾਫੀ ਚਰਚਾ/ਬਹਿਸ ਚੱਲ ਰਹੀ ਹੈ ਜਿਸ ਵਿੱਚ ਜ਼ਿਆਦਾ ਊਰਜਾ ਓਸ ਗੱਲ ਉੱਤੇ ਲੱਗ ਰਹੀ ਹੈ ਜਿਸ ਉੱਤੇ ਸਭ ਦੀ ਵੱਖ ਵੱਖ ਰਾਇ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਲਈ ਮਜੂਦਾ ਹਾਲਾਤ ਮੁਤਾਬਿਕ ਬਿਜਲ ਸੱਥ ਉੱਤੇ ਬਹਿਸ/ਪ੍ਰਚਾਰ ਕਰਨਾ ਸਹੀ ਨਹੀਂ ਹੈ। ਫਿਲਹਾਲ ਇਹ ਗੱਲਾਂ ਛੱਡ ਲੈਣੀਆਂ ਚਾਹੀਦੀਆਂ ਹਨ ਜਾ ਫਿਰ ਮਿਲ ਬੈਠ ਕੇ ਵਿਚਾਰ ਲੈਣੀਆਂ ਚਾਹੀਦੀਆਂ ਹਨ। ਜੋ ਹਾਂ-ਪੱਖੀ ਗੱਲਾਂ ਵਾਪਰੀਆਂ ਹਨ ਜਿੰਨਾ ਉੱਤੇ ਸਭ ਦੀ ਸਹਿਮਤੀ ਬਣਦੀ ਹੈ ਫਿਲਹਾਲ ਉਹੀ ਕਰਨੀਆਂ/ਪ੍ਰਚਾਰਨੀਆਂ ਚਾਹੀਦੀਆਂ ਹਨ ਤਾਂ ਜੋ ਸਰਕਾਰੀ ਬਿਰਤਾਂਤ ਨੂੰ ਥਾਂ ਮੱਲ੍ਹਣ ਤੋਂ ਰੋਕਿਆ ਜਾ ਸਕੇ।

ਬਹੁਤ ਕੁਝ ਹਾਂ-ਪੱਖੀ ਹੈ ਜਿਸ ਬਾਰੇ ਗੱਲ ਕੀਤੀ ਜਾ ਸਕਦੀ ਹੈ ਜਿਵੇਂ ਕਿ ਇੰਨੇ ਵੱਡੇ ਇਕੱਠ ਨੇ ਦਿੱਲੀ ਨੂੰ ਕੂਚ ਕੀਤਾ ਪਰ ਕਿਸੇ ਵੀ ਸ਼ਹਿਰੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਦਿੱਲੀ ਵਾਸੀਆਂ ਨੇ ਫੁੱਲਾਂ ਨਾਲ ਸਵਾਗਤ ਕੀਤਾ, ਇਹ ਸਵਾਗਤ ਇਤਿਹਾਸ ਦੁਹਰਾਅ ਰਿਹਾ ਸੀ ਜਿਸ ਤਰ੍ਹਾਂ ਕਿਸੇ ਵੇਲੇ ਸਿੱਖਾਂ ਨੂੰ ਵੇਖ ਕੇ ਘਰਾਂ ਦੇ ਬੂਹੇ ਖੋਲ ਦਿੱਤੇ ਜਾਂਦੇ ਸਨ (ਆਏ ਨੇ ਨਿਹੰਗ ਬੂਹਾ ਖੋਲ ਦੇ ਨਿਸ਼ੰਗ)। ਜਦੋਂ ਪੁਲਸ ਵਾਲੀਆਂ ਬੀਬੀਆਂ ਨੂੰ ਸਿੱਖਾਂ ਨੇ ਸੁਰੱਖਿਅਤ ਥਾਂ ਪਹੁੰਚਾਇਆ ਤਾਂ ਇਕ ਵਾਰ ਫਿਰ ਪੂਰੀ ਦੁਨੀਆਂ ਨੇ ਵੇਖਿਆ ਕਿ ਸਮੂਹਿਕ ਰੂਪ ਵਿਚ ਪੰਜਾਬ ਕਿਸ ਉੱਚੇ ਕਿਰਦਾਰ ਵਿਚ ਵਿਚਰਦਾ ਹੈ ਜਦਕਿ ਬਿਪਰ ਮਾਨਸਿਕਤਾ ਸਮੂਹਿਕ ਰੂਪ ਵਿੱਚ ਬਹੁਤ ਨੀਵੇਂ ਕਿਰਦਾਰ ਵਿੱਚ ਆ ਜਾਂਦੀ ਹੈ। ਇੰਡੀਅਨ ਪੁਲਸ ਨੇ ਸ਼ਾਂਤਮਈ ਆ ਰਹੇ ਕਿਸਾਨਾਂ ਨੂੰ ਜ਼ਬਰਦਸਤੀ ਰੋਕਿਆ, ਅੱਥਰੂ ਗੈਸ ਦੇ ਗੋਲੇ ਸੁੱਟੇ, ਇਕ ਕਿਸਾਨ ਨੂੰ ਗੋਲੀ ਮਾਰੀ ਗਈ ਜਿਸ ਦੀ ਮੌਤ ਹੋ ਗਈ, ਟ੍ਰੈਕਟਰਾਂ ਦੀ ਭੰਨਤੋੜ ਕੀਤੀ ਗਈ ਅਤੇ ਇੰਡੀਆ ਦੇ ਤਿਰੰਗੇ ਝੰਡੇ ਨੂੰ ਵੀ ਸੋਟੀਆਂ ਮਾਰੀਆਂ ਗਈਆਂ। ਰੂਟ ਉੱਤੇ ਸਹਿਮਤੀ ਨਾ ਹੋਣ ਕਰਕੇ ਸਾਰੇ ਵੱਖੋ ਵੱਖਰੇ ਰਸਤੇ ਹੋ ਤੁਰੇ ਪਰ ਫਿਰ ਵੀ ਕਿਸੇ ਵੀ ਕਿਸਾਨ ਨੇ ਕੋਈ ਹੁੱਲੜਬਾਜ਼ੀ ਨਹੀਂ ਕੀਤੀ। ਕਿਸਾਨ ਆਗੂਆਂ ਨੂੰ ਕਹਿਣਾ ਚਾਹੀਦਾ ਹੈ ਕਿ ਅਸੀਂ ਸਾਰੇ ਇਕੱਠੇ ਹਾਂ, ਇੱਕਮੁੱਠ ਹਾਂ, ਮਿਲ ਬੈਠ ਕੇ ਆਪਣੇ ਵਖਰੇਵੇਂ ਦੂਰ ਕਰ ਲਵਾਂਗੇ। ਸਰਕਾਰ ਹੁਣ ਆਪਣੀ ਅੜੀ ਛੱਡੇ ਅਤੇ ਤਿੰਨੇ ਕਨੂੰਨ ਰੱਦ ਕਰੇ।

ਸਰਕਾਰ ਇਸ ਸੰਘਰਸ਼ ਦੇ ਸ਼ੁਰੂ ਤੋਂ ਹੀ ਅਨੇਕਾਂ ਗਲਤੀਆਂ ਕਰ ਰਹੀ ਹੈ ਪਰ ਜਨਤਕ ਤੌਰ ਉੱਤੇ ਨਾ ਪ੍ਰਚਾਰ ਰਹੀ ਹੈ ਅਤੇ ਨਾ ਹੀ ਮੰਨ ਨਹੀਂ ਰਹੀ ਪਰ ਅਸੀਂ ਸ਼ਾਇਦ ਕੋਈ ਗਲਤੀ ਨਾ ਵੀ ਕੀਤੀ ਹੋਵੇ ਪਰ ਓਹਨੂੰ ਗਲਤੀ ਬਣਾ ਪ੍ਰਚਾਰਦੇ ਵੀ ਹਾਂ ਅਤੇ ਆਪਣੇ ਹੀ ਬੰਦਿਆਂ ਉੱਤੇ ਦੋਸ਼ ਵੀ ਲਾਉਂਦੇ ਹਾਂ।

ਇਸ ਸੰਘਰਸ਼ ਬਾਬਤ ਜਿੰਨ੍ਹਾਂ ਨੂੰ ਲਗਦਾ ਕਿ ਗੁਰੂ ਪਾਤਸ਼ਾਹ ਦੀ ਕਲਾ ਵਰਤ ਰਹੀ ਹੈ, ਉਹ ਗੁਰੂ ਦੇ ਭਾਣੇ ‘ਚ ਖੁਸ਼ ਰਹਿਣ ਅਤੇ ਜਿੰਨਾ ਕੋਲ ਸਹੀ ਗਲਤ ਦੀਆਂ ਦਲੀਲਾਂ ਹਨ ਉਹ ਬਾਅਦ ‘ਚ ਆਪਣੀਆਂ ਦਲੀਲਾਂ ਨਾਲ ਇਕ ਦੂਜੇ ਨੂੰ ਟੱਕਰ ਲੈਣ, ਹਜੇ ਆਪਣੀ ਊਰਜਾ ਇਕ ਥਾਂ ਲਾਈ ਜਾਵੇ। ਆਗੂਆਂ ਦੁਆਰਾ ਸਟੇਜ ਉੱਤੋਂ ਇਸ ਸਬੰਧੀ ਹਜੇ ਕਿਸੇ ਦੀ ਜਿੰਦਾਬਾਦ-ਮੁਰਦਾਬਾਦ ਕਰਨ ਦਾ ਸਹੀ ਵੇਲਾ ਨਹੀਂ ਹੈ, ਵਕਤ ਆਉਣ ਤੇ ਆਪਣੇ ਆਪ ਸਭ ਸਾਫ ਹੋ ਜਾਣਾ ਹੈ। ਸਾਨੂੰ ਕਿਸੇ ਵਿਆਕਤੀ, ਘਟਨਾ ਅਤੇ ਵਰਤਾਰੇ ਸੰਬੰਧੀ ਨਜਰੀਆ ਪੇਸ ਕਰਨ ਲੱਗਿਆ ਸਾਰੇ ਪੱਖਾਂ ਦਾ ਤਵਾਜਨ ਬਣਾਉਣਾ ਚਾਹੀਦਾ ਹੈ ਅਤੇ ਆਪਣੀ ਊਰਜਾ ਹਾਂ-ਪੱਖੀ ਗੱਲਾਂ ਕਰਨ ਅਤੇ ਪ੍ਰਚਾਰਨ ਵਿੱਚ ਹੀ ਲਾਉਣੀ ਚਾਹੀਦੀ ਹੈ।

# ਧਰਮ ਸ਼ਾਸਤਰ, ਇਨਕਲਾਬ, ਨਿਆਂ ਅਤੇ ਦਾਰਸ਼ਨਿਕਤਾ



- ਰਣਜੀਤ ਸਿੰਘ ਕੁਕੀ

ਧਰਮ ਸ਼ਾਸਤਰ ਦੈਵਿਕ ਖਸਲਤ ਅਤੇ ਵਿਆਪਕ ਰੂਪ ਵਿਚ ਧਾਰਮਿਕ ਵਿਸ਼ਵਾਸਾਂ ਦਾ ਵਿਵਸਥਿਤ ਅਧਿਐਨ ਹੈ। ਇਹ ਇਕ ਧਰਮ ਸ਼ਾਸਤਰੀ ਨੂੰ ਤਤਕਾਲੀਨ ਸਮੱਸਿਆਵਾਂ ਨੂੰ ਮੁਖ਼ਾਤਿਬ ਹੋਣ ਅਤੇ ਸੰਸਾਰ ਨੂੰ ਵਿਭਿੰਨ ਤਰੀਕਿਆਂ ਨਾਲ ਸਮਝਣ ਵਿਚ ਸਹਾਈ ਹੁੰਦਾ ਹੈ। ਯੂਰੋਪੀਅਨ ਰਾਜਨੀਤਿਕ ਵਿਚਾਰ ਦੇ ਵਿਕਾਸ ਵਿਚ ਸੌਲਵੀਂ ਸਦੀ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ। ਇਹ ਉਹ ਸਮਾਂ ਸੀ ਜਦੋਂ ਸੁਧਾਰ ਅੰਦੋਲਨ ਅਤੇ ਪੁਨਰ-ਜਾਗ੍ਰਿਤੀ ਦੇ ਪ੍ਰਭਾਵ ਅਧੀਨ ਰਾਜਕੀ ਸੱਤਾ, ਜਿੱਥੇ ਰਾਜਾ ਆਪਣੇ ਆਪ ਨੂੰ ਈਸ਼ਵਰ ਦਾ ਪ੍ਰਤੀਨਿਧੀ/ਉੱਤਰਾਧਿਕਾਰੀ ਮੰਨਦਾ ਸੀ, ਦੀ ਥਾਂ ਤੇ ਸੰਵਿਧਾਨਿਕ ਸਿਧਾਂਤ ਨੂੰ ਪ੍ਰਮੁੱਖਤਾ ਮਿਲੀ। ਇਸ ਨਾਲ ਲੋਕਾਂ ਨੂੰ ਪ੍ਰਭੂਸੱਤਾ ਮਿਲੀ। ਇਸ ਸਾਰੀ ਤਬਦੀਲੀ ਵਿਚ ਬਾਈਬਲ ਦੇ ਧਰਮ ਸ਼ਾਸਤਰ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਧਰਮ ਗ੍ਰੰਥ ਤੇ ਅਧਾਰਿਤ ਤਰਕਾਂ ਨੇ ਆਧੁਨਿਕ ਰਾਜਨੀਤਿਕ ਵਿਚਾਰ ਦੀ ਉਤਪਤੀ ਲਈ ਦਾਰਸ਼ਨਿਕ ਅਤੇ ਵਿਚਾਰਧਾਰਕ ਅਧਾਰ ਦਾ ਕੰਮ ਕੀਤਾ। ਉਸ ਸਮੇਂ ਸੰਸਾਰ ਅਤੇ ਯੂਰੋਪ ਧਾਰਮਿਕ ਵਿਚ ਉਲਝਿਆ ਹੋਇਆ ਸੀ।

ਭਾਰਤੀ ਬਰੇ-ਸਗੀਰ (ਉੱਪ-ਮਹਾਂਦੀਪ) ਵਿਚ ਧਰਮ ਦਾ ਅਜਿਹਾ ਹੀ ਪ੍ਰਭਾਵ ਦੇਖਣ ਨੂੰ ਮਿਲਦਾ ਸੀ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਵੀ ਧਰਮ ਸ਼ਾਸਤਰ ਨੂੰ ਆਧਾਰ ਬਣਾ ਕੇ ਮਾਨਵਤਾ ਵਿਚ ਪ੍ਰਭੂਸੱਤਾ ਦਾ ਹੋਕਾ ਦਿੱਤਾ ਅਤੇ ਆਪਣੇ ਵਿਚਾਰਾਂ ਰਾਹੀ ਉਸ ਸਮੇਂ ਮਨੁੱਖੀ ਕਦਰਾਂ-ਕੀਮਤਾਂ ਤੋਂ ਦੂਰ ਹੋ ਚੁੱਕੇ ਸਮਾਜ ਅਤੇ ਰਾਜ-ਸੱਤਾ ਨੂੰ ਵੰਗਾਰਿਆ। ਧਰਮ ਸੁਧਾਰ ਲਹਿਰ ਦੇ ਪ੍ਰਭਾਵ ਅਧੀਨ ਰਾਜ-ਸੱਤਾ ਨੂੰ ਚੁਣੌਤੀ ਦਿੱਤੀ ਅਤੇ ਫੁਰਮਾਨ ਕੀਤਾ, ‘ਰਾਜਾ ਸ਼ੀਂਹ ਮੁਕੱਦਮ ਕੁੱਤੇ।’

ਧਰਮ ਸੁਧਾਰ ਲਹਿਰ ਦੇ ਅਧੀਨ ਯੂਰੋਪ ਵਿਚ ਵੀ ਖ਼ੂਨੀ ਟਕਰਾਅ ਸਾਹਮਣੇ ਆਏ। ਜਦੋਂ ਧਰਮ ਸੁਧਾਰ ਲਹਿਰ ਨ 1517 ਤੋਂ ਬਾਅਦ ਈਸਾਈ ਯੂਰਪ ਉੱਪਰ ਆਪਣਾ ਜ਼ੋਰ ਪਕੜਨਾ ਸ਼ੁਰੂ ਕੀਤਾ ਤਾਂ ਨਵੇਂ ਧਰਮ ਨੂੰ ਜਿਸ ਮਹੱਤਵਪੂਰਨ ਮਸਲੇ ਦਾ ਸਾਹਮਣਾ ਕਰਨਾ ਪਿਆ, ਉਹ ਸੀ ਧਾਰਮਿਕ ਅਤੇ ਧਰਮ-ਨਿਰਪੱਖ ਅਧਿਕਾਰੀ ਦਾ ਆਪਸੀ ਸਬੰਧ। ਪੁਰਾਣੇ ਟੈਸਟਾਮੈਂਟ ਵਿਚ ਈਸ਼ਵਰ, ਰਾਜੇ ਅਤੇ ਲੋਕਾਂ ਵਿਚ ਇਕਰਾਰਨਾਮੇ ਬਾਰੇ ਗੱਲ ਕੀਤੀ ਗਈ ਹੈ ਜਿਸ ਦਾ ਉਦੇਸ਼ ਈਸ਼ਵਰ ਦੇ ਨਿਯਮਾਂ ਦੀ ਰੱਖਿਆ ਕਰਨਾ ਸੀ। ਇਸ ਇਕਰਾਰਨਾਮੇ ਦੇ ਅਨੁਸਾਰ ਰਾਜਾ ਈਸ਼ਵਰ ਦਾ ਉੱਤਰਾਧਿਕਾਰੀ ਮੰਨਿਆ ਗਿਆ ਅਤੇ ਈਸ਼ਵਰ ਦੇ ਲੋਕਾਂ ਦਾ ਮੁਖੀ। ਪਰ ਇਸੇ ਇਕਰਾਰਨਾਮੇ ਨੇ ਲੋਕਾਂ ਨੂੰ ਪ੍ਰਤੀਰੋਧ ਕਰਨ ਦਾ ਹੱਕ ਵੀ ਦਿੱਤਾ। ਫਰਾਂਸੀਸੀ ਧਾਰਮਿਕ ਯੁੱਧਾਂ ਤੋਂ ਪਹਿਲਾਂ ਅਤੇ ਇਕਦਮ ਬਾਅਦ ਫ਼ਰਮਾਬਰਦਾਰੀ (ਆਗਿਆਕਾਰਿਤਾ) ਅਤੇ ਵਿਦਰੋਹ ਦੇ ਮੁੱਦਿਆਂ ਨੇ ਵਾਦ-ਵਿਵਾਦ ਦਾ ਰੂਪ ਲੈ ਲਿਆ। ਈਸ਼ਵਰ, ਰਾਜੇ ਅਤੇ ਲੋਕਾਂ ਵਿਚਕਾਰ ਇਕਰਾਰਨਾਮੇ ਦੇ ਸੰਕਲਪ ਹੀ ਅੱਤਿਆਚਾਰੀ ਰਾਜਿਆਂ ਵਿਰੁੱਧ ਪ੍ਰਤੀਰੋਧ ਕਰਨ ਨੂੰ ਤਰਕਸੰਗਕਿਤਾ ਪ੍ਰਦਾਨ ਕਰਦਾ ਹੈ। ਮੱਧਕਾਲ ਦੀ ਨਿਆਇਕ ਪ੍ਰਕਿਰਿਆ ਰਾਹੀ ਇਸ ਨੂੰ ਇਸ ਤਰਾਂ ਸਮਝਿਆ ਜਾ ਸਕਦਾ ਹੈ: ਈਸ਼ਵਰ ਹੀ ਧਰਤੀ ਅਤੇ ਸਵਰਗ ਦਾ ਸ਼ਾਸਕ ਅਤੇ ਮਾਲਕ ਹੈ। ਜੋ ਵੀ ਲੋਕ ਧਰਤੀ ਉੱਪਰ ਰਹਿੰਦੇ ਹਨ, ਉਹ ਉਸਦੇ ਅਧੀਨ ਹਨ। ਜਿਨਾਂ ਦਾ ਧਰਤੀ ਉੱਪਰ ਅਖ਼ਤਿਆਰ ਹੈ ਅਤੇ ਜੋ ਦੂਜਿਆਂ ਉੱਪਰ ਸ਼ਾਸਨ ਕਰਦੇ ਹਨ, ਉਹ ਈਸ਼ਵਰ ਦੇ ਲਾਭਪਾਤਰੀ ਹਨ। ਸਾਰ ਇਹ ਹੈ ਕਿ ਅਸਲ ਵਿਚ ਈਸ਼ਵਰ ਹੀ ਸਭ ਦਾ ਮਾਲਕ ਹੈ। ਕੋਈ ਵੀ ਵਿਅਕਤੀ ਉਹ ਕਿਸੇ ਵੀ ਅਧਿਕਾਰ ਖੇਤਰ ਵਿਚ ਹੋਵੇ, ਉਹ ਉਸ ਦੇ ਅਧੀਨ ਹੀ ਹੈ। ਉਨਾਂ ਕੋਲ ਜਿੰਨੀ ਜ਼ਿਆਦਾ ਸੱਤਾ ਹੈ, ਉਹ ਉਨੀ ਹੀ ਸਖ਼ਤੀ ਨਾਲ ਈਸ਼ਵਰ ਦੇ ਨਿਯਮਾਂ ਨੂੰ ਮੰਨਣ ਲਈ ਵਚਨਬੱਧ ਹਨ। ਜਿੰਨਾ ਮਾਣ-ਸਨਮਾਨ ਉਨਾਂ ਨੂੰ ਮਿਲਦਾ ਹੈ, ਉਹਨਾਂ ਉੱਪਰ ਜ਼ਿੰਮੇਵਾਰੀ ਵੀ ਓਨੀ ਹੀ ਵਧ ਜਾਂਦੀ ਹੈ।

ਦੂਜੇ ਪਾਸੇ ਜਿਹੜੇ ਸਿਧਾਂਤ ਸਾਨੂੰ ਸਰਕਾਰ ਦੀ ਆਗਿਆ ਮੰਨਣ ਲਈ ਮਜਬੂਰ ਕਰਦੇ ਹਨ, ਅਧਿਆਤਮ ਵਿੱਦਿਆ ਦੇ ਅਨੁਸਾਰ ਓਹੀ ਸਿਧਾਂਤ ਸਾਨੂੰ ਅੱਤਿਆਚਾਰ ਵਿਰੁੱਧ ਅਵਾਜ਼ ਉਠਾਉਣ ਲਈ ਵੀ ਕਹਿੰਦੇ ਹਨ। ਧਰਮ ਸ਼ਾਸਤਰ ਵਿਚਾਰਧਾਰਾ ਅਨੁਸਾਰ ਕੁਝ ਕੁ ਮਸਲਿਆਂ ਵਿਚ ਪ੍ਰਤੀਰੋਧ ਤਰਕਸੰਗਤ ਹੀ ਨਹੀਂ, ਬਲਕਿ ਨੈਤਿਕ ਰੂਪ ਵਿਚ ਜ਼ਰੂਰੀ ਹੈ। ਖ਼ਾਸ ਕਰਕੇ ਜਦੋਂ ਰਾਸ਼ਟਰੀ ਰਾਜਨੀਤਿਕ ਸੱਤਾ ਭ੍ਰਿਸ਼ਟ ਅਤੇ ਅੱਤਿਆਚਾਰੀ ਹੋ ਜਾਵੇ । ਮੱਧਕਾਲ ਤੋਂ ਹੀ ਧਰਮ-ਸ਼ਾਸਤਰ ਵਿਚਾਰਧਾਰਾ ਅਤੇ ਦਾਰਸ਼ਨਿਕ ਪੱਖ ਨੇ ਈਸ਼ਵਰ ਦੀ ਇੱਛਾ ਸਾਹਮਣੇ ਆਤਮਸਮਰਪਣ ਦੇ ਆਲੇ-ਦੁਆਲੇ ਹੀ ਘੁੰਮਿਆ ਹੈ ਜਾਂ ਫਿਰ ਇਸ ਨੇ ਅੱਤਿਆਚਾਰ ਦਾ ਲਗਾਤਾਰ ਵਿਰੋਧ ਕੀਤਾ ਹੈ। ਇਕ ਈਸਾਈ ਦੀ ਨੈਤਿਕ ਜ਼ਿੰਮੇਵਾਰੀ ਵੈਧ ਸੱਤਾ ਦੀ ਗੱਲ ਮੰਨਣਾ ਹੈ ਅਤੇ ਇਕ ਨਾਗਰਿਕ ਦੀ ਜ਼ਿੰਮੇਵਾਰੀ ਅੱਤਿਆਚਾਰ ਦਾ ਵਿਰੋਧ ਕਰਨਾ ਹੈ। ਉਸ ਵਕਤ ਇਹ ਵੀ ਵਿਚਾਰ ਸੀ ਕਿ ਜੋ ਕੋਈ ਵੀ ਤਾਰਕਿਕ ਅਤੇ ਸਹੀ ਸੱਤਾ ਦਾ ਵਿਰੋਧ ਕਰਦਾ ਹੈ, ਉਹ ਅਸਲ ਵਿਚ ਈਸ਼ਵਰ ਦੀ ਇੱਛਾ ਦਾ ਵਿਰੋਧ ਕਰ ਰਿਹਾ ਹੁੰਦਾ ਹੈ। ਇਸ ਕਰਕੇ ਉਨਾਂ ਨੂੰ ਈਸ਼ਵਰ ਤੋਂ ਸਜਾ ਮਿਲਦੀ ਹੈ। ਪਰ ਇਹ ਕਿਸ ਤਰਾਂ ਸਿੱਧ ਹੋਵੇ ਕਿ ਜੋ ਗੈਰ-ਤਾਰਕਿਕ ਅਤੇ ਅਵੈਧ ਸੱਤਾ ਦਾ ਵਿਰੋਧ ਕਰਦੇ ਹਨ, ਜੋ ਕਿ ਈਸ਼ਵਰ ਦੀ ਇੱਛਾ ਦੇ ਵਿਰੁੱਧ ਹੈ, ਕੀ ਉਹ ਵੀ ਈਸ਼ਵਰ ਦੀ ਇੱਛਾ ਦਾ ਵਿਰੋਧ ਕਰਦੇ ਹਨ ? ਅਨੇਕਾਂ ਪਾਦਰੀਆਂ ਨੇ ਧਰਮ ਸ਼ਾਸਤਰ ਦੇ ਅਧਾਰ ਤੇ ਪ੍ਰਤੀਰੋਧ ਕਰਨ ਦੇ ਹੱਕ ਨੂੰ ਦਾਰਸ਼ਨਿਕ ਵਿਚਾਰਧਾਰਾ ਦੇ ਰੂਪ ਵਿਚ ਸਮੇਂ ਸਮੇਂ ਪੇਸ਼ ਕੀਤਾ ਹੈ।

ਧਰਮ ਸ਼ਾਸਤਰ ਜੇ ਈਸ਼ਵਰ ਦੀ ਆਗਿਆ ਦਾ ਪਾਲਣ ਕਰਨ ਦਾ ਅਧਾਰ ਰਿਹਾ ਹੈ, ਪਰ ਇਹ ਪ੍ਰਤੀਰੋਧ ਦੇ ਰਾਜਨੀਤਿਕ ਵਿਚਾਰ ਦੀ ਉਤਪਤੀ ਦਾ ਦਾਰਸ਼ਨਿਕ ਅਤੇ ਵਿਚਾਰਧਾਰਕ ਅਧਾਰ ਵੀ ਰਿਹਾ ਹੈ। 2010 ਵਿਚ ਟਿਊਨੀਸ਼ੀਆ ਵਿਚ ਇਕ ਪੁਲਿਸ ਅਧਿਕਾਰੀ ਦੇ ਅੱਤਿਆਚਾਰ ਦਾ ਇਕ ਸੜਕ ਵਿਕਰੇਤਾ ਦੁਆਰਾ ਵਿਰੋਧ ਕੀਤਾ ਗਿਆ ਜੋ ਕਿ ਦਿਨਾਂ ਵਿਚ ਹੀ ਅਰਬ ਮੁਲਕਾਂ ਵਿਚ ਅੱਤਿਆਚਾਰੀ ਸ਼ਾਸਕਾਂ ਵਿਰੁੱਧ ਪ੍ਰਤੀਰੋਧ ਵਜੋਂ ਫੈਲ ਗਿਆ। ਆਪਣੀਆਂ ਸਰਕਾਰਾਂ ਵਿਰੁੱਧ ਅਵਾਜ਼ ਉਠਾਉਣ ਵਿਚ ਅਰਬ ਦੇਸ਼ਾਂ ਦੇ ਲੋਕ ਰਾਜਨੀਤਿਕ ਸਿਧਾਂਤ ਵਿਚ ਬਹੁਤ ਪੁਰਾਣੀ ਸਮੱਸਿਆ ਦਾ ਸਾਹਮਣਾ ਕਰਦੇ ਆ ਰਹੇ ਹਨ: ਕਿਸੇ ਵੀ ਅਨਿਆਂਪੂਰਣ ਸੱਤਾ ਵਿਰੁੱਧ ਅਵਾਜ਼ ਉਠਾਉਣਾ ਕਦੋਂ ਜਾਇਜ਼ ਹੁੰਦਾ ਹੈ ? ਇਹ ਸੁਆਲ ਸਿਰਫ਼ ਅਰਬ ਮੁਲਕਾਂ ਦੇ ਲੋਕਾਂ ਲਈ ਹੀ ਮਹੱਤਵਪੂਰਨ ਨਹੀਂ ਸਗੋਂ ਪੂਰੀ ਦੁਨੀਆ ਲਈ ਸੁਆਲ ਹੈ। ਇਹ ਆਧੁਨਿਕ ਸੰਵਿਧਾਨਵਾਦ ਦੇ ਆਧਾਰ ਨੂੰ ਵੀ ਤੈਅ ਕਰਦਾ ਹੈ। ਇਸ ਕਰਕੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਬਹੁਤ ਸਾਰੇ ਦੇਸ਼ਾਂ ਦੇ ਸੰਵਿਧਾਨ ਕੁਝ ਖ਼ਾਸ ਹਾਲਾਤਾਂ ਵਿਚ ਲੋਕਾਂ ਨੂੰ ਆਪਣੀਆਂ ਸਰਕਾਰਾਂ ਵਿਰੁੱਧ ਅਵਾਜ਼ ਉਠਾਉਣ ਅਤੇ ਉਨਾਂ ਨੂੰ ਪਲਟਾਉਣ ਦੀ ਇਜਾਜ਼ਤ ਦਿੰਦੇ ਹਨ। ਭਾਰਤ ਦੇ ਸੰਵਿਧਾਨ ਵਿਚ ਵੀ ਪ੍ਰਤੀਰੋਧ ਦੀ ਭਾਵਨਾ ਦਾ ਸੰਕਲਪ ਸ਼ਾਮਿਲ ਹੈ। ਪਰ ਸੰਵਿਧਾਨ ਵਿਚ ਇਸ ਤਰਾਂ ਦੇ ਪ੍ਰਤੀਰੋਧ ਦਾ ਹੱਕ ਦੇਣ ਜਾਂ ਸੰਵਿਧਾਨ ਨਿਰਮਾਤਾਵਾਂ ਨੂੰ ਕਿਹੜੀ ਚੀਜ਼ ਅਜਿਹਾ ਅਧਿਕਾਰ ਸ਼ਾਮਿਲ ਕਰਨ ਦੀ ਪ੍ਰੇਰਣਾ ਦਿੰਦੀ ਹੈ, ਇਸ ਬਾਰੇ ਕੋਈ ਨਿਯਮਿਤ ਸਮੀਖਿਆ ਨਹੀਂ ਹੋਈ ਹੈ। ਧਰਮ ਸ਼ਾਸਤਰ ਅਨੁਸਾਰ ਇਹ ਲੋਕਾਂ ਦੀ ਦਾਰਸ਼ਨਿਕ ਜ਼ਿੰਮੇਵਾਰੀ ਹੈ ਕਿ ਉਹ ਸੱਤਾ ਵਿਚ ਬੈਠੇ ਲੋਕਾਂ ਨੂੰ ਦਿਖਾਉਣ ਕਿ ਉਨਾਂ ਵਿਚ ਪ੍ਰਤੀਰੋਧ ਦੀ ਸ਼ਕਤੀ ਹੈ। ਇਹ ਹੀ ਅਮਰੀਕੀ ਅਤੇ ਫਰਾਂਸੀਸੀ ਕ੍ਰਾਂਤੀਆਂ ਦਾ ਅਧਾਰ ਰਿਹਾ ਹੈ ਅਤੇ ਕੁਝ ਹੱਦ ਤੱਕ ਕੁਝ ਥਾਵਾਂ ਤੇ ਇਸ ਨੇ ਬਸਤੀਵਾਦੀ ਰਾਜ ਨੂੰ ਉਖਾੜਨ ਵਿਚ ਵੀ ਰੋਲ ਅਦਾ ਕੀਤਾ ਹੈ। ਪ੍ਰਤੀਰੋਧ ਕਰਨ ਦਾ ਹੱਕ ਹੁਣ ਬਹੁਤ ਸਾਰੇ ਦੇਸ਼ਾਂ ਦੇ ਸੰਵਿਧਾਨਾਂ ਦਾ ਹਿੱਸਾ ਹੈ। ਇਸ ਨੇ ਆਪਣਾ ਅਧਾਰ ਧਰਮ ਸ਼ਾਸਤਰ ਤੋਂ ਧਰਮ ਨਿਰਪੱਖ ਕਰ ਲਿਆ ਹੈ ਜੋ ਕਿ ਦਾਰਸ਼ਨਿਕਤਾ ਅਤੇ ਵਿਚਾਰਧਾਰਾ ਦੁਆਰਾ ਸੋਧਿਤ ਹੁੰਦਾ ਹੈ। ਵਿਰੋਧ ਕਰਨ ਦਾ ਹੱਕ ਨੇ ਆਪਣੇ ਆਪ ਨੂੰ ਸਿਵਲ ਨਾ-ਫੁਰਮਾਨੀ ਜਿਹੇ ਵਿਰੋਧ ਦੇ ਰੂਪ ਤੋਂ ਅਲੱਗ ਕਰ ਲਿਆ ਹੈ। ਸਿਵਲ ਨਾ-ਫੁਰਮਾਨੀ ਅਸਲ ਵਿਚ ਅਹਿੰਸਕ ਹੁੰਦੀ ਹੈ ਜਦੋਂ ਕਿ ਪ੍ਰਤੀਰੋਧ ਜ਼ਿਆਦਾਤਰ ਹਿੰਸਕ ਹੁੰਦਾ ਹੈ।

ਮੌਜੂਦਾ ਸਮੇਂ ਭਾਰਤ ਵਿਚ ਚੱਲ ਰਿਹਾ ਕਿਸਾਨੀ ਸੰਘਰਸ਼ ਪ੍ਰਤੀਰੋਧ ਤੋਂ ਹਟ ਕੇ ਸਿਵਲ ਨਾ ਫੁਰਮਾਨੀ ਦਾ ਪ੍ਰਗਟਾਵਾ ਹੈ। ਸਿੱਖ ਸੰਘਰਸ਼ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਪ੍ਰਤੀਰੋਧ ਦਾ ਪ੍ਰਗਟਾਵਾ ਕਰਦੀਆਂ ਹਨ। ਆਧੁਨਿਕ ਯੁੱਗ ਤੋਂ ਪਹਿਲਾਂ ਵੀ ਚੀਨ ਵਿਚ ਕਨਫਿਊਸ਼ੀਅਨ ਨੇ ਆਪਣੇ ਵਿਚਾਰਾਂ ਵਿਚ ਪ੍ਰਤੀਰੋਧ ਕਰਨ ਦਾ ਅਧਿਕਾਰ ਦੀ ਗੱਲ ਕੀਤੀ ਜਿਸ ਰਾਹੀ ਮੈਨੀਸ਼ੀਅਸ, ਜੋ ਕਿ ਚੀਨੀ ਦਾਰਸ਼ਨਿਕ ਸੀ, ਨੇ ਰਾਜਕੀ ਆਦਰਸ਼ਾਂ ਦਾ ਗੁਣਗਾਨ ਕੀਤਾ ਅਤੇ ਸਵਰਗ ਦਾ ਆਦੇਸ਼ ਦੇ ਸਿਧਾਂਤ ਦਾ ਪੱਖ ਲਿਆ। ਧਰਮ ਸ਼ਾਸਤਰ ਬਹੁਤ ਹੀ ਵਿਆਪਕ ਸ਼ਾਸਤਰ ਹੈ ਜੋ ਕਿ ਅਧਿਆਤਮ ਵਿੱਦਿਆ ਨੂੰ ਦਰਸ਼ਨ ਨਾਲ ਜੋੜਦਾ ਹੈ। ਫ਼ਲਸਫ਼ਾ ਵੱਖ-ਵੱਖ ਵਿਚਾਰਧਾਰਾਵਾਂ ਨਾਲ ਰਾਬਤਾ ਕਰਦਾ ਹੈ ਜੋ ਕਿ ਧਰਮ ਸ਼ਾਸਤਰ ਦੇ ਦਰਪੇਸ਼ ਦਾਰਸ਼ਨਿਕ ਚੁਣੌਤੀਆਂ ਦੀ ਵਿਆਖਿਆ ਕਰਦਾ ਹੈ। ਯਹੂਦੀ ਅਤੇ ਇਸਲਾਮਕ ਪਰੰਪਰਾਵਾਂ ਵਿਚ ਈਸ਼ਵਰ ਦੀ ਸਰਵਉੱਚਤਾ ਦੇ ਨਾਲ ਨਾਲ ਪ੍ਰਤੀਰੋਧ ਕਰਨ ਦੇ ਸੰਕਲਪ ਨੂੰ ਮਹੱਤਤਾ ਦਿੱਤੀ ਗਈ ਹੈ। ਯੂਰਪੀ ਸੱਭਿਆਚਾਰ ਨੇ ਹੀ ਦਾਰਸ਼ਨਿਕ ਅਤੇ ਵਿਚਾਰਧਾਰਕ ਰਾਜਨੀਤਿਕ ਵਿਚਾਰ ਦੀ ਧਰਮਸ਼ਾਸਤਰਿਕ ਨੀਂਹ ਰੱਖੀ ਅਤੇ ਪ੍ਰਤੀਰੋਧ ਕਰਨ ਦੇ ਹੱਕ ਉੱਪਰ ਜ਼ੋਰ ਦਿੱਤਾ। ਧਰਮ ਸ਼ਾਸਤਰਿਕ ਤੰਦ ਨੇ ਹੀ ਅਜ਼ਾਦੀ ਦੀ ਮੰਗ ਨੂੰ ਖ਼ੁਦ-ਮੁਖ਼ਤਿਆਰੀ ਦੇ ਹੱਕ ਵਜੋਂ ਪ੍ਰਵਾਨਤਾ ਦਿੱਤੀ। ਮੱਧਕਾਲੀਨ ਯੂਰਪੀ ਰਾਜਨੀਤਿਕ ਵਿਚਾਰ ਨੇ ਨਿਆਂਹੀਣ ਸੱਤਾ ਦੇ ਖ਼ਿਲਾਫ਼ ਪ੍ਰਤੀਰੋਧ ਜਿਹੇ ਵਿਚਾਰਾਂ ਦਾ ਕ੍ਰਮਵਾਰ ਵਿਕਾਸ ਦੇਖਿਆ। ਇਸ ਵਿਚ ਮੈਗਨਾਕਾਰਟਾ ਦਾ ਸਿਧਾਂਤ ਅਤੇ ਸੋਲਵੀਂ ਸਦੀ ਦਾ ਪੋਲਿਸ਼ ਹੈਨਰੀਸ਼ੀਅਨ ਕਾਫ਼ੀ ਮਹੱਤਵਪੂਰਨ ਸਨ ਜਿਸ ਵਿਚ ਅਗਰ ਇਹ ਸ਼ਾਮਿਲ ਸੀ ਕਿ ਅਗਰ ਰਾਜਾ ਆਪਣੀ ਜ਼ਿੰਮੇਵਾਰੀ ਦਾ ਨਿਭਾਅ ਨਹੀਂ ਕਰ ਸਕਦਾ ਤਾਂ ਉਸ ਦੀ ਸੱਤਾ ਹਥਿਆਈ ਜਾ ਸਕਦੀ ਸੀ। ਮੱਧ ਯੁੱਗ ਵਿਚ ਈਸਾਈ ਵਿਦਵਾਨਾਂ ਨੇ ਵੀ ਪ੍ਰਤੀਰੋਧ ਕਰਨ ਦੇ ਅਧਿਕਾਰ ਦੇ ਹੱਕ ਵਿਚ ਅਵਾਜ਼ ਉਠਾਈ। ਰੋਮਨ ਕੈਥੋਲਿਕ ਚਰਚ ਦੇ ਸੰਬੰਧ ਵਿਚ ਵੀ ਵਿਲੀਅਮ ਓਖਮ ਨੇ ਵਿਆਪਕ ਸਮੁਦਾਇ ਦੁਆਰਾ ਪੋਪ ਦੀ ਸੱਤਾ ਉੱਪਰ ਕੰਟਰੋਲ ਦੀ ਗੱਲ ਕਹੀ। ਉਸ ਤੋਂ ਬਾਅਦ ਆਉਣ ਵਾਲੇ ਵਿਦਵਾਨਾਂ ਜਿਵੇਂ ਕਿ ਫਰਾਂਸਿਸਕੋ ਸੁਆਰੇਜ਼ ਨੇ ਰਾਜਿਆਂ ਦੀ ਪ੍ਰਭੂਸੱਤਾ ਨੂੰ ਦੈਵੀ ਹੱਕ ਕਹਿਣ ਦੀ ਬਜਾਇ ਉਸ ਨੂੰ ਧਰਾਤਲ ਨਾਲ ਜੋੜਨ ਦੀ ਵਕਾਲਤ ਕੀਤੀ। ਰਾਜ ਤੰਤਰ ਦੀ ਹੋਂਦ ਵੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਤੇ ਹੀ ਆਧਾਰਿਤ ਸੀ। ਇਸ ਕਰਕੇ ਗ਼ਲਤ ਕਾਨੂੰਨਾਂ ਦਾ ਵਿਰੋਧ ਕਰਨਾ ਸਵੀਕਾਰ ਯੋਗ ਹੈ। ਧਰਮ ਸ਼ਾਸਤਰਿਕ ਤੰਦ ਦਾ ਇਕ ਪੜਾਅ ਰਾਜ-ਸੱਤਾ ਨੇ ਧਰੁਵੀਕਰਨ ਵਜੋਂ ਵੀ ਵਰਤਣਾ ਚਾਹਿਆ ਹੈ ਜਿਸ ਰਾਹੀਂ ਦੂਜੇ ਨੂੰ ਖ਼ਤਰੇ ਵਜੋਂ ਪੇਸ਼ ਕਰਨਾ ਅਤੇ ਅਣਜਾਣ ਦਾ ਡਰ ਇਕ ਅੱਤਿਆਚਾਰੀ ਦੇ ਹੱਥ ਵਿਚ ਸੱਤਾ ਨੂੰ ਆਪਣੇ ਹਿਸਾਬ ਨਾਲ ਚਲਾਉਣ, ਹਿੰਸਾ ਅਤੇ ਅੱਤਿਆਚਾਰ ਕਰਨ ਦਾ ਜ਼ਰੀਆਂ ਬਣ ਜਾਂਦੇ ਹਨ। ਧਰੁਵੀਕਰਨ ਦੇ ਉਦੇਸ਼ ਨੂੰ ਮੁੱਖ ਰੱਖ ਕੇ ਹੀ ਅੱਜ ਦੇ ਭਾਰਤ ਦੀ ਰਾਜਨੀਤੀ ਅੰਦਰ ਵੀ ਧਰਮ ਅਧੀਨ ਹਿੰਦੂ ਰਾਸ਼ਟਰ ਉਸਾਰਿਆ ਵਿਚ ਲੱਗੀ ਹੋਈ ਹੈ ਤਾਂ ਕਿ ਇਸ ਤਰਾਂ ਦੀ ਰਾਜਨੀਤੀ ਨੂੰ ਹੀ ਬਲ ਮਿਲ ਸਕੇ। ਧਰਮ ਸ਼ਾਸਤ੍ਰਿਕ ਫ਼ਲਸਫ਼ਾ ਭਾਰਤ ਵਿਚ ਸਾਮਰਾਜੀ ਸਮੇਂ ਤੋਂ ਹੀ ਪ੍ਰਤੱਖ ਰੂਪ ਵਿਚ ਸਾਹਮਣੇ ਆਇਆ। ਇਹ ਇਸ ਉਦੇਸ਼ ਨਾਲ ਹੋਇਆ ਕਿ ਹਿੰਦੂਵਾਦ ਤੋਂ ਬਿਨਾਂ ਭਾਰਤ ਦਾ ਕੋਈ ਭਵਿੱਖ ਨਹੀਂ ਹੈ, ਇਸ ਨੂੰ ਹੀ ਭਾਰਤ ਲਈ ਜ਼ਮੀਨ ਮੰਨਿਆ ਗਿਆ ਜਿਸ ਉੱਪਰ ਬਾਕੀ ਸਭ ਕੁਝ ਦੀ ਨੀਂਹ ਰੱਖੀ ਜਾਣੀ ਸੀ। ਇਹ ਜਤਾਇਆ ਗਿਆ ਕਿ ਅਗਰ ਭਾਰਤ ਇਸ ਵਿਚੋਂ ਬਾਹਰ ਨਿਕਲਦਾ ਹੈ ਤਾਂ ਇਸ ਦੀ ਹੋਂਦ ਖ਼ਤਮ ਹੋ ਜਾਵੇਗੀ।

ਬਾਕੀ ਸਫ਼ਾ 30 ’ਤੇ

# ਪੰਜਾਬ ਨੂੰ ਮਾਰੂਥਲ ਬਣਨ ਤੋਂ ਬਚਾਓ, ਯੂ.ਪੀ., ਬਿਹਾਰ, ਬੰਗਾਲ ਵਿੱਚ ਝੋਨਾ-ਕਣਕ ਉਗਾਓ- ਖੇਤੀਬਾੜੀ ਵਿਗਿਆਨੀ ਜੌਹਲ ਨਾਲ ਇਕ ਗੱਲਬਾਤ

## ✪ ਪੰਜਾਬ ਦੇ ਕਿਸਾਨਾਂ ਅਤੇ ਖੇਤੀਬਾੜੀ ਮਜਦੂਰਾਂ 'ਤੇ 80,000 ਤੋਂ 87,000 ਕਰੋੜ ਰੁਪਏ ਦਾ ਕਰਜਾ ✪ ਝੋਨਾ-ਕਣਕ ਮੋਨੋਕਲਚਰ ਕਾਰਨ ਪੰਜਾਬ ਮਾਰੂਥਲ ਬਣਨ ਵੱਲ ਵਧ ਰਿਹਾ ਹੈ ✪ ਖੇਤੀਬਾੜੀ ਖੇਤਰ ਸਬਸਿਡੀਆਂ ਤੋਂ ਬਿਨਾਂ ਅੱਗੇ ਨਹੀਂ ਵਧ ਸਕਦਾ

### ਪਰਿੰਟ ਮੀਡੀਆ ਤੋਂ ਧੰਨਵਾਦ ਸਹਿਤ

93 ਸਾਲ ਦੇ ਡਾ. ਸਰਦਾਰਾ ਸਿੰਘ ਜੌਹਲ ਦੱਸਦੇ ਹਨ ਕਿ ਪੰਜਾਬ ਕਈ ਸਾਲਾਂ ਤੋਂ ਖੇਤੀ ਸੰਕਟ ਦਾ ਸਾਹਮਣਾ ਕਿਉਂ ਕਰ ਰਿਹਾ ਹੈ ਅਤੇ ਸੰਕਟ ਵਿਚ ਫਸੇ ਕਿਸਾਨਾਂ ਦੀ ਜ਼ਿੰਦਗੀ ਨੂੰ ਕਿਵੇਂ ਸੌਖਾ ਬਣਾਇਆ ਜਾ ਸਕਦਾ ਹੈ। ਪਦਮ ਭੂਸ਼ਣ ਨਾਲ ਸਨਮਾਨਿਤ ਡਾ. ਸਰਦਾਰਾ ਸਿੰਘ ਜੌਹਲ, ਜੋ ਕਿ ਖੇਤੀਬਾੜੀ ਆਰਥਿਕਤਾ ਦੇ ਪ੍ਰਸਿੱਧ ਮਾਹਿਰਾਂ ਵਿੱਚੋਂ ਇੱਕ ਹਨ, ਦਾ ਕਹਿਣਾ ਹੈ ਕਿ ਜੇਕਰ 50 ਲੱਖ ਹੈਕਟੇਅਰ ਪੰਜਾਬ ਦੀ ਜ਼ਮੀਨ ਵਿਚ ਝੋਨੇ ਅਤੇ ਕਣਕ ਦੀ ਖੇਤੀ ਨੂੰ ਉਗਾਉਣ ਤੋਂ ਪ੍ਰਹੇਜ ਕੀਤਾ ਜਾਵੇ ਤਾਂ ਜੋ ਪੰਜਾਬ ਮਾਰੂਥਲ ਬਣਨ ਤੋਂ ਬਚ ਸਕੇ। ਕਣਕ ਤੇ ਝੋਨੇ ਨੂੰ ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਦੇ ਗੰਗਾ ਦੇ ਮੈਦਾਨੀ ਇਲਾਕੇ ਤਬਦੀਲ ਕੀਤਾ ਜਾਣਾ ਚਾਹੀਦਾ ਹੈ।

ਸਰਦਾਰਾ ਸਿੰਘ ਜੌਹਲ (ਜਨਮ ਅਗਸਤ 2, 1928) ਇੱਕ ਭਾਰਤੀ ਖੇਤੀਬਾੜੀ ਅਰਥ ਸਾਸਤਰੀ, ਲੇਖਕ, ਸਿਆਸਤਦਾਨ ਅਤੇ ਪੰਜਾਬ ਦੀ ਬਠਿੰਡਾ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਰਹੇ ਹਨ। ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਦੇ ਖੇਤੀਬਾੜੀ ਅਰਥ ਸਾਸਤਰ ਦੇ ਇੱਕ ਸਾਬਕਾ ਨੈਸਨਲ ਪ੍ਰੋਫੈਸਰ ਨੇ ਵੱਖ-ਵੱਖ ਮਿਆਰਾਂ ਦੇ ਦੌਰਾਨ ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀ ਦੇ ਰੂਪ ਵਿੱਚ ਕੰਮ ਕੀਤਾ ਅਤੇ ਭਾਰਤ ਸਰਕਾਰ ਦੁਆਰਾ ਸਥਾਪਤ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ ਦੀ ਪ੍ਰਧਾਨਗੀ ਕੀਤੀ। ਉਹ ਭਾਰਤੀ ਰਿਜਰਵ ਬੈਂਕ ਦੇ ਕੇਂਦਰੀ ਬੋਰਡ ਆਫ ਗਵਰਨਰ ਦੇ ਸਾਬਕਾ ਨਿਰਦੇਸ਼ਕ ਰਹੇ ਹਨ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਫੂਡ ਐਂਡ ਐਗਰੀਕਲਚਰ ਆਰਗਨਾਈਜੇਸ਼ਨ, ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਕਮਿਸ਼ਨ ਦਾ ਪੱਛਮੀ ਏਸ਼ੀਆ ਲਈ ਸਲਾਹਕਾਰ ਰਹੇ ਹਨ। ਖੇਤੀਬਾੜੀ ਅਤੇ ਖੇਤੀਬਾੜੀ ਸਿੱਖਿਆ ਦੇ ਯੋਗਦਾਨ ਲਈ 2004 ਵਿੱਚ ਭਾਰਤ ਸਰਕਾਰ ਨੇ ਉਨਾਂ ਨੂੰ ਪਦਮ ਭੂਸ਼ਨ ਸਨਮਾਨ ਪ੍ਰਦਾਨ ਕੀਤਾ।

ਬੀਤੇ ਦਿਨੀਂ ਉਨਾਂ ਨੇ ਪੰਜਾਬ ਵਿੱਚ ਖੇਤੀਬਾੜੀ ਤੇ ਖੇਤੀ ਸੰਕਟ ਦੇ ਕਈ ਮੁੱਦਿਆਂ 'ਤੇ ਖੁੱਲ ਕੇ ਗੱਲ ਕੀਤੀ। ਡਾ. ਜੌਹਲ ਨੇ ਕਿਹਾ ਕਿ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਬਾਰੇ ਉਨਾਂ ਦੀ ਕੋਈ ਰਾਏ ਨਹੀਂ ਹੈ, ਪਰ ਉਨਾਂ ਨੇ ਪੰਜਾਬ ਦੀ ਖੇਤੀਬਾੜੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮੱਸਿਆਵਾਂ ਅਤੇ ਪੰਜਾਬ ਦੀ ਖੁਸ਼ਹਾਲੀ ਬਾਰੇ ਵਿਸਥਾਰ ਨਾਲ ਗੱਲ ਕੀਤੀ।

**ਸੁਆਲ: ਹਰੀ ਕ੍ਰਾਂਤੀ ਭਾਰਤ ਵਿੱਚ ਕੀ ਲਿਆਈ ?**

ਜੁਆਬ : 1960ਵਿਆਂ ਦੇ ਮੱਧ ਵਿੱਚ ਜਦੋਂ ਅਸੀਂ ਭੁਗਤਾਨ ਲਈ ਤਿਆਰ ਸੀ, ਤਾਂ ਵੀ ਸਾਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਤੋਂ ਅਨਾਜ ਨਹੀਂ ਮਿਲਿਆ। ਅਸੀਂ ਪੀਐੱਲ-40 ਨਾਂ ਦੀ ਸਕੀਮ ਦੇ ਤਹਿਤ ਅਮਰੀਕਾ ਤੋਂ ਕਣਕ ਲੈ ਕੇ ਆਉਂਦੇ ਸੀ। ਭਾਰਤ ਭੁਗਤਾਨ ਰੁਪਏ ਰਾਹੀਂ ਕਰਦਾ ਸੀ, ਪਰ ਅਨਾਜ ਦੀ ਕੀਮਤ ਅਮਰੀਕਾ ਤੈਅ ਕਰਦਾ ਸੀ।

1960ਵਿਆਂ ਵਿੱਚ ਘੱਟ ਸਮੇਂ ਵਿਚ ਹੋਣ ਵਾਲੇ ਕਣਕ ਦੇ ਬੀਜ ਅਮਰੀਕਾ ਵਲੋਂ ਭਾਰਤ ਨੂੰ ਦਿਤੇ ਗਏ ਅਤੇ ਪੂਰੇ ਦੇਸ਼ ਵਿੱਚ ਵੰਡੇ ਗਏ। ਪਰ ਪੰਜਾਬ, ਹਰਿਆਣਾ ਅਤੇ ਦਿੱਲੀ ਦੀਆਂ ਸਰਕਾਰੀ ਖੇਤੀਬਾੜੀ ਯੂਨੀਵਰਸਿਟੀਆਂ ਖੋਜ ਵਿਚ ਬਹੁਤ ਮਜ਼ਬੂਤ ਸਨ। ਇਸ ਲਈ ਉਨਾਂ ਜ਼ਰੂਰੀ ਸੁਧਾਰ ਕੀਤੇ ਅਤੇ ਆਪਣੇ ਵਾਤਾਵਰਣ ਦੇ ਅਨੁਸਾਰ ਉਪਜ ਤੇ ਗੁਣਵੱਤਾ ਵਿੱਚ ਵਾਧਾ ਕੀਤਾ। ਅਸੀਂ ਇਸ ਦੀ ਥਾਂ 'ਤੇ ਅਸਲੀ ਲਾਲ ਰੰਗ ਦੀ ਥਾਂ 'ਤੇ ਹੀ ਕਣਕ ਦਾ ਰੰਗ ਬਦਲ ਲਿਆ। ਜਿਵੇਂ-ਜਿਵੇਂ ਝਾੜ ਵਧਦਾ ਗਿਆ, ਰਸਾਇਣਾਂ ਦੀ ਭਾਰੀ ਮਾਤਰਾ ਵਿਚ ਵਰਤੋਂ ਵਧੀ, ਫਿਰ ਵੀ ਕਣਕ ਦੀ ਕਾਸ਼ਤ ਲਾਹੇਵੰਦ ਰਹੀ। ਫਿਰ 1970ਵਿਆਂ ਦੇ ਸ਼ੁਰੂ ਵਿੱਚ, ਫਿਲੀਪੀਨਜ਼ ਵਿੱਚ ਅੰਤਰਰਾਸ਼ਟਰੀ ਚਾਵਲ ਖੋਜ ਸੰਸਥਾ ਨੇ ਭਾਰਤ ਵਿੱਚ ਘੱਟ ਸਮੇਂ ਵਿਚ ਹੋਣ ਵਾਲੇ ਕਈ ਤਰਾਂ ਦੇ ਛੋਟੇ ਚਾਵਲਾਂ ਦੀ ਕਿਸਮਾਂ ਦੀ ਸ਼ੁਰੂਆਤ ਕੀਤੀ। ਇਸ ਨਾਲ ਦੋਹਾਂ ਫਸਲਾਂ ਦਾ ਇਕ ਨਮੂਨਾ ਪੈਦਾ ਹੋਇਆ। 1970ਵਿਆਂ ਦੇ ਮੱਧ ਤੱਕ, ਅਸੀਂ ਕੁਝ ਸੋਕੇ ਤੋਂ ਪ੍ਰਭਾਵਿਤ ਮੌਸਮਾਂ ਵਿੱਚ, ਅਨਾਜ ਦੀ ਕਮੀ ਨੂੰ ਦੂਰ ਕਰਨ ਦੀ ਸਥਿਤੀ ਵਿਚ ਪਹੁੰਚ ਗਏ।

1980ਵਿਆਂ ਦੇ ਸ਼ੁਰੂ ਵਿੱਚ ਝੋਨੇ ਦਾ ਉਤਪਾਦਨ ਕੇਂਦਰ ਸਰਕਾਰ ਦੀ ਭੰਡਾਰਨ ਅਤੇ ਖਰੀਦ ਸਮਰੱਥਾ ਤੋਂ ਵੱਧ ਸੀ। ਵਰਤਮਾਨ ਸਮੇਂ, ਸਾਡਾ ਅਨਾਜ ਦਾ ਉਤਪਾਦਨ ਬਫਰ ਸਟਾਕ ਨਿਯਮਾਂ ਨਾਲੋਂ ਚਾਰ ਗੁਣਾ ਜ਼ਿਆਦਾ ਸੀ। ਇਸ ਸਟਾਕ ਨੂੰ ਨਿਪਟਾਉਣਾ ਵੀ ਇੱਕ ਵੱਡੀ ਸਮੱਸਿਆ ਸੀ, ਕਿਉਂਕਿ ਸਾਡੀ ਫਸਲ ਐਮਐਸਪੀ. ਕਾਰਨ ਅੰਤਰਰਾਸ਼ਟਰੀ ਫਸਲਾਂ ਨਾਲੋਂ ਵਧੇਰੇ ਮਹਿੰਗੀ ਸੀ, ਜਿਸ ਕਾਰਨ ਸਾਡੇ ਝੋਨੇ ਅਤੇ ਕਣਕ ਦੀ ਤੁਲਨਾ ਵਿਚ 70-80 ਪ੍ਰਤੀਸ਼ਤ ਲਾਗਤ ਜ਼ਿਆਦਾ ਆਉਂਦੀ ਸੀ ।

ਕੇਂਦਰ ਸਰਕਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸਟਾਕ ਕਰਨਾ ਪੈਂਦਾ ਸੀ, ਕਈ ਵਾਰ ਇਹ ਪੀਡੀਐਸ ਦੀਆਂ ਕੀਮਤਾਂ ਤੋਂ 2-3 ਰੁਪਏ ਪ੍ਰਤੀ ਕਿਲੋ ਤੋਂ ਹੇਠਾਂ ਆ ਜਾਂਦਾ ਸੀ। ਪਰ, ਫਿਰ ਵੀ ਇਸ ਨੂੰ ਫਸਲਾਂ ਵਿੱਚ ਉੱਚ ਰਸਾਇਣਕ ਸਮੱਗਰੀ



ਡਾ. ਸਰਦਾਰਾ ਸਿੰਘ ਜੌਹਲ

ਜ਼ਿਆਦਾ ਹੋਣ ਕਰਕੇ ਰੱਦ ਕੀਤੀ ਜਾਂਦੀ ਸੀ। ਅਸੀਂ ਹੁਣ ਘਾਟ ਦੀ ਸਮੱਸਿਆ ਦੀ ਬਜਾਏ ਵਾਧੂ ਸਟਾਕ ਜਮਾਂ ਕਰ ਚੁਕੇ ਹਾਂ। ਇਹ ਆਪਣੇ ਆਪ ਵਿਚ ਸਮਸਿਆ ਬਣ ਰਹੀ ਹੈ।

**ਸੁਆਲ : ਕਿਸਾਨ ਸੰਕਟ ਵਿੱਚ ਕਿਉਂ ਹਨ ?**

ਜੁਆਬ : ਉਪਜ ਵਧਣ ਨਾਲ ਪੀੜੀ ਦਰ ਪੀੜੀ ਪ੍ਰਤੀ ਵਿਅਕਤੀ ਖੇਤੀਬਾੜੀ ਜ਼ਮੀਨ ਕਾਫੀ ਘਟ ਰਹੀ ਹੈ। ਪਰਿਵਾਰ ਵੱਡੇ ਹੋ ਰਹੇ ਹਨ ਤੇ ਜ਼ਮੀਨ ਪੀੜੀ ਦਰ ਪੀੜੀ ਵੰਡੀ ਜਾ ਰਹੀ ਹੈ। ਭਾਰਤ ਵਿੱਚ ਔਸਤ ਜਮੀਨ ਦੀ ਉਪਲਬਧਤਾ 2 ਏਕੜ ਹੈ ਅਤੇ ਪੰਜਾਬ ਵਿੱਚ ਇਹ ਲਗਭਗ ਢਾਈ ਏਕੜ ਹੈ। ਭਾਰਤ ਵਿੱਚ 80 ਪ੍ਰਤੀਸ਼ਤ ਕਿਸਾਨ ਛੋਟੇ ਕਿਸਾਨ ਹਨ, ਜਦੋਂ ਕਿ ਪੰਜਾਬ ਵਿੱਚ ਇਹ 25-30 ਪ੍ਰਤੀਸ਼ਤ ਹਨ।

ਖੇਤੀਬਾੜੀ ਲਈ ਛੋਟੀ ਜਮੀਨ ਅਤੇ ਖੇਤੀ ਦੀ ਉੱਚ ਲਾਗਤ ਦੇ ਕਾਰਨ, ਐਮਐਸਪੀ ਸਮੇਂ ਦੇ ਨਾਲ ਖੇਤੀ ਦੀ ਲਾਗਤ ਦੇ ਅਨੁਸਾਰ ਨਹੀਂ ਹੋ ਸਕਦੀ ਅਤੇ ਐਮਐਸਪੀ ਦੇ ਵਧਣ ਨਾਲ ਮੌਜੂਦਾ ਕੀਮਤ ਤੇ ਮੰਗ ਸਥਿਰ ਰਹਿੰਦੀ ਹੈ। ਕਿਸਾਨ ਇਸ ਲਈ ਦੁਖੀ ਹਨ ਕਿਉਂਕਿ ਜਮੀਨ ਦੇ ਛੋਟੇ ਜਿਹੇ ਹਿੱਸੇ 'ਤੇ ਪੈਦਾ ਹੋਣ ਵਾਲਾ ਵਾਧੂ ਝਾੜ ਉਨਾਂ ਦੀਆਂ ਰੋਜ਼ਾਨਾ ਖੇਤੀਬਾੜੀ ਅਤੇ ਰੋਜ਼ੀ-ਰੋਟੀ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ। ਸਮਰਥਨ ਮੁਲ ਦੇ ਨਤੀਜੇ ਵਜੋਂ, ਕਿਸਾਨਾਂ ਨੂੰ ਰੋਜੀ-ਰੋਟੀ ਦੇ ਖਰਚਿਆਂ ਨੂੰ ਪੂਰਾ ਨਾ ਕਰਨ ਕਰਕੇ ਉਧਾਰ ਲੈਣਾ ਪੈਂਦਾ ਹੈ। ਕੁਝ ਜ਼ਰੂਰੀ ਲੋੜਾਂ ਦੀ ਪੂਰਤੀ ਕਰਨ ਲਈ ਉਨਾਂ ਨੂੰ ਗੈਰ-ਰਸਮੀ ਕਰਜ਼ਿਆਂ ਦਾ ਸਹਾਰਾ ਲੈਣਾ ਪੈਂਦਾ ਹੈ, ਜਿਵੇਂ ਕਿ ਸਿਹਤ ਅਤੇ ਪਰਿਵਾਰਕ ਸੰਕਟਕਾਲ ਦੌਰਾਨ। ਬੈਂਕ ਤੋਂ ਉਧਾਰ ਲੈਣ ਲਈ ਸਮਾਂ ਲੱਗਦਾ ਹੈ, ਇਸ ਲਈ ਕਿਸਾਨ ਆੜਤੀਏ, ਸ਼ਾਹੂਕਾਰ ਜਾਂ ਕਮਿਸ਼ਨ ਏਜੰਟ ਤੋਂ ਵੱਧ ਵਿਆਜ 'ਤੇ ਉਧਾਰ ਲੈਂਦਾ ਹੈ। ਫੇਰ ਉਹ ਸਮੇਂ ਸਿਰ ਲੋਨ ਵਾਪਸ ਕਰਨ ਤੋਂ ਅਸਮਰੱਥ ਰਹਿੰਦਾ ਹੈ। ਇਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਸੰਪਤੀ ਅਤੇ ਟਰੈਕਟਰ ਆਦਿ ਵੇਚਣੇ ਪੈਂਦੇ ਹਨ ਤਾਂ ਜੋ ਲਏ ਕਰਜ਼ਿਆਂ 'ਤੇ ਵਿਆਜ ਦਾ ਭੁਗਤਾਨ ਕੀਤਾ ਜਾ ਸਕੇ। ਪੰਜਾਬ ਦੇ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ 'ਤੇ 80,000 ਤੋਂ 87,000 ਕਰੋੜ ਰੁਪਏ ਦਾ ਕਰਜਾ ਹੈ। ਇਸ ਨਾਲ ਪੇਂਡੂ ਅਰਥ-ਵਿਵਸਥਾ ਲਈ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ। ਝੋਨਾ-ਕਣਕ ਮੋਨੋਕਲਚਰ ਕਾਰਨ ਪੰਜਾਬ ਮਾਰੂਥਲ ਬਣਨ ਵੱਲ ਵਧ ਰਿਹਾ ਹੈ। ਇੱਕ ਪਾਸੇ ਝੋਨੇ ਅਤੇ ਕਣਕ ਦੀ ਕਾਸ਼ਤ ਲਈ ਐਮਐਸਪੀ ਉਪਲਬਧ ਹੋਣੀ ਹੈ ਅਤੇ ਦੂਜੇ ਪਾਸੇ ਮੁਫਤ ਬਿਜਲੀ ਵੀ ਉਪਲਬਧ ਹੈ। ਇਸ ਨੇ ਝੋਨੇ ਅਤੇ ਕਣਕ ਨੂੰ ਸਭ ਤੋਂ ਵੱਧ ਲਾਭਦਾਇਕ ਫਸਲਾਂ ਵਿਚ ਸ਼ਾਮਲ ਕਰ ਲਿਆ ਹੈ। ਭਾਵੇਂ ਮੱਕੀ, ਦਾਲਾਂ ਅਤੇ ਤੇਲ ਬੀਜ ਵਰਗੀਆਂ ਹੋਰ ਫਸਲਾਂ 'ਤੇ ਸਮਰਥਨ ਮੁਲ ਮਿਲਦਾ ਹੈ, ਪਰ ਇਨਾਂ ਦੀ ਖਰੀਦ ਨਹੀਂ ਕੀਤੀ ਜਾਂਦੀ, ਪਰ ਇਸ ਸਾਲ ਮੱਕੀ ਦਾ ਐਮਐਸਪੀ 1850 ਰੁਪਏ ਪ੍ਰਤੀ ਕੁਇੰਟਲ ਸੀ, ਪਰ ਇਹ 700-1100 ਰੁਪਏ ਪ੍ਰਤੀ ਕੁਇੰਟਲ ਵਿਕੀ। ਇਸ ਦਾ ਕਾਰਨ ਇਹ ਹੈ ਕਿ ਸਰਕਾਰ ਐਮਐਸਪੀ ਦੇ ਬਾਵਜੂਦ ਸਿਰਫ ਝੋਨਾ ਅਤੇ ਕਣਕ ਹੀ ਖਰੀਦਦੀ ਹੈ ਅਤੇ ਥੋੜੀ ਜਿਹੀ ਕਪਾਹ ਵੀ ਖਰੀਦਦੀ ਹੈ। ਉੱਚ ਐਮਐਸਪੀ ਦੇ ਬਾਵਜੂਦ ਖੇਤੀ ਸੰਕਟ ਦੇ ਪਿੱਛੇ ਉਤਪਾਦਨ, ਉਤਪਾਦਨ ਦਾ ਆਕਾਰ, ਉਤਪਾਦਨ ਲਾਗਤਾਂ ਅਤੇ ਬਾਜ਼ਾਰ ਇੱਕ ਵੱਡਾ ਕਾਰਨ ਹਨ।

ਐਮਐਸਪੀ ਪ੍ਰਣਾਲੀ ਨੇ ਖੇਤੀ ਬਾੜੀ ਦੇ ਪੈਟਰਨ ਅਤੇ ਖਪਤ ਦੇ ਪੈਟਰਨ ਵਿੱਚ ਕੋਈ ਸੰਤੁਲਨ ਨਹੀਂ ਬਣਾ ਕੇ ਰਖਿਆ । ਇਸ ਕਾਰਨ ਫਲ ਅਤੇ ਦੁੱਧ ਦੇ ਨਾਲ-ਨਾਲ ਹੋਰ ਅਨਾਜਾਂ ਦਾ ਉਤਪਾਦਨ ਵੀ ਪ੍ਰਭਾਵਿਤ ਹੋਇਆ ਹੈ।

ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਪਾਣੀ ਦੇ ਪੱਧਰ ਵਿੱਚ ਗਿਰਾਵਟ ਅਤੇ ਇਸ ਦੇ ਪ੍ਰਦੂਸਣ ਦੀ ਵੀ ਹੈ। ਪੰਜਾਬ ਵਿੱਚ ਜ਼ਮੀਨ ਦੀ ਪ੍ਰਤੀ ਇਕਾਈ ਦੇ ਹਿਸਾਬ ਨਾਲ ਜਿਣਸਾਂ ਦੇਸ਼ ਵਿੱਚ ਸਭ ਤੋਂ ਵੱਧ ਹੁੰਦੀਆਂ ਹਨ ਅਤੇ ਪਾਣੀ ਦਾ ਪੱਧਰ ਹਰ ਸਾਲ 25-30 ਸੈਂਟੀਮੀਟਰ ਤੱਕ ਘੱਟ ਰਿਹਾ ਹੈ। ਭਾਖੜਾ ਡੈਮ ਤੋਂ ਜ਼ਿਆਦਾਤਰ ਪਾਣੀ ਦਿੱਲੀ ਅਤੇ ਹਰਿਆਣਾ ਭੇਜਿਆ ਜਾਂਦਾ ਹੈ ਅਤੇ ਇਸ ਕਾਰਨ ਪੰਜਾਬ ਆਪਣੀਆਂ ਖੇਤੀਬਾੜੀ ਲੋੜਾਂ ਦਾ ਸਿਰਫ 20 ਪ੍ਰਤੀਸ਼ਤ ਹੀ ਪੂਰਾ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਬਾਕੀ ਦੇ ਪਾਣੀ ਦੀ ਵਰਤੋਂ ਕਰਨ ਲਈ ਪੰਜਾਬ ਦੇ ਕਿਸਾਨ ਨੂੰ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਰਹਿਣਾ ਪੈਂਦਾ ਹੈ। ਵਧਦੇ ਸ਼ਹਿਰੀਕਰਨ ਕਾਰਨ, ਵਰਖਾ ਦਾ ਪਾਣੀ ਵੀ ਜ਼ਮੀਨ ਵਿੱਚ ਨਹੀਂ ਜ਼ਜਬ ਹੋ ਰਿਹਾ ਹੈ, ਕਿਉਂਕਿ ਹੁਣ ਸਭ ਕੁਝ ਕੰਕਰੀਟ ਬਣ ਰਿਹਾ ਹੈ। ਭਾਵੇਂ ਕਿ ਪਾਣੀ ਖੇਤੀ ਕੀਤੀ ਜ਼ਮੀਨ ਵਿਚ ਸੋਖ ਲਿਆ ਜਾਵੇ, ਪਰ ਇਸ ਵਿੱਚ ਬਹੁਤ ਜ਼ਿਆਦਾ ਕੀਟਨਾਸ਼ਕ ਤੇ ਖਾਦਾਂ ਹਨ, ਜੋ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰਦੇ ਹਨ। ਇਸ ਕਾਰਨ ਪੰਜਾਬ ਵਿੱਚ ਪੀਣ ਵਾਲਾ ਸੁਰੱਖਿਅਤ ਪਾਣੀ 350 ਤੋਂ 500 ਫੁੱਟ ਡੂੰਘੇ ਟਿਊਬਵੈੱਲਾਂ ਤੋਂ ਮਿਲ ਰਿਹਾ ਹੈ। ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ ਲਈ

ਫਸਲਾਂ ਦੀ ਆਰਥਿਕ ਵਿਭਿੰਨਤਾ ਜ਼ਰੂਰੀ ਹੈ। ਮੈਂ 1986 ਅਤੇ 2002 ਵਿੱਚ ਪੰਜਾਬ ਵਿੱਚ ਪਾਣੀ ਦੇ ਪੱਧਰ ਦਾ ਸੰਤੁਲਨ ਬਣਾਈ ਰੱਖਣ ਲਈ ਦੋ ਰਿਪੋਰਟਾਂ ਸਰਕਾਰ ਅੱਗੇ ਪੇਸ਼ ਕੀਤੀਆਂ ਸਨ। 2002 ਦੌਰਾਨ ਕਮੇਟੀ ਵਿੱਚ ਮੇਰੇ 16 ਸਾਥੀ ਮੈਂਬਰਾਂ ਨੇ ਘੱਟੋ ਘੱਟ 10-15 ਲੱਖ ਹੈਕਟੇਅਰ ਜ਼ਮੀਨ ਨੂੰ ਝੋਨੇ ਦੀ ਖੇਤੀ ਤੋਂ ਬਾਹਰ ਲਿਆਉਣ ਅਤੇ ਹੋਰ ਫਸਲਾਂ ਉਗਾਉਣ ਲਈ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਪ੍ਰਸਤਾਵ ਰਖਿਆ।

ਉਸ ਸਮੇਂ ਭਾਰਤ ਨੇ 14,000 ਕਰੋੜ ਰੁਪਏ ਦੇ ਤੇਲ ਬੀਜ ਅਤੇ ਦਾਲਾਂ ਦਾ ਆਯਾਤ ਕੀਤਾ ਸੀ। ਇਸ ਦੀ ਬਜਾਏ ਅਸੀਂ 10 ਲੱਖ ਹੈਕਟੇਅਰ ਜਮੀਨ 'ਤੇ ਦਾਲਾਂ ਅਤੇ ਤੇਲ ਬੀਜ ਦੇ ਉਤਪਾਦਨ ਲਈ ਕਿਸਾਨਾਂ ਨੂੰ ਮੁਆਵਜੇ ਵਜੋਂ 1600 ਕਰੋੜ ਰੁਪਏ ਦੇਣ ਦਾ ਪ੍ਰਸਤਾਵ ਰੱਖਿਆ ਸੀ। ਵਿੱਤ ਮੰਤਰਾਲੇ ਵੱਲੋਂ ਇਹ ਫੰਡ ਖੇਤੀਬਾੜੀ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਸਨ, ਪਰ ਇਸ ਤੋਂ ਬਾਅਦ ਕੋਈ ਕਦਮ ਨਹੀਂ ਚੁੱਕਿਆ ਗਿਆ। ਫਸਲਾਂ ਦੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਹੁਣ ਕਿਸਾਨਾਂ ਨੂੰ 10,000 ਰੁਪਏ ਪ੍ਰਤੀ ਹੈਕਟੇਅਰ ਦੇ ਸਕਦੀ ਹੈ। ਹੋਰ ਫਸਲਾਂ ਜਿਵੇਂਕਿ ਮੱਕੀ, ਕਪਾਹ, ਤੇਲ ਬੀਜ ਅਤੇ ਦਾਲਾਂ ਲਈ ਐਮਐਸਪੀ ਅਤੇ ਖਰੀਦ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਕੱਲੇ ਪੰਜਾਬ ਵਿੱਚ ਹੀ 20 ਲੱਖ ਟਨ ਮੱਕੀ ਦੀ ਦਰਾਮਦ ਪੋਲਟਰੀ ਫੀਡ ਲਈ ਕੀਤੀ ਜਾਂਦੀ ਹੈ। ਇਸ ਦੀ ਬਜਾਏ ਮੱਕੀ ਉਗਾਉਣ ਲਈ ਸਬਸਿਡੀ ਵਜੋਂ ਵੀ ਉਹੀ ਧਨ ਦਿੱਤਾ ਜਾ ਸਕਦਾ ਹੈ।

**ਸੁਆਲ : ਖੇਤੀਬਾੜੀ ਸਬਸਿਡੀਆਂ ਦੇ ਭਵਿੱਖ ਬਾਰੇ ਕੀ ਕਹਿਣਾ ਚਾਹੋਗੇ ?**

ਜੁਆਬ: ਸੰਸਾਰ ਵਿੱਚ ਕਿਤੇ ਵੀ ਖੇਤੀਬਾੜੀ ਖੇਤਰ ਸਬਸਿਡੀਆਂ ਤੋਂ ਬਿਨਾਂ ਅੱਗੇ ਨਹੀਂ ਵਧ ਸਕਦਾ। ਅਮਰੀਕਾ, ਜਾਪਾਨ ਅਤੇ ਯੂਰਪੀ ਦੇਸ ਆਪਣੇ ਕਿਸਾਨਾਂ 'ਤੇ ਅਰਬਾਂ ਡਾਲਰ ਖਰਚ ਕਰਦੇ ਹਨ। 1000-1500 ਏਕੜ ਤੱਕ ਦੇ ਵੱਡੇ ਫਾਰਮਾਂ ਦੇ ਬਾਵਜੂਦ ਵੀ ਸਬਸਿਡੀ ਮਿਲਦੀ ਹੈ। ਪਰ ਪੰਜਾਬ ਵਿੱਚ ਮੁਫਤ ਬਿਜਲੀ ਸਬਸਿਡੀ ਦੇਣਾ ਗਲਤ ਹੈ, ਇਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਜੇ ਉਨਾਂ ਨੂੰ ਇਸ ਦਾ ਭੁਗਤਾਨ ਕਰਨਾ ਪਵੇ ਤਾਂ ਕਿਸਾਨ ਅਜਿਹਾ ਨਹੀਂ ਕਰਨਗੇ। ਸਰਕਾਰ ਮੌਜੂਦਾ ਬਿਜਲੀ ਸਬਸਿਡੀ ਨੂੰ 'ਖੇਤੀ ਦੇ ਆਧਾਰ 'ਤੇ 5,500-10,000 ਕਰੋੜ ਰੁਪਏ ਦੀ ਸਬਸਿਡੀ' 'ਤੇ ਬਦਲ ਸਕਦੀ ਹੈ। ਫਿਰ, ਉਹਨਾਂ ਨੂੰ ਬਿਜਲੀ ਦਾ ਭੁਗਤਾਨ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਜੇ ਮੇਰੇ ਖਾਤੇ ਵਿੱਚ 100 ਰੁਪਏ ਦੀ ਬਿਜਲੀ ਸਬਸਿਡੀ ਹੈ, ਤਾਂ ਮੈਂ 100 ਰੁਪਏ ਤੋਂ ਘੱਟ ਖਰਚ ਕਰਾਂਗਾ, ਜਿਸ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾ ਸਕਦੀ ਹੈ। ਮੈਂ ਘੱਟ ਪਾਣੀ ਵਾਲੀਆਂ ਫਸਲਾਂ ਦੀ ਕਾਸ਼ਤ ਵੀ ਕਰਾਂਗਾ।

ਦਰਜਨਾਂ ਟਿਊਬਵੈੱਲਾਂ ਵਾਲੇ ਵੱਡੇ ਕਿਸਾਨ ਸਬਸਿਡੀ ਦਾ ਲਾਭ ਉਠਾ ਰਹੇ ਹਨ, ਜਦਕਿ ਛੋਟੇ ਕਿਸਾਨਾਂ ਨੂੰ ਕੁਝ ਨਹੀਂ ਮਿਲਦਾ। ਇਸ ਲਈ ਪ੍ਰਤੀ ਏਕੜ ਆਧਾਰ 'ਤੇ ਚਾਲੂ ਕਰਨ ਨਾਲ ਛੋਟੇ ਕਿਸਾਨਾਂ ਨੂੰ ਲਾਭ ਹੋਵੇਗਾ, ਜਦੋਂ ਕਿ ਵੱਡੇ ਕਿਸਾਨਾਂ ਨੂੰ 25 ਏਕੜ ਤੋਂ ਵੱਧ ਜਮੀਨ 'ਤੇ ਇਹ ਸਹੂਲਤ ਨਹੀਂ ਦਿੱਤੀ ਜਾਣੀ ਚਾਹੀਦੀ। ਸਿੱਧੀ ਆਮਦਨ ਸਬਸਿਡੀ ਵੀ ਸਹੀ ਹੈ ਕਿਉਂਕਿ ਇਹ ਭਾਰਤ ਨੂੰ ਮੌਜੂਦਾ ਪ੍ਰਣਾਲੀ ਦੇ ਉਲਟ, ਡਬਲਿਊਟੀਓ ਦੇ ਮਿਆਰਾਂ ਦੀ ਪਾਲਣਾ ਕਰਨ ਲਈ ਵਧੇਰੇ ਅਨੁਕੂਲ ਬਣਾਵੇਗੀ।

**ਸੁਆਲ : ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਿਵੇਂ ਹੋ ਸਕਦਾ ਹੈ ?**

ਜੁਆਬ : ਕਿਸਾਨਾਂ ਦੀ ਆਮਦਨ ਦੀ ਸਮੱਸਿਆ ਦਾ ਹੱਲ ਕੇਵਲ ਖੇਤੀਬਾੜੀ ਖੇਤਰ ਵਿੱਚ ਹੀ ਨਹੀਂ ਕੀਤਾ ਜਾ ਸਕਦਾ। ਛੋਟੇ ਕਿਸਾਨਾਂ ਨੂੰ ਅੰਸ਼ਕ-ਸਮੇਂ ਦੇ ਮਾਡਲਾਂ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਅਤੇ ਉਹਨਾਂ ਨੂੰ ਡੇਅਰੀ ਅਤੇ ਹੋਰ ਖੇਤਰਾਂ ਵੱਲ ਮੁੜਨ ਲਈ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ, ਜਿਵੇਂ ਕਿ ਜਾਪਾਨ ਵਿੱਚ ਕੀਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਵਾਂਗ ਪੰਜਾਬ ਵਿਚ ਵੀ ਉਦਯੋਗ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ, ਜਿਸ ਵਿਚ ਸਥਾਨਕ ਨੌਜਵਾਨਾਂ ਲਈ ਘੱਟੋ ਘੱਟ 70-80 ਪ੍ਰਤੀਸ਼ਤ ਨੌਕਰੀਆਂ ਲਾਜ਼ਮੀ ਹੋਵੇ ਅਤੇ ਬਾਕੀ ਦੇ ਤਕਨੀਕੀ ਸਟਾਫ ਹੋਣ, ਇਨਾਂ ਨੂੰ ਦੂਜੇ ਰਾਜਾਂ ਦੇ ਲੋਕਾਂ ਤੋਂ ਭਰਤੀ ਕੀਤਾ ਜਾ ਸਕਦਾ ਹੈ। ਇਨਾਂ ਉਦਯੋਗਾਂ ਦੁਆਰਾ ਕਮਾਏ ਗਏ ਹੋਰ ਲਾਭਾਂ ਖੇਤੀਬਾੜੀ ਵਿੱਚ ਨਿਵੇਸ਼ ਕੀਤਾ ਜਾ ਸਕਦਾ ਹੈ।

**ਸੁਆਲ : ਨਵੇਂ ਇਕਰਾਰਨਾਮੇ ਦੇ ਖੇਤੀ ਕਾਨੂੰਨ ਬਾਰੇ ਕੀ ਕਹਿਣਾ ਚਾਹੋਗੇ ?**

ਜੁਆਬ :ਪੰਜਾਬ ਵਿੱਚ ਠੇਕਾ ਖੇਤੀ ਸ਼ੁਰੂ ਵਿੱਚ 2002-03 ਵਿੱਚ ਫੇਲ ਹੋਈ ਸੀ, ਕਿਉਂਕਿ ਕਿਸਾਨਾਂ ਨੂੰ ਖੇਤੀਬਾੜੀ ਦੇ ਕਿਸੇ ਨੁਕਸਾਨ ਦਾ ਬੀਮਾ ਨਹੀਂ ਮਿਲਦਾ ਸੀ। ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਨਵਾਂ ਠੇਕਾ ਖੇਤੀ ਐਕਟ 2013 ਦੇ ਪੰਜਾਬ ਸਰਕਾਰ ਐਕਟ ਦਾ ਇੱਕ ਮਾਡਲ ਹੈ। ਇਸ ਵਿੱਚ ਸ਼ਾਨਦਾਰ ਪ੍ਰਬੰਧ ਹਨ ਜਿਵੇਂ ਕਿ ਕੋਈ ਮਾਰਗੇਜ ਨਹੀਂ ਅਤੇ ਕੋਈ ਜ਼ਿੰਮੇਵਾਰੀ ਨਹੀਂ। ਕਿਸਾਨ ਸੰਭਾਵੀ ਲਾਭ ਲਈ ਵੀ ਕਰਜ਼ ਵੀ ਲੈ ਸਕਦਾ ਹੈ। ਠੇਕੇਦਾਰ ਵੱਲੋਂ ਸਾਰੇ ਇਨਪੁੱਟ ਅਤੇ ਮਸ਼ੀਨਰੀ ਪ੍ਰਦਾਨ ਕੀਤੇ ਜਾਣ ਦੀ ਜ਼ਿੰਮੇਵਾਰੀ ਹੁੰਦੀ ਹੈ। ਕੁਦਰਤੀ ਸੰਕਟ ਹੜ ਜਾਂ ਕੀੜੇ ਲਗਣ ਕਾਰਨ ਨੁਕਸਾਨ ਵੀ ਠੇਕੇਦਾਰ ਨਾਲ ਸਾਂਝਾ ਕੀਤਾ ਜਾਵੇਗਾ। ਇਸ ਕਾਰਨ ਕਿਸਾਨ ਅਤੇ ਖੇਤ ਸੁਰੱਖਿਅਤ ਸਨ। ਪਰ ਪੰਜਾਬ ਐਕਟ ਇਸ ਲਈ ਅਸਫਲ ਰਿਹਾ ਕਿਉਂਕਿ ਕਿਸੇ ਨੇ ਵੀ ਸਹੀ ਢੰਗ ਨਾਲ ਕੰਮ ਨਹੀਂ ਕੀਤਾ।

**ਸੁਆਲ: ਨਵੇਂ ਖੇਤੀਬਾੜੀ ਕਾਨੂੰਨਾਂ ਬਾਰੇ ਕੀ ਕਹਿਣਾ ਚਾਹੋਗੇ ?**

ਜੁਆਬ : ਵਰਤਮਾਨ ਸਥਿਤੀ ਵਿੱਚ ਮੈਂ ਅਤੇ ਮੇਰਾ ਪੂਰਾ ਪਰਿਵਾਰ ਕਿਸਾਨ ਹਾਂ ਅਤੇ ਅੱਠ ਏਕੜ ਜ਼ਮੀਨ ਦੇ ਮਾਲਕ ਹਾਂ। ਅਸੀਂ 50-60 ਏਕੜ ਜਮੀਨ ਲੀਜ਼ 'ਤੇ ਖੇਤੀ ਕਰਦੇ ਹਾਂ। ਮੇਰੇ ਬੱਚੇ ਕਿਸਾਨ ਹਨ। ਮੇਰੀ ਸਥਿਤੀ ਮਹਾਂਭਾਰਤ ਦੇ ਅਰਜੁਨ ਦੀ ਤਰਾਂ ਹੈ- ਇਹ ਕਿਸਾਨ ਮੇਰਾ ਬੱਚਾ, ਬਜ਼ੁਰਗ ਅਤੇ ਭਰਾ ਹੈ। ਉਹ ਬਰਬਾਦੀ ਦੇ ਰਾਹ 'ਤੇ ਹਨ ਅਤੇ ਉਹ ਉਹਨਾਂ ਨੂੰ ਮੁੜ ਲੀਹ 'ਤੇ ਲਿਆਉਣ ਦੀ ਇੱਛਾ ਰੱਖਦੇ ਹਨ। ਮੈਂ 93 ਸਾਲਾ ਦਾ ਹਾਂ; ਮੈਂ ਕਿਸੇ ਹੋਰ ਸਿਆਸੀ ਪਾਰਟੀ ਨਾਲ ਗੱਲ ਨਹੀਂ ਕਰਦਾ। ਮੈਂ ਚੀਨ, ਯੂ.ਐੱਸ.ਐੱਸ.ਆਰ., ਮੱਧ ਅਫਰੀਕਾ, ਪੱਛਮੀ ਏਸ਼ੀਆ ਆਦਿ ਵਿੱਚ 60 ਸਾਲਾਂ ਤੋਂ ਖੇਤੀਬਾੜੀ ਨੀਤੀ 'ਤੇ ਕੰਮ ਕੀਤਾ ਹੈ ਤੇ ਉਹਨਾਂ ਨੇ ਇਸ ਨੂੰ ਵੀ ਲਾਗੂ ਕੀਤਾ ਹੈ।

ਈਰਾਨ ਨੇ ਮੇਰੀ 25 ਪੰਨਿਆਂ ਦੀ ਰਿਪੋਰਟ ਸੰਸਦ ਵਿਚ ਪੇਸ਼ ਹੋਣ ਤੋਂ ਇਸ ਨੂੰ ਅਗਲੇ ਦਿਨ ਲਾਗੂ ਕੀਤਾ। ਪੰਜਾਬ ਵਿਚ ਖੇਤੀ ਸੰਕਟ ਨੂੰ ਹੱਲ ਕਰਨ ਲਈ ਮੈਂ ਦੋ ਰਿਪੋਰਟਾਂ ਦਿੱਤੀਆਂ, ਪਰ ਕਿਸੇ ਨੇ ਇਕ ਵੀ ਪੰਨਾ ਵੀ ਨਹੀਂ ਦੇਖਿਆ। ਮੈਂ ਮੰਤਰੀ ਪ੍ਰੀਸ਼ਦ ਨੂੰ ਕਿੰਨੀ ਵਾਰ ਕਿਹਾ ਹੈ ਕਿ ਉਹ ਅੱਧੇ ਘੰਟੇ ਦੀ ਪੇਸ਼ਕਾਰੀ ਦੇਵੇ ਤੇ ਸਵਾਲਾਂ ਦੇ ਜਵਾਬ ਦੇਣ, ਪਰ ਇਹ ਵੀ ਨਹੀਂ ਕੀਤਾ ਗਿਆ।

# ਭਾਰਤ ਦੇ ਵਿਕਾਸ ਵਿਚ ਕੌਮਾਂਤਰੀ ਪਰਵਾਸ ਦਾ ਯੋਗਦਾਨ

- ਡਾ. ਗਿਆਨ ਸਿੰਘ

15 ਜਨਵਰੀ 2021 ਨੂੰ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਅਮਲਿਆਂ ਬਾਰੇ ਵਿਭਾਗ (ਯੂਐੱਨ-ਡੀਈਐੱਸਏ) ਦੀ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ 2020' ਅਨੁਸਾਰ ਦੁਨੀਆ ਵਿਚ ਭਾਰਤ ਦੇ ਪਰਵਾਸੀਆਂ ਦੀ ਗਿਣਤੀ ਸਭ ਮੁਲਕਾਂ ਤੋਂ ਜ਼ਿਆਦਾ ਹੈ। 2020 ਵਿਚ ਭਾਰਤ ਦੇ 1 ਕਰੋੜ 80 ਲੱਖ ਲੋਕ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਸਨ। ਭਾਰਤ ਤੋਂ ਬਾਅਦ ਹੋਰ ਵੱਡੇ ਮੁਲਕਾਂ ਵਿਚ ਮੈਕਸੀਕੋ (1 ਕਰੋੜ 10 ਲੱਖ), ਰੂਸ (1 ਕਰੋੜ 10 ਲੱਖ), ਚੀਨ (1 ਕਰੋੜ) ਅਤੇ ਸੀਰੀਆ (80 ਲੱਖ) ਸ਼ਾਮਲ ਹਨ। 2000-2010 ਦੌਰਾਨ ਭਾਰਤ ਦੇ 1 ਕਰੋੜ ਲੋਕਾਂ ਨੇ ਕੌਮਾਂਤਰੀ ਪਰਵਾਸ ਕੀਤਾ। ਮਨੁੱਖਾਂ ਦੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਉਨਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ ਪਦਾਰਥਾਂ ਦੀ ਭਾਲ ਵਿਚ ਇਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਸੁਖਾਲੀ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਵਧਣ ਅਤੇ ਵੱਖ ਵੱਖ ਮੁਲਕਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿਚ ਆਇਆ। ਕੌਮਾਂਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਜਿਵੇਂ ਬਿਹਤਰ ਜ਼ਿੰਦਗੀ ਜਿਊਣ ਦਾ ਸੁਪਨਾ, ਪਰਿਵਾਰ ਨਾਲ ਇਕੱਠੇ ਰਹਿਣਾ ਤੇ ਯੁੱਧਾਂ, ਲੜਾਈਆਂ-ਝਗੜਿਆਂ ਜਾਂ ਵਾਤਾਵਰਨ ਵਿਚ ਆਏ ਵਿਗਾੜਾਂ ਦੇ ਮਾਰੂ ਅਸਰਾਂ ਤੋਂ ਬਚਣਾ ਆਦਿ।

ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਪਹਿਲੇ ਨੰਬਰ ਉੱਤੇ ਆਉਂਦੀ ਹੈ। ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੋ ਤਰਾਂ ਦਾ ਹੋ ਰਿਹਾ ਹੈ: ਪਹਿਲਾ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ। ਇਹ ਜ਼ਿਆਦਾਤਰ ਖਾੜੀ ਮੁਲਕਾਂ ਵਿਚ ਪਰਵਾਸ ਕਰਦੇ ਹਨ; ਦੂਜਾ, ਅਰਧ-ਹੁਨਰਮੰਦ ਕਾਮੇ, ਪੇਸ਼ਾਵਰ ਲੋਕ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਦੁਨੀਆ ਦੇ ਉੱਨਤ ਸਰਮਾਏਦਾਰ ਮੁਲਕਾਂ ਵਿਚ ਪਰਵਾਸ ਕਰਦੇ ਹਨ। ਭਾਰਤ ਵਿਚੋਂ ਕੌਮਾਂਤਰੀ ਪਰਵਾਸੀਆਂ ਨੇ ਜਿੱਥੇ ਆਪਣੇ ਅਤੇ ਮੁਲਕ ਲਈ ਕਮਾਇਆ ਹੈ, ਉੱਥੇ ਉਨਾਂ ਨੇ ਆਪਣੇ ਅਤੇ ਮੁਲਕ ਲਈ ਗੁਆਇਆ ਵੀ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਕੌਮਾਂਤਰੀ ਪਰਵਾਸੀਆਂ ਨੇ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ ਸਗੋਂ ਗਦਰ ਲਹਿਰ ਨੂੰ ਵੀ ਜਨਮ ਦਿੱਤਾ। ਇਉਂ ਕੌਮਾਂਤਰੀ ਪਰਵਾਸੀਆਂ ਨੇ ਮੁਲਕ ਦੀ ਆਜ਼ਾਦੀ ਵਿਚ ਆਪਣਾ ਕੀਮਤੀ ਅਤੇ ਪ੍ਰਸ਼ੰਸਾਯੋਗ ਯੋਗਦਾਨ ਪਾਇਆ। ਖਾੜੀ ਮੁਲਕਾਂ ਵਿਚ ਪਰਵਾਸ ਕਰਨ ਵਾਲ਼ੇ ਜ਼ਿਆਦਾ ਕਿਰਤੀ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ। ਦੁਨੀਆ ਦੇ ਉੱਨਤ ਸਰਮਾਏਦਾਰ ਮੁਲਕਾਂ ਵਿਚੋਂ ਵੀ ਕੁਝ ਭਾਰਤੀ ਪਰਵਾਸੀ ਪਹਿਲੀ ਪੀੜੀ ਤੱਕ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ ਪਰ ਹੁਣ ਇਹ ਰੁਝਾਨ ਤੇਜ਼ੀ ਨਾਲ਼ ਘਟ ਰਿਹਾ ਹੈ। ਬਾਹਰਲੇ ਮੁਲਕਾਂ 'ਚੋਂ ਭੇਜੇ ਪੈਸਿਆਂ ਨਾਲ ਜਿੱਥੇ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਨੇ ਤਰੱਕੀ ਕੀਤੀ, ਉੱਥੇ ਉਨਾਂ ਨੇ ਆਪਣੇ ਸੂਬਿਆਂ ਅਤੇ ਮੁਲਕ ਦੀ ਤਰੱਕੀ ਵਿਚ ਯੋਗਦਾਨ ਪਾਇਆ। ਭਾਰਤ ਵਿਚੋਂ ਗਏ ਕੌਮਾਂਤਰੀ ਪਰਵਾਸੀਆਂ ਨੇ ਦੁਨੀਆ ਦੇ ਵੱਖ ਵੱਖ ਮੁਲਕਾਂ ਵਿਚ ਹੋਈ ਆਰਥਿਕ ਤਰੱਕੀ, ਉਨਾਂ ਮੁਲਕਾਂ ਦੀਆਂ ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਕਦਰਾਂ-ਕੀਮਤਾਂ ਬਾਰੇ ਜੋ ਗਿਆਨ ਪ੍ਰਾਪਤ ਕੀਤਾ, ਉਸ ਦਾ ਵੀ ਫ਼ਾਇਦਾ ਮੁਲਕ ਨੂੰ ਹੋਇਆ।

ਭਾਰਤ 'ਚੋਂ ਕੌਮਾਂਤਰੀ ਪ੍ਰਵਾਸੀਆਂ ਨੇ ਜੋ ਕਮਾਇਆ, ਉਸ ਨਾਲੋਂ ਜੋ ਗੁਆਇਆ ਹੈ ਅਤੇ ਗੁਆ ਰਹੇ ਹਨ, ਉਸ ਦੀ ਸੂਚੀ ਲੰਮੀ ਹੈ। ਡਾ. ਗੁਰਿੰਦਰ ਕੌਰ ਤੇ ਸਹਿਯੋਗੀਆਂ ਅਤੇ ਹੋਰ ਖੋਜਾਰਥੀਆਂ ਦੇ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਮੁਲਕ ਵਿਚ ਜਨਰਲ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਉੱਨਤ ਸਰਮਾਏਦਾਰ ਮੁਲਕਾਂ ਅਤੇ ਅਨੁਸੂਚਿਤ ਜਾਤਾਂ ਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਮੁਕਾਬਲਤਨ ਘੱਟ ਮੁਲਕਾਂ ਵਿਚ ਪ੍ਰਵਾਸ ਕੀਤਾ ਹੈ। ਕੌਮਾਂਤਰੀ ਪ੍ਰਵਾਸ ਦੇ ਮਹਿੰਗਾ ਅਤੇ ਅਨੁਸੂਚਿਤ ਅਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਪਰਿਵਾਰਾਂ ਦੇ ਜ਼ਮੀਨ/ਸਾਧਨ ਵਿਹੂਣੇ ਹੋਣ ਦੇ ਨਤੀਜੇ ਵਜੋਂ ਇਨਾਂ ਪਰਿਵਾਰਾਂ ਦੀ ਕੌਮਾਂਤਰੀ ਪ੍ਰਵਾਸ ਵਿਚ ਭਾਗੀਦਾਰੀ ਮੁਕਾਬਲਤਨ ਬਹੁਤ ਘੱਟ ਹੈ। ਕੌਮਾਂਤਰੀ ਪ੍ਰਵਾਸ ਦੇ ਖ਼ਰਚੇ ਪੂਰਾ ਕਰਨ ਲਈ ਪ੍ਰਵਾਸ ਕਰਨ ਵਾਲ਼ੇ ਪਰਿਵਾਰਾਂ ਨੂੰ ਸੰਸਥਾਈ ਅਤੇ ਗ਼ੈਰ-ਸੰਸਥਾਈ ਸ੍ਰੋਤਾਂ ਤੋਂ ਕਰਜ਼ਾ ਲੈਣਾ ਪਿਆ ਅਤੇ ਜ਼ਮੀਨ, ਪਲਾਟ, ਘਰ, ਗੱਡੀ, ਖੇਤੀ ਮਸ਼ੀਨਰੀ, ਗਹਿਣੇ, ਪਸ਼ੂ ਤੇ ਹੋਰ ਕਈ ਕੁਝ ਵੇਚਣਾ ਪਿਆ। ਇਸ ਤੋਂ ਬਿਨਾਂ ਇਸ ਮਕਸਦ ਲਈ ਘਰਾਂ ਦੀਆਂ ਬੱਚਤਾਂ ਵਰਤਣੀਆਂ ਪਈਆਂ ਅਤੇ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਮਦਦ ਤੇ ਰੁਜ਼ਗਾਰ ਦੇਣ ਵਾਲ਼ਿਆਂ ਤੋਂ ਮਦਦ/ਐਡਵਾਂਸ ਪੈਸੇ ਵੀ ਲੈਣੇ ਪਏ।

ਕੌਮਾਂਤਰੀ ਪਰਵਾਸ ਕਰਨ ਵਾਲ਼ਿਆਂ ਦੁਆਰਾ ਪ੍ਰਵਾਸ ਕਰਨ ਲਈ ਕੀਤੇ ਖ਼ਰਚਿਆਂ ਅਤੇ ਉਨਾਂ ਦੁਆਰਾ ਭੇਜੇ ਗਏ ਪੈਸਿਆਂ ਵਿਚ ਖੱਪਾ ਸਾਹਮਣੇ ਆਇਆ ਹੈ ਜੋ ਸਿੱਧੇ ਤੌਰ ਉੱਤੇ ਮੁਲਕ ਵਿਚੋਂ ਪੂੰਜੀ ਦੇ ਹੂੰਝੇ ਨੂੰ ਸਾਹਮਣੇ ਲਿਆਉਂਦਾ ਹੈ। ਆਉਣ ਵਾਲ਼ੇ ਸਮੇਂ ਦੌਰਾਨ ਇਸ ਹੂੰਝੇ ਦੇ ਹੋਰ ਵਧਣ ਦੇ ਆਸਾਰ ਹਨ। ਇਸ ਹੂੰਝੇ ਕਾਰਨ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰ ਕਰਜ਼ੇ ਥੱਲੇ ਹਨ।

ਕੌਮਾਂਤਰੀ ਪਰਵਾਸ ਕਰਨ ਵਾਲ਼ਿਆਂ ਵਿਚ ਪੜ੍ਹੇ-ਲਿਖਿਆਂ ਦੀ ਗਿਣਤੀ ਵੱਧ ਹੈ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਇਨਾਂ ਵਿਚ +2, ਗਰੈਜੂਏਟ, ਪੋਸਟ-ਗਰੈਜੂਏਟ, ਐੱਮ.ਫਿਲ, ਪੀ.ਐੱਚਡੀ ਡਿਗਰੀਆਂ ਪ੍ਰਾਪਤ ਹਨ। ਇਨਾਂ ਪੜ੍ਹੇ-ਲਿਖਿਆਂ ਦਾ ਕੌਮਾਂਤਰੀ ਪਰਵਾਸ, ਮੁਲਕ ਵਿਚੋਂ ਬੌਧਿਕ ਹੂੰਝਾ ਸਾਹਮਣੇ ਲਿਆਉਂਦਾ ਹੈ। ਇਨਾਂ ਦੇ ਪਾਲਣ-ਪੋਸ਼ਣ ਅਤੇ ਵਿੱਦਿਆ ਉੱਪਰ ਸਮਾਜ ਦੀ ਅਥਾਹ ਸ਼ਕਤੀ ਅਤੇ ਸਾਧਨ ਵਰਤੇ ਗਏ ਪਰ ਇਸ ਦਾ ਫ਼ਾਇਦਾ ਬੇਗਾਨੇ ਮੁਲਕਾਂ ਨੂੰ ਹੋ ਰਿਹਾ ਹੈ। ਇਨਾਂ ਕੌਮਾਂਤਰੀ ਪਰਵਾਸੀਆਂ ਵਿਚੋਂ ਜਿਹੜੇ ਬੱਚੇ ਵਿਦਿਆਰਥੀ ਵੀਜ਼ੇ ਉੱਪਰ ਜਾਂਦੇ ਹਨ, ਉਨਾਂ ਵਿਚੋਂ ਬਹੁਤ ਜ਼ਿਆਦਾ ਬੱਚਿਆਂ ਦਾ ਬਾਹਰਲੇ ਮੁਲਕਾਂ ਵਿਚੋਂ ਪ੍ਰਾਪਤ ਕੀਤੀ ਵਿੱਦਿਆ ਦਾ ਪੱਧਰ ਇੰਨਾ ਨੀਵਾਂ ਹੈ ਕਿ ਉਨਾਂ ਵਿਚੋਂ ਬਹੁਤ ਵੱਡੀ ਗਿਣਤੀ ਜਿਸਮਾਨੀ ਕੰਮ ਹੀ ਕਰਦੀ ਹੈ ਜੋ ਆਪਣੇ ਮੁਲਕ ਵਿਚ ਉਹ ਕਦੇ ਵੀ ਕਰਨ ਲਈ ਤਿਆਰ ਨਹੀਂ ਸਨ। ਬਾਹਰਲੇ ਮੁਲਕਾਂ ਵਿਚ ਭਾਵੇਂ ਕੁਝ ਧਾਰਮਿਕ ਅਦਾਰੇ ਅਤੇ ਨੇਕ ਸ਼ਖਸ ਮੁਲਕ ਵਿਚੋਂ ਗਏ ਲੋਕਾਂ ਦੀ ਮਦਦ ਕਰਦੇ ਹਨ ਪਰ ਜ਼ਿਆਦਾਤਰ ਐੱਨਆਰਆਈ ਕਾਰੋਬਾਰੀ ਉਨਾਂ ਦੀ ਜ਼ਿੰਦਗੀ ਨੂੰ ਅਮਰਵੇਲ ਵਾਂਗ ਚੂਸਦੇ ਭੋਰਾ ਵੀ ਰਹਿਮ ਨਹੀਂ ਕਰਦੇ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦਾ ਇਕ ਹੋਰ ਮਾੜਾ ਪੱਖ ਪਰਵਾਸ ਕਰਨ ਵਾਲਿਆਂ ਦੀ ਉਮਰ ਬਾਰੇ ਹੈ। ਕੌਮਾਂਤਰੀ ਪਰਵਾਸ ਕਰਨ ਵਾਲਿਆਂ ਵਿਚੋਂ ਬਹੁਤ ਵੱਡੀ ਗਿਣਤੀ 15 ਤੋਂ 45 ਸਾਲ ਦੇ ਉਮਰ ਵਰਗ ਨਾਲ ਸਬੰਧਿਤ ਹੈ। ਇਹ ਉਹ ਉਮਰ ਹੈ ਜਿਸ ਵਿਚ ਕੰਮ ਕਰਨ ਦੀ ਸ਼ਕਤੀ/ਊਰਜਾ ਜ਼ਿਆਦਾ ਹੁੰਦੀ ਹੈ। ਇਸ ਉਮਰ ਵਰਗ ਨੂੰ ਕਿਸੇ ਵੀ ਮੁਲਕ ਦਾ ਜਨਸੰਖਿਅਕ ਲਾਭ-ਅੰਸ਼/ਸਾਰਥਿਕ ਪੱਖ ਮੰਨਿਆ ਜਾਂਦਾ ਹੈ। ਜੇ ਇਸ ਉਮਰ ਵਾਲੇ ਲੋਕ ਬਾਹਰਲੇ ਮੁਲਕਾਂ ਵਿਚ ਵੱਸ ਜਾਣਗੇ ਤਾਂ ਬਾਕੀਆਂ ਦੀ ਕਾਰਜ-ਕੁਸ਼ਲਤਾ ਘੱਟ ਹੋਣ ਕਾਰਨ ਜਿੱਥੇ ਮੁਲਕ ਦੀ ਤਰੱਕੀ ਰੁਕੇਗੀ, ਉੱਥੇ ਉਨਾਂ ਦੇ ਪਰਿਵਾਰਾਂ ਦੀ ਵੱਖ ਵੱਖ ਸੰਸਥਾਵਾਂ ਵਿਚ ਭਾਗੀਦਾਰੀ ਘੱਟ ਹੋਣ ਕਾਰਨ ਉਨਾਂ ਸੰਸਥਾਵਾਂ ਦਾ ਨਿਵਾਣ ਵੱਲ ਆਉਣਾ ਤੈਅ ਹੋ ਜਾਂਦਾ ਹੈ।

ਕੌਮਾਂਤਰੀ ਪਰਵਾਸ ਦੇ ਕਾਰਨਾਂ 'ਚੋਂ ਪ੍ਰਮੁੱਖ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਮਿਲਣ ਵਾਲ਼ੇ ਰੁਜ਼ਗਾਰ ਦਾ ਪੱਧਰ ਨੀਵਾਂ ਹੋਣਾ ਹੈ। ਮੁਲਕ ਦੇ ਆਜ਼ਾਦ ਹੋਣ ਬਾਅਦ ਯੋਜਨਾਬੰਦੀ ਦੇ ਸਮੇਂ (1951-80) ਦੌਰਾਨ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਤੀ, ਵਿਸਥਾਰ ਅਤੇ ਵਿਕਾਸ ਹੋਇਆ ਜਿਸ ਸਦਕਾ ਬਹੁਤ ਸਾਰੇ ਕਿਰਤੀਆਂ ਨੂੰ ਚੰਗੇ ਮਿਆਰ ਵਾਲ਼ਾ ਰੁਜ਼ਗਾਰ ਮਿਲਿਆ ਅਤੇ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੀਅਰ ਵਿਚ ਪਾ ਦਿੱਤਾ ਗਿਆ ਅਤੇ ਐੱਨਡੀਏ ਦੀ ਹਕੂਮਤ ਨੇ ਤਾਂ ਇਸ ਦਾ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ। 1991 ਤੋਂ ਮੁਲਕ ਵਿਚ ਅਪਣਾਈਆਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਕਾਰਨ ਬਹੁਤ ਜ਼ਿਆਦਾ ਅਮੀਰ 1 ਫ਼ੀਸਦੀ ਅਤੇ ਬਾਕੀ ਦੇ 99 ਫ਼ੀਸਦੀ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਵਧੀਆਂ, ਆਮ ਕਿਰਤੀਆਂ ਲਈ ਰੁਜ਼ਗਾਰ ਦੇ ਸਿਰਫ਼ ਮੌਕੇ ਹੀ ਨਹੀਂ ਘਟੇ ਸਗੋਂ ਰੁਜ਼ਗਾਰ ਦਾ ਮਿਆਰ ਵੀ ਜ਼ਿਆਦਾ ਨਿਵਾਣ ਵੱਲ ਆਇਆ ਅਤੇ ਲਗਾਤਾਰ ਆ ਰਿਹਾ ਹੈ।

ਦੁਨੀਆ ਦੇ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਅਤੇ ਕਾਰਪੋਰੇਟ ਜਗਤ ਸਭ ਆਰਥਿਕ ਸਮੱਸਿਆਵਾਂ ਨੂੰ ਦੂਰ ਕਰਨ ਲਈ ਮੰਡੀ ਨੂੰ ਸੰਜੀਵਨੀ ਬੂਟੀ ਵਜੋਂ ਪ੍ਰਚਾਰ ਰਹੇ ਹਨ। 1930ਵਿਆਂ ਦੀ ਮਹਾਮੰਦੀ ਅਤੇ ਉਸ ਤੋਂ ਬਾਅਦ ਵੱਖ ਵੱਖ ਸਮਿਆਂ ਉੱਤੇ ਵਾਪਰੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਬੇਰੋਕ ਅਤੇ ਬੇਲਗਾਮ ਮੰਡੀ ਪ੍ਰਬੰਧ ਹੀ ਬਹੁਤੀਆਂ ਆਰਥਿਕ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਭਾਰਤ ਵਿਚ 50 ਫ਼ੀਸਦੀ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 16 ਫ਼ੀਸਦੀ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ। ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਕਾਰਨ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਦੇ ਬੋਝ ਅਤੇ ਘੋਰ ਗ਼ਰੀਬੀ ਕਾਰਨ ਜਾਂ ਤੰਗੀਆਂ-ਤੁਰਸ਼ੀਆਂ ਵਾਲ਼ੀ ਮੌਤ ਮਰ ਰਹੇ ਹਨ ਜਾਂ ਜਦੋਂ ਉਨਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਇਨਾਂ ਕਾਰਨਾਂ ਕਰ ਕੇ ਹੀ ਕਿਸਾਨਾਂ ਦੇ ਬੱਚੇ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਨਵੇਂ ਖੇਤੀਬਾੜੀ ਕਾਨੂੰਨ ਇਸ ਖੇਤਰ ਉੱਪਰ ਨਿਰਭਰ ਪਰਿਵਾਰਾਂ ਵਿਚੋਂ ਕੌਮਾਂਤਰੀ ਪਰਵਾਸ ਨੂੰ ਹੋਰ ਵਧਾਉਣਗੇ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੇ ਮਾਮਲੇ ਵਿਚ ਬੌਧਿਕ ਹੂੰਝੇ, ਪੂੰਜੀ ਹੂੰਝੇ, ਜਨਸੰਖਿਅਕ ਲਾਭ-ਅੰਸ਼ ਅਤੇ ਹੋਰ ਨੁਕਸਾਨਾਂ ਨੂੰ ਦੇਖਦੇ ਹੋਏ ਸਮੇਂ ਦੀ ਲੋੜ ਹੈ ਕਿ ਮੁਲਕ ਵਿਚ ਅਪਣਾਏ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗਾ ਲੋਕ ਅਤੇ ਕੁਦਰਤ ਪੱਖੀ ਆਰਥਿਕ ਵਿਕਾਸ ਅਪਣਾਇਆ ਜਾਵੇ। ਇਸ ਲਈ ਜ਼ਰੂਰੀ ਹੈ ਕਿ ਬੇਅੰਤ ਅਮੀਰ 1 ਫ਼ੀਸਦੀ ਲੋਕਾਂ ਉੱਪਰ ਕਰ ਵਧਾਏ ਜਾਣ ਅਤੇ ਉਨਾਂ ਨੂੰ ਉਗਰਾਹੁਣਾ ਯਕੀਨੀ ਬਣਾ ਕੇ ਪ੍ਰਾਪਤ ਆਮਦਨ ਲੋਕ ਭਲਾਈ ਲਈ ਵਰਤਿਆ ਜਾਵੇ। ਲੋਕ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣ ਲਈ ਜ਼ਰੂਰੀ ਹੈ ਕਿ ਜਨਤਕ ਖੇਤਰ ਦਾ ਪਸਾਰ ਤੇ ਵਿਕਾਸ ਕੀਤਾ ਜਾਵੇ ਅਤੇ ਪ੍ਰਾਈਵੇਟ ਖੇਤਰ ਦੇ ਕੰਮਕਾਜ ਦੀ ਨਿਗਰਾਨੀ ਅਤੇ ਕੰਟਰੋਲ ਯਕੀਨੀ ਬਣਾਇਆ ਜਾਵੇ। ਮੁਲਕ ਵਿਚ ਹਰ ਤਰਾਂ ਦੇ ਰੁਜ਼ਗਾਰ ਤੇ ਉਸ ਦਾ ਮਿਆਰ ਵਧਾਇਆ ਜਾਵੇ ਅਤੇ ਇਸ ਬਾਰੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲ਼ੀਆਂ ਇਕਾਈਆਂ ਨੂੰ ਵੱਖ ਵੱਖ ਤਰੀਕਿਆਂ ਨਾਲ਼ ਉਤਸ਼ਾਹਿਤ ਕੀਤਾ ਜਾਣਾ ਜ਼ਰੂਰੀ ਹੈ। ਜਨਸੰਖਿਅਕ ਲਾਭ-ਅੰਸ਼ ਦਾ ਮਿਆਰ ਉੱਚਾ ਚੁੱਕਣ ਲਈ ਜ਼ਰੂਰੀ ਹੈ ਕਿ ਵਿੱਦਿਅਕ ਅਤੇ ਸਿਹਤ ਸੇਵਾਵਾਂ ਵਿਚ ਵੱਡੇ ਸੁਧਾਰ ਲਿਆਂਦੇ ਜਾਣ। ਅਜਿਹਾ ਕਰਨ ਲਈ ਸਾਰੇ ਨਾਗਰਿਕਾਂ ਨੂੰ ਮਿਆਰੀ ਵਿੱਦਿਅਕ ਅਤੇ ਸਿਹਤ ਸੇਵਾਵਾਂ ਸਰਕਾਰ ਦੁਆਰਾ ਮੁਫ਼ਤ ਦੇਣੀਆਂ ਬਣਦੀਆਂ ਹਨ। ਸਰਕਾਰ ਸਮਾਜਿਕ ਸੁਰੱਖਿਆ ਦੇ ਉਪਾਵਾਂ ਦਾ ਦਾਇਰਾ ਵਧਾਉਂਦੇ ਹੋਏ ਇਹ ਯਕੀਨੀ ਬਣਾਵੇ ਕਿ ਮੁਲਕ ਦਾ ਹਰ ਨਾਗਰਿਕ ਸੁਖੀ ਰਹਿ ਸਕੇ।

*ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
੦੦੧-੪੨੪-੪੨੨-੭੦੨੫

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




Put my knowledge, Service, experience and professionalism to work for you.



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਸਿੱਖਾਂ ਦੀ ਵਫ਼ਾਦਾਰੀ ਅਕਾਲ ਤਖ਼ਤ ਨਾਲ਼ ਹੈ, ਦਿੱਲੀ ਤਖ਼ਤ ਨਾਲ ਨਹੀਂ



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

26 ਜਨਵਰੀ 1950 ਨੂੰ ਭਾਰਤ ਨੇ ਅੰਤਰ-ਰਾਸ਼ਟਰੀ ਭਾਈਚਾਰੇ ’ਚ ਆਪਣੀ ਹੋਂਦ ਨੂੰ ਪੱਕਿਆਂ ਕਰਦਿਆਂ ਫੈਡਰਲ ਢਾਂਚੇ ਦੀ ਬਜਾਇ ਕੇਂਦਰ ਨੂੰ ਮਜ਼ਬੂਤ ਕਰਦਾ ਢਾਂਚਾ ਲਾਗੂ ਕਰਕੇ ਘੱਟ-ਗਿਣਤੀ ਕੌਮਾਂ ਅਤੇ ਖੇਤਰੀ ਲੋਕਾਂ ਨੂੰ ਭਾਰਤੀਅਤਾ ਦੇ ਸਮੁੰਦਰ ਵਿੱਚ ਜਜ਼ਬ ਕਰ ਲੈਣ ਦੀ ਕਵਾਇਦ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਇਸ ਖਿੱਤੇ ਵਿੱਚ ਆਪਣਾ ਸਫ਼ਰ ਭਾਰਤੀ ਸੰਵਿਧਾਨ ਨੂੰ ਨਾ-ਮਨਜ਼ੂਰ ਕਰਕੇ ਅਰੰਭ ਕੀਤਾ, ਕਿਉਂਕਿ ਇਹ ਸੰਵਿਧਾਨ ਉਹਨਾਂ ਨਾਲ਼ ਧੋਖਾ ਸੀ ਅਤੇ ਬਾਅਦ ਦੇ ਸਾਲਾਂ ਦੌਰਾਨ ਭਾਰਤੀ ਸਟੇਟ ਵੱਲੋਂ ਸਿੱਖਾਂ ਨਾਲ਼ ਕੀਤੇ ਧੱਕੇ, ਵਤੀਰੇ, ਜ਼ੁਲਮਾਂ, ਬੇਇਨਸਾਫ਼ੀਆਂ ਅਤੇ ਵਾਪਰੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਸਿੱਖ ਕੌਮ ਦੇ ਪ੍ਰਤੀਨਿਧ ਹੋਣ ਦੇ ਨਾਤੇ ਅੱਜ ਅਸੀਂ ਮੁੜ ਦੁਹਰਾਉਂਦੇ ਹਾਂ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਸਿੱਖ ਦਿੱਲੀ ਤਖ਼ਤ ਦੇ ਗਲਬੇ ਨੂੰ ਨਹੀਂ ਕਬੂਲਦੇ। ਸਾਡੀ ਵਫ਼ਾਦਾਰੀ ਅਤੇ ਆਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖੀ ਸਿਧਾਂਤਾਂ ਨਾਲ਼ ਮੁਕੰਮਲ ਰੂਪ ਵਿੱਚ ਜੁੜੀ ਹੋਈ ਹੈ। ਕੋਈ ਵੀ ਦੁਨਿਆਵੀ ਤਾਕਤ, ਸਿੱਖ ਵਿਸ਼ਵਾਸਾਂ, ਸਿੱਖ ਜਜ਼ਬੇ ਤੇ ਸਿੱਖੀ ਸਿਦਕ ਨੂੰ ਕਮਜ਼ੋਰ ਨਹੀਂ ਕਰ ਸਕਦੀ, ਭਾਰਤ ਤਾਂ ਬਿਲਕੁਲ ਵੀ ਨਹੀਂ ਜਿਸ ਨੇ ਸਿੱਖਾਂ ਨਾਲ਼ ਦੁਰਵਿਹਾਰ ਕੀਤਾ, ਸਾਡੀ ਅੱਡਰੀ ਪਛਾਣ ਖੋਹੀ, ਹਿੰਦੂ ਕਨੂੰਨ ਸਾਡੇ ਉੱਤੇ ਥੋਪੇ, ਸਾਡੇ ਉੱਤੇ ਹਿੰਦੂ ਧਰਮ ਦਾ ਅੰਗ ਹੋਣ ਦਾ ਲੇਬਲ ਲਾਇਆ, ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਅਤੇ ਅੱਜ ਵੀ ਸਾਡੇ ਧਰਮ ਦੇ ਬੁਨਿਆਦੀ ਢਾਂਚੇ ਵਿੱਚ ਘੁਸਪੈਠ ਕਰ ਰਿਹਾ ਹੈ।

ਸਿੱਖਾਂ ਅਤੇ ਪੰਜਾਬੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੰਵਿਧਾਨਕ ਮੱਦਾਂ ਲਗਾਤਾਰ ਸਾਨੂੰ ਠਿੱਠ ਕਰ ਰਹੀਆਂ ਹਨ। ਅੱਜ ਜਦੋਂ ਅਸੀਂ ਪੰਜਾਬ ’ਚ ਤਰੱਕੀ ਅਤੇ ਖੁਸ਼ਹਾਲੀ ਦੀਆਂ ਗੱਲਾਂ ਕਰ ਰਹੇ ਹਾਂ ਤਾਂ ਅਸੀਂ ਪੁੱਛਦੇ ਹਾਂ ਕਿ ਰਾਇਪੇਰੀਅਨ ਸਿਧਾਂਤ ਅਤੇ ਸੰਵਿਧਾਨ ਦੀ ਭਾਵਨਾ ਦੇ ਉਲ਼ਟ ਜਾ ਕੇ ਪੰਜਾਬ ਦਾ ਪਾਣੀ ਕਿਉਂ ਲੁੱਟਿਆ ਜਾ ਰਿਹਾ ਹੈ? ਕਿਉਂ ਸਿੱਖਾਂ ਨੂੰ ਸੰਵਿਧਾਨ ਦੀ ਧਾਰਾ 25 (ਬੀ-2) ਤਹਿਤ ਹਿੰਦੂ ਧਰਮ ਦਾ ਅੰਗ ਦਰਸਾਇਆ ਜਾ ਰਿਹਾ ਹੈ ? ਸਿੱਖ ਆਪਣਾ ਜੰਮਣ, ਮਰਨ, ਵਿਆਹ ਅਤੇ ਦੂਜੇ ਕਾਰ-ਵਿਹਾਰ ਹਿੰਦੂ ਕਨੂੰਨਾਂ ਅਨੁਸਾਰ ਕਿਉਂ ਦਰਜ ਕਰਵਾਉਣ? ਉਹਨਾਂ ਨੂੰ ਬੁਨਿਆਦੀ ਹੱਕਾਂ ਤੋਂ ਕਿਉਂ ਵਾਂਝਾ ਰੱਖਿਆ ਗਿਆ ਹੈ ?

ਇਹਨਾਂ ਪਿਛਲੇ ਸਾਲਾਂ ਵਿੱਚ ਸਿੱਖਾਂ ਦੀਆਂ ਤਮਾਮ ਕੋਸ਼ਿਸ਼ਾਂ, ਉਹਨਾਂ ਵੱਲੋਂ ਲੜੇ ਸੰਘਰਸ਼ ਦੇ ਬਾਵਜੂਦ ਸਿੱਖ ਸਮੱਸਿਆ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਜਿਸ ਕਾਂਗਰਸ ਨੇ ਲੰਮਾ ਸਮਾਂ ਦੇਸ਼ ਦੀ ਸੱਤਾ ਸੰਭਾਲੀ ਰੱਖੀ ਉਸ ਨੇ ਸਿੱਖ ਸਮੱਸਿਆਵਾਂ ਨੂੰ ਜਾਂ ਤਾਂ ਅਣਗੌਲਿਆ ਕਰੀ ਰੱਖਿਆ ਜਾਂ ਇਸ ਨੂੰ ਕਨੂੰਨ-ਵਿਵਸਥਾ ਦਾ ਮਸਲਾ ਬਣਾ ਕੇ ਸਿੱਖਾਂ ਦਾ ਸਰੀਰਕ ਘਾਣ ਕੀਤਾ।

ਹਿੰਦੂ ਕੱਟੜਪੰਥੀ ਆਗੂ ਨਰਿੰਦਰ ਮੋਦੀ ਵੀ ਕਾਂਗਰਸ ਦੇ ਰਾਹਾਂ ਉੱਤੇ ਚੱਲ ਰਿਹਾ ਹੈ ਤੇ ਸਿੱਖ ਕੌਮ ਅਤੇ ਪੰਜਾਬ ਦਾ ਦੋਖੀ ਬਣਿਆ ਹੋਇਆ ਹੈ। ਪਰ ਉਸ ਨੂੰ ਸਮਝਣਾ ਪਵੇਗਾ ਕਿ ਸਿੱਖ ਇਕ ਵੱਖਰਾ ਧਰਮ ਹੈ, ਸਿੱਖ ਇੱਕ ਵੱਖਰੀ ਕੌਮ ਹੈ, ਸਿੱਖ ਹਿੰਦੂ ਧਰਮ ਦਾ ਅੰਗ ਨਹੀਂ ਹਨ, ਸਿੱਖਾਂ ਨੂੰ ਆਪਣਾ ਵੱਖਰਾ ‘ਪਰਸਨਲ ਲਾਅ’ ਚਾਹੀਦਾ ਹੈ, ਪੰਜਾਬ ਦੇ ਅਸਲ ਵਾਰਸ ਸਿੱਖ ਹਨ, ਪੰਜਾਬ ਨੂੰ ਆਪਣੀ ਵੱਖਰੀ ਰਾਜਧਾਨੀ ਚਾਹੀਦੀ ਹੈ, ਪੰਜਾਬ ਨੂੰ ਆਪਣੇ ਪਾਣੀਆਂ ਦਾ ਮਾਲਕੀ ਹੱਕ ਚਾਹੀਦਾ ਹੈ।ਦੇਸ਼ ਦਾ ਚਿਹਰਾ ਭਾਵੇਂ ਨਰਿੰਦਰ ਮੋਦੀ ਹੋਵੇ, ਕੇਜਰੀਵਾਲ ਜਾਂ ਰਾਹੁਲ ਗਾਂਧੀ ਜਾਂ ਕੋਈ ਹੋਰ ਪਰ ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜ-ਪ੍ਰਣਾਲੀ ਰਾਹੀਂ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਅਤੇ ਵਧੀਕੀਆਂ ਖ਼ਤਮ ਹੋਣ। ਭਾਰਤ-ਪਾਕਿਸਤਾਨ ਵੰਡ ਮੌਕੇ ਭਾਰਤੀ ਆਗੂਆਂ ਵੱਲੋਂ ਵਾਅਦਿਆਂ ਤੋਂ ਮੁਕਰਨ ਅਤੇ ਧੋਖੇ ਕਰਨ ਦੀ ਲੰਮੀ ਅਤੇ ਅਫ਼ਸੋਸਨਾਕ ਕਹਾਣੀ ਦਾ ਅੰਤ ਹੋਣਾ ਚਾਹੀਦਾ ਹੈ।

ਪਿਛਲੇ ਕਈ ਦਹਾਕੇ ਸਿੱਖਾਂ ਨੇ ਦੁੱਖਾਂ, ਤਕਲੀਫਾਂ ਅਤੇ ਪੀੜਾਂ ਨਾਲ਼ ਭਰੇ ਲੰਘਾਏ ਹਨ। ਭਾਰਤੀ ਸੰਵਿਧਾਨ ਨੂੰ ਲਾਗੂ ਕਰਨ ਅਤੇ ਕਰਵਾਉਣ ਵਾਲ਼ਿਆਂ ਨੇ ਇਸ ਦੀ ਪਾਲਣਾ, ਸਦਾ ਹੀ ਆਪਣੇ ਮੁਫ਼ਾਦਾਂ ਦੀ ਪੂਰਤੀ ਅਤੇ ਘੱਟ-ਗਿਣਤੀ ਕੌਮਾਂ ਅਤੇ ਲੋਕਾਂ ਦੇ ਬੁਨਿਆਦੀ ਹੱਕ ਕੁਚਲਣ ਲਈ ਕੀਤੀ ਹੈ।

26 ਜਨਵਰੀ ਨੂੰ ਲਾਗੂ ਹੋਇਆ ਸੰਵਿਧਾਨ ਜਿੱਥੇ ਇੱਕ ਪਾਸੇ ਅਣਗਿਣਤ ਗ਼ੈਰ-ਪੰਜਾਬੀਆਂ ਨੂੰ ਪੰਜਾਬ ਵਿੱਚ ਆਉਣ ਤੇ ਪੱਕੇ ਤੌਰ ’ਤੇ ਵੱਸਣ ਦੀ ਇਜ਼ਾਜਤ ਦੇਂਦਾ ਹੈ, ਓਥੇ ਦੂਜੇ ਪਾਸੇ ਸਿੱਖਾਂ ਅਤੇ ਪੰਜਾਬੀਆਂ ਨੂੰ ਭਾਰਤ ਦੇ ਦੂਜੇ ਸੂਬਿਆਂ ਵਿੱਚ ਜ਼ਮੀਨ ਖਰੀਦਣ ਉੱਤੇ ਪਬੰਦੀ ਲਾਉਣ ਲਈ ਸਹਾਈ ਹੁੰਦਾ ਹੈ। ਗੁਜਰਾਤ ਦੇ ਸਿੱਖ ਕਿਸਾਨਾਂ ਦੇ ਉਜਾੜੇ ਦਾ ਖਤਰਾ, ਸਿੱਖਾਂ ਪ੍ਰਤੀ ਭਾਰਤੀ ਵਿਤਕਰੇ ਅਤੇ ਦੋਹਰੇ ਮਾਪਦੰਡ ਦੀ ਸਿੱਕੇਬੰਦ ਮਿਸਾਲ ਸੀ।

ਹੁਣ ਭਾਜਪਾ ਸਰਕਾਰ ਨੇ ਖੇਤੀ ਕਾਲ਼ੇ ਕਨੂੰਨਾਂ ਰਾਹੀਂ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ’ਤੇ ਵੱਡਾ ਹਮਲਾ ਕੀਤਾ ਹੈ, ਮੋਦੀ ਸਰਕਾਰ ਬਾਕੀ ਸੂਬਿਆਂ ਵਾਂਗ ਪੰਜਾਬ ਦੇ ਕਿਸਾਨਾਂ ਦੀ ਹਾਲਤ ਵੀ ਮਜ਼ਦੂਰਾਂ ਵਰਗੀ ਕਰ ਦੇਣਾ ਚਾਹੁੰਦੀ ਹੈ, ਸਾਡੀਆਂ ਜ਼ਮੀਨਾਂ ਖੋਹਣਾ ਚਾਹੁੰਦੀ ਹੈ, ਪੰਜਾਬ ਨੂੰ ਕੰਗਾਲ ਤੇ ਬਰਬਾਦ ਕਰ ਦੇਣਾ ਚਾਹੁੰਦੀ ਹੈ। ਪਿਛਲੇ ਚਾਰ-ਪੰਜ ਮਹੀਨਿਆਂ ਤੋਂ ਕਿਸਾਨ ਲਗਾਤਾਰ ਸੰਘਰਸ਼ ਕਰ ਰਹੇ ਹਨ, ਪਹਿਲਾਂ ਪੰਜਾਬ ’ਚ ਯਾਤਰੀ ਅਤੇ ਮਾਲ ਗੱਡੀਆਂ ਰੋਕੀਆਂ ਗਈਆਂ, ਜਗਾ-ਜਗਾ ’ਤੇ ਜਬਰਦਸਤ ਧਰਨੇ-ਪ੍ਰਦਰਸ਼ਨ ਹੋਏ, ਪੰਜਾਬ ਅਤੇ ਭਾਰਤ ਬੰਦ ਦੇ ਸੱਦੇ ਵੀ ਸਫ਼ਲ ਹੋਏ ਤੇ ਹੁਣ ਦੋ ਮਹੀਨਿਆਂ ਤੋਂ ਕੜਾਕੇ ਦੀ ਠੰਢ ’ਚ ਦਿੱਲੀ ਦੇ ਸਿੰਘੂ ਅਤੇ ਟਿਕਰੀ ਬਾਰਡਰ ਅਤੇ ਹੋਰ ਕਈ ਪਾਸੇ ਸੜਕਾਂ ’ਤੇ ਕਿਸਾਨ ਮੋਰਚਾ ਲਾ ਕੇ ਬੈਠੇ ਹੋਏ ਹਨ, ਸੌ ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ ਪਰ ਸਰਕਾਰ ਇਹਨਾਂ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਤੇ ਉਲ਼ਟਾ ਮੀਡੀਆ ਰਾਹੀਂ ਕਿਸਾਨਾਂ ਨੂੰ ਬਦਨਾਮ ਕਰਨ ’ਤੇ ਤੁਲੀ ਹੋਈ ਹੈ। ਲੋਕਤੰਤਰ ਦਾ ਦੀਵਾਲਾ ਨਿਕਲ ਚੁੱਕਾ ਹੈ, ਜਦ ਹਜ਼ਾਰਾਂ-ਲੱਖਾਂ ਲੋਕ ਕਹਿ ਰਹੇ ਨੇ ਕਿ ਸਾਨੂੰ ਇਹ ਕਨੂੰਨ ਨਹੀਂ ਚਾਹੀਦੇ ਤਾਂ ਭਾਰਤ ਸਰਕਾਰ ਅੜੀਅਲ ਰਵੱਈਆ ਅਪਣਾ ਕੇ ਸਾਡੇ ਹੱਕਾਂ ’ਤੇ ਡਾਕਾ ਕਿਉਂ ਮਾਰ ਰਹੀ ਹੈ ?

ਇਹ ਸੰਵਿਧਾਨ ਗ਼ੈਰ-ਕਨੂੰਨੀ ਗਤੀਵਿਧੀਆਂ ਰੋਕੂ ਐਕਟ, ਆਰਮਡ ਫ਼ੋਰਸਜ਼ ਸਪੈਸ਼ਲ ਪਾਵਰ ਐਕਟ ਅਤੇ ਗੜਬੜ ਗ੍ਰਸਤ ਇਲਾਕਾ ਕਨੂੰਨ ਵਰਗੇ ਕਾਲ਼ੇ ਕਨੂੰਨਾਂ ਨੂੰ ਲਾਗੂ ਕਰਨ ਦੀ ਮਨਜ਼ੂਰੀ ਦੇਂਦਾ ਹੈ। ਐੱਨ.ਆਈ.ਏ. ਰਾਹੀਂ ਸੰਘਰਸ਼ਸ਼ੀਲ ਲੋਕਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ, ਕਿਸਾਨ ਸੰਘਰਸ਼ ’ਚ ਸਰਗਰਮ ਹੋਣ ਕਰਕੇ ਮੈਨੂੰ ਵੀ ਸੰਮਨ ਭੇਜ ਕੇ ਦਿੱਲੀ ’ਚ ਦਸ ਘੰਟੇ ਪੁੱਛਗਿੱਛ ਕੀਤੀ ਗਈ ਤੇ ਮੈਨੂੰ ਜੇਲ ’ਚ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਇਹ ਸਾਰੇ ਕਨੂੰਨ ਜਾਇਜ਼ ਰਾਜਸੀ ਗਤੀਵਿਧੀਆਂ ਅਤੇ ਵੱਖਰੇ ਵਿਚਾਰ ਰੱਖਣ ਵਾਲ਼ਿਆਂ ਨੂੰ ਦਬਾਉਣ, ਰਾਜਨੀਤਿਕ ਕਾਰਕੁੰਨਾਂ ਦੀ ਆਵਾਜ਼ ਬੰਦ ਕਰਨ ਅਤੇ ਹਜ਼ਾਰਾਂ ਹੀ ਸਿੱਖ, ਕਸ਼ਮੀਰੀ, ਨਾਗਾ, ਮੀਜ਼ੋ ਅਤੇ ਹੋਰ ਘੱਟ-ਗਿਣਤੀਆਂ ਨਾਲ਼ ਸਬੰਧਿਤ ਲੋਕਾਂ ਨੂੰ ਜੇਲਾਂ ਵਿੱਚ ਨਜ਼ਰਬੰਦ ਕਰਨ ਲਈ ਵਰਤੇ ਜਾ ਰਹੇ ਹਨ।

ਇਹਨਾਂ ਕਨੂੰਨਾਂ ਦੀ ਛਤਰ-ਛਾਇਆ ਹੇਠ ਸੁਰੱਖਿਆ ਫ਼ੋਰਸਾਂ ਨੂੰ ਬਿਨਾਂ ਕਿਸੇ ਭੈਅ ਖੁੱਲ-ਖੇਡਣ ਦੀ ਛੁੱਟੀ ਮਿਲ਼ੀ ਹੋਈ ਹੈ। ਉਹ ਆਪਣੀਆਂ ਮੁਜ਼ਰਮਾਨਾ ਕਾਰਵਾਈਆਂ ਲਈ ਕਿਸੇ ਕਨੂੰਨ ਅੱਗੇ ਜਵਾਬਦੇਹ ਨਹੀਂ ਹਨ।

ਹਿੰਦੁਸਤਾਨ ਦੀ ਧੱਕੜ ਬਹੁ-ਗਿਣਤੀ ਨੇ 1950 ਵਿੱਚ ਮੁਲਕ ’ਤੇ ਇੱਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਹਿਚਾਣ ਅਤੇ ਸੱਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ।

ਅਸੀਂ ਮੁੜ ਦੁਹਰਾਉਂਦੇ ਹਾਂ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਸਿੱਖ ਕੌਮ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਹੈ। ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿੱਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ਼ ਹੀ ਹੋਵੇਗਾ। ਅਸੀਂ ਸਿੱਖਾਂ ਨੂੰ ਅਪੀਲ ਕਰਦੇ ਹਾਂ ਕਿ ਉਹ 26 ਜਨਵਰੀ ਦੇ ਜਸ਼ਨਾਂ ਤੋਂ ਓਦੋਂ ਤਕ ਦੂਰ ਰਹਿਣ ਜਦ ਤਕ ਸੰਵਿਧਾਨਕ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਖ਼ਤਮ ਨਹੀਂ ਹੁੰਦੀਆਂ ਅਤੇ ਉਹਨਾਂ ਦੀਆਂ ਕੌਮੀ ਇਛਾਵਾਂ ਅਤੇ ਉਮੀਦਾਂ ਦੀ ਪੂਰਤੀ ਨਹੀਂ ਹੁੰਦੀ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ 'ਚ ਸ਼ਹੀਦ ਹੋਏ 162 ਕਿਸਾਨਾਂ ਨੂੰ ਕੇਂਦਰ 25-25 ਲੱਖ ਰੁਪਏ ਦਾ ਮੁਆਵਜ਼ਾ ਦੇਵੇ : ਪੰਜਾਬੀ ਕਲਚਰਲ ਕੌਂਸਲ

**✪ ਸੰਘਰਸ਼ਸ਼ੀਲ ਕਿਸਾਨਾਂ ਨੂੰ ਪੂਰਨ ਸਹਾਇਤਾ ਲਈ ਕੇਜਰੀਵਾਲ ਦੇ ਨਿੱਜੀ ਦਖਲ ਦੀ ਮੰਗ ✪ ਪੰਜਾਬੀ ਕਲਚਰਲ ਕੌਂਸਲ ਨੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਸੂਚੀ ਕੀਤੀ ਜਾਰੀ ✪ ਖੇਤੀ ਮੰਤਰੀ ਤੋਮਰ ਨੂੰ ਲਿਖੀ ਚਿੱਠੀ 'ਚ ਕਾਲੇ ਕਿਸਾਨੀ ਕਾਨੂੰਨਾਂ ਨੂੰ ਤੁਰੰਤ ਰੱਦ ਕਰਨ ਦੀ ਕੀਤੀ ਮੰਗ**

**ਚੰਡੀਗੜ/ਏ.ਟੀ.ਨਿਊਜ਼:** ਪੰਜਾਬੀ ਕਲਚਰਲ ਕੌਂਸਲ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਉਹ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਸਾਰੇ 162 ਕਿਸਾਨਾਂ ਨੂੰ ਐਕਸ-ਗ੍ਰੇਸ਼ੀਆ ਲਾਭ ਅਧੀਨ 25-25 ਲੱਖ ਰੁਪਏ ਦੀ ਮਾਲੀ ਸਹਾਇਤਾ ਦੇਵੇ ਅਤੇ ਕਾਲੇ ਕਿਸਾਨੀ ਕਾਨੂੰਨਾਂ ਨੂੰ ਤੁਰੰਤ ਰੱਦ ਕਰਕੇ 'ਅੰਨਦਾਤਾ' ਨੂੰ ਬਣਦਾ ਮਾਨ-ਸਨਮਾਨ ਦਿੱਤਾ ਜਾਵੇ ਜਿਨਾਂ ਨੇ ਦੇਸ਼ ਦੀ ਖ਼ੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਆਪਣੇ ਜੀਵਨ ਦਾ ਸਭ ਕੁਝ ਦਾਅ ਉੱਤੇ ਲਾ ਦਿੱਤਾ ਹੈ। ਇਸ ਤੋਂ ਇਲਾਵਾ ਕੌਂਸਲ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਦੀਆਂ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਅਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਨਿੱਜੀ ਦਖ਼ਲ ਦੇਣ ਲਈ ਕਿਹਾ ਹੈ।

ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੂੰ ਲਿਖੀ ਚਿੱਠੀ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਅਤੇ ਵਾਈਸ ਚੇਅਰਮੈਨ ਤੇਜਿੰਦਰਪਾਲ ਸਿੰਘ ਨਲਵਾ ਸੀਨੀਅਰ ਵਕੀਲ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਬਹੁਤ ਦੁਖਦਾਈ ਗੱਲ ਹੈ ਕਿ ਕੇਂਦਰ ਸਰਕਾਰ ਦੇ ਸ਼ਰਮਨਾਕ ਵਤੀਰੇ, ਨਿਰਦਈ ਰਵੱਈਏ ਤੇ ਦੰਭੀ ਹੰਕਾਰ ਕਾਰਨ ਦੋ ਮਹੀਨਿਆਂ ਭਾਵ 25 ਨਵੰਬਰ, 2020 ਤੋਂ ਦਿੱਲੀ ਦੀਆਂ ਸਰਹੱਦਾਂ ਉੱਤੇ ਕਾਲ਼ੇ ਕਿਸਾਨੀ ਕਾਨੂੰਨਾਂ ਦੇ ਵਿਰੋਧ ਵਿੱਚ ਪ੍ਰਦਰਸ਼ਨਾਂ ਦੌਰਾਨ ਚਾਰ ਰਾਜਾਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ ਅਤੇ ਮੱਧ ਪ੍ਰਦੇਸ ਦੇ ੧੪੯ ਕਿਸਾਨ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਧਰਨਿਆਂ ਅਤੇ ਰੇਲ ਰੋਕੋ ਮੋਰਚੇ ਦੌਰਾਨ ਸਤੰਬਰ ਤੋਂ 24 ਨਵੰਬਰ, 2020 ਤੱਕ 13 ਕਿਸਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਹਨ। ਉਨਾਂ ਕਿਹਾ 'ਕੇਂਦਰ ਸਰਕਾਰ ਦੀ ਇਹ ਅੜੀ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਉਂਕਿ ਕੋਈ ਵੀ ਜਾਨੀ ਨੁਕਸਾਨ ਦੇਸ਼ ਦੇ ਕਿਸਾਨਾਂ ਨਾਲ ਸਰਾਸਰ ਬੇਇਨਸਾਫ਼ੀ ਹੈ ਜੋ ਦੇਸ ਦੇ ਅੰਨ ਭੰਡਾਰ ਭਰਨ, ਖੇਤੀ ਅਧਾਰਿਤ ਸਨਅਤਾਂ ਲਈ ਕੱਚਾ ਮਾਲ ਮੁਹੱਈਆ ਕਰਵਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ ਅਤੇ ਖੇਤ ਮਜ਼ਦੂਰਾਂ ਨੂੰ ਵੀ ਨੌਕਰੀਆਂ ਪ੍ਰਦਾਨ ਕਰ ਰਹੇ ਹਨ।' ਕੌਂਸਲ ਦੇ ਆਗੂਆਂ ਨੇ ਪੰਜਾਬ, ਦਿੱਲੀ, ਰਾਜਸਥਾਨ, ਛੱਤੀਸਗੜ, ਕੇਰਲਾ ਅਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀਆਂ ਵੱਲੋਂ ਇੰਨਾ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਸਖ਼ਤ ਅਤੇ ਸਪਸ਼ਟ ਲੈਣ ਦੀ ਸਰਾਹਨਾ ਕਰਦਿਆਂ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਤੋਂ ਸ਼ਹੀਦ ਕਿਸਾਨਾਂ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਮਾਲੀ ਸਹਾਇਤਾ ਯਕੀਨੀ ਬਣਾਉਣ ਲਈ ਨਿੱਜੀ ਦਖਲ ਦੀ ਮੰਗ ਕੀਤੀ ਹੈ ਕਿਉਂਕਿ ਉਨਾਂ ਨੇ ਬਹੁਤ ਹੀ ਮੁਸ਼ਕਲ ਹਾਲਾਤਾਂ ਵਿਚ ਦਿੱਲੀ ਦੇ ਬਾਰਡਰਾਂ 'ਤੇ ਸੰਘਰਸ਼ ਕਰਦੇ ਹੋਏ ਆਪਣੀ ਜ਼ਿੰਦਗੀ ਦਾ ਬਲੀਦਾਨ ਦਿੱਤਾ ਹੈ।




ਕੌਂਸਲ ਨੇ ਸਾਰੇ ਸ਼ਹੀਦ ਹੋਏ ਕਿਸਾਨਾਂ ਦੀ ਇੱਕ ਸੂਚੀ ਵੀ ਕੇਂਦਰੀ ਮੰਤਰੀ ਨੂੰ ਭੇਜੀ ਹੈ ਤਾਂ ਜੋ ਅੰਨਦਾਤਾ ਪ੍ਰਤੀ ਸਾਡੀ ਸ਼ੁਕਰਗੁਜ਼ਾਰੀ ਦੀ ਪ੍ਰਬਲ ਭਾਵਨਾ ਨਾਲ ਦੁਖੀ ਪਰਿਵਾਰਾਂ ਨੂੰ ਹਰ ਤਰੀਕੇ ਨਾਲ ਸਰਗਰਮ ਸਹਾਇਤਾ ਅਤੇ ਸਹਿਯੋਗ ਦਿੱਤਾ ਜਾ ਸਕੇ।

ਕੌਂਸਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਵਿਵਾਦਿਤ ਖੇਤੀ ਕਾਨੂੰਨਾਂ ਵਿਰੁੱਧ ਲਏ ਸਖ਼ਤ ਸਟੈਂਡ ਅਤੇ ਕਿਸਾਨ ਅੰਦੋਲਨ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਗੁਆਉਣ ਵਾਲੇ ਹਰ ਪਰਿਵਾਰ ਨੂੰ 5 ਲੱਖ ਰੁਪਏ ਦੀ ਮਾਲੀ ਮਦਦ ਦੇਣ ਅਤੇ ਇੱਕ ਆਸ਼ਰਿਤ ਮੈਂਬਰ ਨੂੰ ਨੌਕਰੀ ਦੇਣ ਦੇ ਐਲਾਨ ਦੀ ਵੀ ਸ਼ਲਾਘਾ ਕੀਤੀ ਹੈ। ਕੌਂਸਲ ਦੇ ਨੇਤਾਵਾਂ ਨੇ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ਉੱਤੇ ਕਿਸਾਨ ਆਪਣੇ ਲਈ ਨਹੀਂ ਬਲਕਿ ਆਉਣ ਵਾਲੀਆਂ ਪੀੜੀਆਂ ਅਤੇ ਆਮ ਜਨਤਾ ਦੇ ਹੱਕਾਂ ਲਈ ਬੈਠੇ ਹਨ।

ਗਰੇਵਾਲ ਨੇ ਸ਼ਹੀਦੀਆਂ ਬਾਰੇ ਵਿਸਥਾਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਦਕਿਸਮਤੀ ਨਾਲ ਸੰਗਰੂਰ ਜ਼ਿਲੇ ਨਾਲ ਸਬੰਧਤ 22 ਕਿਸਾਨ, ਮਾਨਸਾ ਅਤੇ ਪਟਿਆਲਾ ਦੇ 14-14, ਬਰਨਾਲਾ ਦੇ 9, ਬਠਿੰਡਾ ਅਤੇ ਲੁਧਿਆਣਾ ਦੇ 8-8, ਸ੍ਰੀ ਫਤਹਿਗੜ ਸਾਹਿਬ ਅਤੇ ਫਾਜ਼ਿਲਕਾ ਤੋਂ 7-7, ਸ੍ਰੀ ਮੁਕਤਸਰ ਸਾਹਿਬ ਅਤੇ ਅੰਮ੍ਰਿਤਸਰ ਤੋਂ 6-6 ਕਿਸਾਨ ਸ਼ਾਮਲ ਹਨ। ਮੋਗਾ, ਹੁਸ਼ਿਆਰਪੁਰ, ਫ਼ਿਰੋਜਪੁਰ ਅਤੇ ਐਸਬੀਐਸ ਨਗਰ ਦੇ 5-5, ਮੋਹਾਲੀ, ਰੂਪਨਗਰ, ਗੁਰਦਾਸਪੁਰ ਅਤੇ ਜਲੰਧਰ ਤੋਂ 3-3, ਤਰਨਤਾਰਨ ਜ਼ਿਲੇ ਦੇ 3 ਸ਼ਹੀਦ ਕਿਸਾਨ ਸ਼ਾਮਲ ਹਨ। ਇਸ ਤੋਂ ਇਲਾਵਾ ਹਰਿਆਣਾ ਤੋਂ 9 ਕਿਸਾਨ, ਉੱਤਰ ਪ੍ਰਦੇਸ਼ ਦੇ 3 ਅਤੇ ਮੱਧ ਪ੍ਰਦੇਸ਼ ਤੋਂ ਇੱਕ ਕਿਸਾਨ ਨੇ ਆਪਣੀ ਕੁਰਬਾਨੀ ਦਿੱਤੀ ਹੈ। ਉਨਾਂ ਨੇ ਸਰਕਾਰ ਵੱਲੋਂ ਕਿਸਾਨ ਅੰਦੋਲਨ ਨੂੰ ਵੱਖ ਵੱਖ ਤਰਾਂ ਦੇ ਗ਼ਲਤ ਤੇ ਦੇਸ਼ ਵਿਰੋਧੀ ਨਾਵਾਂ ਨਾਲ ਭੰਡਣ ਦੀ ਵੀ ਨਿੰਦਾ ਕੀਤੀ ਹੈ।

ਦੇਸ਼ ਦੇ ਚਾਰ ਰਾਜਾਂ ਦੇ ਕਿਸਾਨਾਂ ਦੀਆਂ ਇਨਾਂ ਹੱਤਿਆਵਾਂ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕੌਂਸਲ ਨੇ ਪੱਤਰ ਵਿੱਚ ਕੇਂਦਰ ਸਰਕਾਰ ਨੂੰ ਮਾੜੇ ਵਿਤਕਰੇ ਅਤੇ ਗੈਰ ਸੰਵਿਧਾਨਕ ਤਰੀਕਿਆਂ ਰਾਹੀਂ ਖੇਤੀਬਾੜੀ ਅਤੇ ਖੇਤੀ ਧੰਦਿਆਂ ਨੂੰ ਖ਼ਤਮ ਕਰਨ ਪ੍ਰਤੀ ਚੌਕਸ ਵੀ ਕੀਤਾ ਹੈ ਕਿਉਂਕਿ ਹਰ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਾਂ ਦੇ ਬਰਾਬਰ ਦਾ ਦਰਜਾ ਦਿੰਦਾ ਹੋਇਆ ਸਭ ਤੋਂ ਵੱਧ ਪਿਆਰ ਕਰਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਰਤੀ ਨਾਗਰਿਕਾਂ 'ਤੇ ਜ਼ਬਰਦਸਤੀ ਤਿੰਨ ਕਾਲੇ ਕਾਨੂੰਨ ਥੋਪਣ ਲਈ ਜ਼ਿੰਮੇਵਾਰ ਦੱਸਦਿਆਂ ਸ੍ਰੀ ਗਰੇਵਾਲ ਨੇ ਕਿਹਾ, 'ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੂੰ ਕਿਸਾਨਾਂ ਅਤੇ ਖੇਤੀ ਦੀ ਕੀਮਤ ਉੱਤੇ ਆਪਣੇ ਕੁੱਝ ਸਰਮਾਏਦਾਰਾਂ ਨੂੰ ਨਿੱਜੀ ਲਾਭ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਦੇ ਮਾਰੂ ਅਤੇ ਦੂਰ ਪ੍ਰਭਾਵਾਂ ਦਾ ਅਹਿਸਾਸ ਕਰਨਾ ਚਾਹੀਦਾ ਹੈ, ਕਿਉਂਕਿ ਕਿਸਾਨਾਂ ਨੇ ਨਾ ਸਿਰਫ਼ ਭਾਰਤ ਨੂੰ ਵਿਦੇਸ਼ਾਂ ਤੋਂ ਅਨਾਜ ਦੀ ਭੀਖ ਮੰਗਣ ਦੀ ਥਾਂ ਇਸ ਨੂੰ ਇੱਕ ਭੋਜਨ ਸਰਪਲੱਸ ਦੇਸ਼ ਬਣਾਇਆ ਹੈ ਬਲਕਿ ਰਾਜਾਂ ਸਮੇਤ ਕੇਂਦਰ ਸਰਕਾਰਾਂ ਲਈ ਵੀ ਮਾਲੀਆ ਸਰੋਤ ਪੈਦਾ ਕੀਤੇ ਹਨ।

ਕੌਂਸਲ ਨੇ ਜ਼ੋਰ ਦੇ ਕੇ ਕਿਹਾ ਕਿ ਰਾਜ ਦੀ ਸੂਚੀ ਵਾਲੇ ਵਿਸ਼ਿਆਂ ਵਿੱਚ ਕੇਂਦਰ ਨੂੰ ਕੋਈ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਸਾਰੇ ਰਾਜਾਂ ਵਿੱਚ ਖੇਤੀਬਾੜੀ ਅੰਦਰ ਕਿਸੇ ਵੀ ਤਰਾਂ ਦੇ ਸੁਧਾਰਾਂ ਲਈ ਪੂਰੀ ਤਰਾਂ ਰਾਜਾਂ ਉੱਤੇ ਛੱਡ ਦੇਣਾ ਚਾਹੀਦਾ ਹੈ ਅਤੇ ਤਿੰਨੇ ਵਿਵਾਦਪੂਰਨ ਖੇਤੀ ਕਾਨੂੰਨਾਂ ਨੂੰ ਤੁਰੰਤ ਰੱਦ ਕਰ ਦੇਣਾ ਚਾਹੀਦਾ ਹੈ। ਗਰੇਵਾਲ ਨੇ ਕਿਹਾ ਕਿ ਕੇਂਦਰ ਨੂੰ ਆਪਣਾ ਅੜੀਅਲ ਰਵੱਈਆ ਤਿਆਗ ਕੇ ਇਸ ਇਤਿਹਾਸਕ ਕਿਸਾਨ ਅੰਦੋਲਨ ਦੀ ਅਸਲ ਭਾਵਨਾ ਅਤੇ ਵਿਸ਼ਾਲ ਭਾਰਤੀ ਨਾਗਰਿਕਾਂ ਦੇ ਨਾਲ-ਨਾਲ ਵਿਦੇਸ਼ਾਂ ਵਿੱਚੋਂ ਕਿਸਾਨਾਂ ਦੀ ਜਮਹੂਰੀ ਆਵਾਜ਼ ਨੂੰ ਮਿਲ ਰਹੀ ਭਾਰੀ ਹਮਾਇਤ ਦਾ ਅਹਿਸਾਸ ਕਰਨਾ ਚਾਹੀਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਸਕੱਤਰ ਕੰਵਰ ਹਰਬੀਰ ਸਿੰਘ ਢੀਂਡਸਾ, ਹਰਪ੍ਰੀਤ ਸਿੰਘ ਸਰਾਓ, ਹਰਜਿੰਦਰ ਕੁਮਾਰ, ਯੋਗਰਾਜ ਸਿੰਘ ਅਤੇ ਹਰਵਿੰਦਰ ਸਿੰਘ ਵੀ ਹਾਜ਼ਰ ਸਨ।

# ਪੰਜਾਬੀ ਗਾਇਕ ਤੇ ਕਲਾਕਾਰ ਕਿਸਾਨੀ ਹੱਕ ਵਿਚ ਡਟੇ

**✪ਕਮਲਹੀਰ ਅਤੇ ਮਨਮੋਹਨ ਵਾਰਿਸ ਦਾ ਗੀਤ 'ਭਗਤ ਸਿੰਘ ਉਧਮ ਸਿੰਘ ਦੇ ਵਾਰਿਸ' ਹੋਇਆ ਰਿਲੀਜ਼ ✪ ਜਪੁਜੀ ਖਹਿਰਾ ਵੱਲੋਂ ਲੰਗਰ ਦੀ ਕੀਤੀ ਸੇਵਾ ✪ ਬਿੱਟੀ ਵੱਲੋਂ ਗੁਰੂ ਸਾਹਿਬ ਦੀਆਂ ਵਾਰਾਂ ਵੀ ਪੇਸ਼ ਕੀਤੀਆਂ**

**ਚੰਡੀਗੜ/ਏ.ਟੀ.ਨਿਊਜ਼:** ਕਿਸਾਨੀ ਅੰਦੋਲਨ ਦੌਰਾਨ ਵੀ ਕਲਾਕਾਰ ਭਾਈਚਾਰਾ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਰਗਰਮ ਹੈ। ਉੱਥੇ ਹੀ ਕਈ ਗਾਇਕ ਆਪਣੇ ਗੀਤਾਂ ਰਾਹੀਂ ਕਿਸਾਨਾਂ ਦੇ ਹੌਸਲੇ ਬੁਲੰਦ ਕਰ ਰਹੇ ਹਨ। ਗਾਇਕ ਕਮਲਹੀਰ ਤੇ ਮਨਮੋਹਨ ਵਾਰਿਸ ਦਾ ਕਿਸਾਨ ਲਹਿਰ ਦੇ ਹਿਤ ਵਿਚ ਨਵਾਂ ਗੀਤ 'ਭਗਤ ਸਿੰਘ ਊਧਮ ਸਿੰਘ ਦੇ ਵਾਰਿਸ' ਰਿਲੀਜ਼ ਹੋ ਚੁੱਕਿਆ ਹੈ। ਇਸ ਗੀਤ ਵਿਚ ਪੰਜਾਬ ਦੇ ਉਨਾਂ ਯੋਧਿਆਂ ਦੀ ਗੱਲ ਕੀਤੀ ਗਈ ਹੈ, ਜੋ ਆਪਣੇ ਦੇਸ਼-ਕੌਮ ਅਤੇ ਆਪਣੇ ਹੱਕ ਲੈਣ ਲਈ ਹਰ ਤਰਾਂ ਦੇ ਹਾਲਾਤਾਂ ਦੇ ਨਾਲ ਜੂਝਣ ਦੀ ਸਮਰੱਥਾ ਰੱਖਦੇ ਹਨ। ਕਮਲਹੀਰ ਤੇ ਮਨਮੋਹਨ ਵਾਰਿਸ ਦਾ ਕਿਸਾਨੀ ਹਿਤ ਵਿਚ ਨਵਾਂ ਗੀਤ 'ਭਗਤ ਸਿੰਘ ਊਧਮ ਸਿੰਘ ਦੇ ਵਾਰਿਸ' ਦੇ ਬੋਲ ਗਿੱਲ ਰੌਂਤਾ ਨੇ ਲਿਖੇ ਨੇ ਅਤੇ ਇਸ ਗੀਤ ਨੂੰ ਪਲਾਜ਼ਮਾ ਰਿਕਾਰਡਜ਼ ਦੇ ਲੇਬਲ ਹੇਠ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਨੂੰ ਸਰੋਤਿਆਂ ਦਾ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਗੀਤ 'ਚ ਪੰਜਾਬੀਆਂ ਦੀ ਅਣਖ ਤੇ ਗ਼ੈਰਤ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਆਪਣੇ ਅਣਖੀਲੇ ਸੁਭਾਅ ਲਈ ਜਾਣੇ ਜਾਂਦੇ ਹਨ ਤੇ ਇਨਾਂ ਅਣਖੀ ਪੰਜਾਬੀਆਂ ਨੂੰ ਕੋਈ ਵੀ ਪੈਸੇ ਜਾਂ ਕਿਸੇ ਹੋਰ ਚੀਜ਼ ਦੇ ਜ਼ੋਰ 'ਤੇ ਖ਼ਰੀਦਿਆ ਨਹੀਂ ਜਾ ਸਕਦਾ। ਗੀਤ ਹਰ ਕਿਸੇ ਵਿਚ ਜੋਸ਼ ਅਤੇ ਕੁਝ ਕਰ ਗੁਜ਼ਰਨ ਦਾ ਜਜ਼ਬਾ ਭਰ ਰਿਹਾ ਹੈ।

**ਕਿਸਾਨੀ ਮੋਰਚੇ 'ਚ ਡਟੀ ਜਪੁਜੀ ਖਹਿਰਾ**

ਪੰਜਾਬੀ ਅਦਾਕਾਰਾ ਜਪੁਜੀ ਖਹਿਰਾ ਜੋ ਕਿ ਪਿਛਲੇ ਕਈ ਦਿਨਾਂ ਤੋਂ ਦਿੱਲੀ ਕਿਸਾਨ ਅੰਦੋਲਨ ਆਪਣੀਆਂ







ਸੇਵਾਵਾਂ ਨਿਭਾ ਰਹੀ ਹੈ । ਜਪੁਜੀ ਖਹਿਰਾ ਪਹਿਲੇ ਦਿਨਾਂ ਤੋਂ ਹੀ ਕਿਸਾਨਾਂ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ। ਹਾਲ ਹੀ ਵਿਚ ਉਹ ਹਰਫ ਚੀਮਾ ਦੇ ਗਾਏ ਕਿਸਾਨੀ ਗੀਤ ਬਾਰਡਰ ਵਿਚ ਅਦਾਕਾਰੀ ਕਰਦੇ ਦੇਖਿਆ ਗਿਆ। ਦਿੱਲੀ ਕਿਸਾਨ ਮੋਰਚੇ ਤੋਂ ਜਪੁਜੀ ਖਹਿਰਾਂ ਦੀਆਂ ਨਵੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇਨਾਂ ਤਸਵੀਰਾਂ 'ਚ ਉਹ ਕਿਸਾਨ ਭੈਣਾਂ ਦੇ ਨਾਲ ਲੰਗਰ ਵਿਚ ਰੋਟੀ ਪਕਾਉਂਦੀ ਹੋਈ ਦਿਖਾਈ ਦੇ ਰਹੀ ਹੈ। ਜਪੁਜੀ ਖਹਿਰਾ ਨੇ ਇਨਾਂ ਤਸਵੀਰਾਂ ਨੂੰ ਪੋਸਟ ਕਰਦੇ ਹੋਏ ਲਿਖਿਆ ਹੈ- 'ਏਕੇ 'ਚ ਬਰਕਤ' ਹੈ।

**ਕਿਸਾਨੀ ਗੀਤ ਨਾਲ ਗਗਨ ਕੋਕਰੀ ਨੇ ਆਪਣੇ ਯੂ-ਟਿਊਬ ਚੈਨਲ ਦਾ ਕੀਤਾ ਆਗਾਜ਼**

ਹਾਲ ਹੀ 'ਚ ਗਗਨ ਕੋਕਰੀ ਨੇ ਆਪਣਾ ਨਵਾਂ ਯੂ-ਟਿਊਬ ਚੈਨਲ ਬਣਾਇਆ ਹੈ। ਉਨਾਂ ਨੇ ਆਪਣੇ ਯੂ-ਟਿਊਬ ਚੈਨਲ ਦਾ ਆਗਾਜ਼ ਕਿਸਾਨੀ ਗੀਤ ਨਾਲ ਕੀਤਾ ਹੈ। ਗਗਨ ਕੋਕਰੀ ਬਹੁਤ ਜਲਦ ਆਪਣੇ ਨਵੇਂ ਗੀਤ 'ਵੈਨ ਫਾਰਮਰਜ ਸਪੀਕਸ' ਨਾਲ ਦਰਸ਼ਕਾਂ ਦੇ ਸਨਮੁੱਖ ਹੋਣ ਜਾ ਰਹੇ ਹਨ। ਉਨਾਂ ਨੇ ਆਪਣੇ ਪ੍ਰਸੰਸਕਾਂ ਨਾਲ ਗੀਤ ਦੀ ਇਕ ਝਲਕ ਵੀ ਸਾਂਝੀ ਕੀਤੀ ਹੈ। ਜੇ ਗੱਲ ਕਰੀਏ ਗੀਤ ਦੇ ਬੋਲਾਂ ਦੀ ਤਾਂ ਇਸ ਗੀਤ ਦੇ ਬੋਲ ਅਭੀ ਫਤਿਹਗੜੀਆ ਨੇ ਲਿਖੇ ਹਨ, ਜਿਸ ਦਾ ਸੰਗੀਤ ਰੂਬਲ ਜਾਵਾ ਵੱਲੋਂ ਤਿਆਰ ਕੀਤਾ ਗਿਆ ਹੈ। ਗੀਤ ਦਾ ਵੀਡੀਓ ਰੋਇਲ ਸਿੰਘ ਨੇ ਬਣਾਇਆ ਗਿਆ ਹੈ। 1 ਮਿੰਟ 52 ਸੈਕਿੰਡ ਦੇ ਟੀਜ਼ਰ 'ਚ ਯੋਗਰਾਜ ਸਿੰਘ ਤੇ ਗਗਨ ਕੋਕਰੀ ਦੀ ਅਦਾਕਾਰੀ ਵੇਖਣ ਨੂੰ ਮਿਲ ਰਹੀ ਹੈ। ਦੱਸਣਯੋਗ ਹੈ ਕਿ ਗਗਨ ਕੋਕਰੀ ਵੀ ਆਸਟ੍ਰੇਲੀਆ ਤੋਂ ਕਿਸਾਨਾਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਇੰਡੀਆ ਆਏ ਹਨ। ਉਹ ਦਿੱਲੀ ਕਿਸਾਨ ਅੰਦੋਲਨ 'ਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

**ਕਿਸਾਨਾਂ ਦੇ ਹੱਕ ਵਿਚ ਡਟੀ 'ਸਤਵਿੰਦਰ ਬਿੱਟੀ',**

ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਦੀ ਇੰਚਾਰਜ ਸਤਵਿੰਦਰ ਕੌਰ ਬਿੱਟੀ ਕਰਨਾਲ ਟੋਲ ਪਲਾਜ਼ਾ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਵਿਚ ਉਤਰ ਆਈ। ਇਸ ਮੌਕੇ ਸਤਵਿੰਦਰ ਕੌਰ ਬਿੱਟੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਅੱਜ ਪੰਜਾਬ ਦੀ ਸਮੂਹ ਸੰਗਤ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੀ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਗਤ ਦਾ ਫ਼ੈਸਲਾ ਮੰਨ ਇਹ ਕਾਨੂੰਨ ਰੱਦ ਕਰ ਦੇਣੇ ਚਾਹੀਦੇ ਹਨ। ਇਸ ਮੌਕੇ ਸਤਵਿੰਦਰ ਕੌਰ ਬਿੱਟੀ ਵੱਲੋਂ ਗੁਰੂ ਸਾਹਿਬ ਦੀਆਂ ਵਾਰਾਂ ਵੀ ਪੇਸ਼ ਕੀਤੀਆਂ ਗਈਆਂ, ਜਿਸ ਵਿਚ ਉਨਾਂ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਸੁਨੇਹਾ ਦਿੱਤਾ ਕਿ ਸਾਡੇ ਪੰਜਾਬੀਆਂ ਦੇ ਖ਼ੂਨ ਵਿਚ ਹੀ ਬਹਾਦਰੀ ਹੈ ਕਿ ਇਸ ਕੌਮ ਨੇ ਹਮੇਸ਼ਾ ਸੰਘਰਸ਼ ਕਰ ਕੇ ਆਪਣੇ ਹੱਕ ਹਾਸਲ ਕੀਤੇ ਹਨ ਅਤੇ ਲੋੜ ਪੈਣ 'ਤੇ ਜਾਨਾਂ ਵੀ ਕੁਰਬਾਨ ਕਰ ਦਿੱਤੀਆਂ, ਇਸ ਲਈ ਕੇਂਦਰ ਸਰਕਾਰ ਇਸ ਸੰਘਰਸ਼ ਨੂੰ ਗੰਭੀਰਤਾ ਨਾਲ ਲਵੇ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਪੰਜਾਬ ਦੀ ਪੁਨਰ ਸਿਰਜਣਾ, ਵਕਤ ਦੀ ਆਵਾਜ਼

**- ਤਸਕੀਨ**

ਅੱਜ ਜਦੋਂ ਕੇਂਦਰ ਨੇ ਪੰਜਾਬ ਤੇ ਪੂਰੇ ਭਾਰਤ ਦੀ ਖੇਤੀ ਨਾਲ ਸਬੰਧਿਤ ਆਰਥਿਕਤਾ ਨੂੰ ਪਟੜੀ ਤੋਂ ਲਾਹ ਕੇ ਕਾਰਪੋਰੇਟ ਗ਼ੁਲਾਮੀ ਦਾ ਕਦਮ ਪੁੱਟਿਆ ਤਾਂ ਪੰਜਾਬ ਸ਼ੇਰ ਵਾਂਗ ਦਹਾੜ ਕੇ ਉੱਠਿਆ ਹੈ। ਹਰਿਆਣਾ ਨੇ 'ਵਿੱਛੜੇ' ਹੋਏ ਵੱਡੇ ਭਰਾ ਪੰਜਾਬ ਦੇ ਮੋਢੇ ਨਾਲ ਮੋਢਾ ਜੋੜਿਆ ਹੈ। ਸਾਫ਼ ਹੈ ਕਿ ਇਹ ਹੀ ਉਸ ਪੰਜਾਬੀ ਏਕੇ ਦੀ ਇਤਿਹਾਸਕ ਲੜਾਈ ਦਾ ਪੁਨਰ ਆਗਾਜ਼ ਹੈ ਜਿਸ ਰਾਹੀਂ ਅਸੀਂ ਵੰਡਵਾਦੀ/ਮਨੂੰਵਾਦੀ ਵਿਚਾਰਧਾਰਾ ਦੀਆਂ ਗੋਡਣੀਆਂ ਲਵਾ ਛੱਡੀਆਂ ਸਨ। ਕਿਸਾਨ ਅੰਦੋਲਨ ਅੰਦਰ ਉਤਸ਼ਾਹ ਭਰਦੇ ਪੰਜਾਬੀ ਅਤੇ ਹਰਿਆਣਵੀ ਗੀਤਾਂ ਨੇ ਛਹਿਬਰ ਲਾ ਰੱਖੀ ਹੈ। ਇਸ ਦੇ ਨਾਲ ਹੀ ਲਹਿੰਦੇ ਪੰਜਾਬ ਦੇ ਲਹੌਰੀਏ ਗਰੁੱਪ ਦਾ ਗੀਤ 'ਪੰਜਾਬ' ਰਿਲੀਜ਼ ਹੋਇਆ ਜੋ ਬਹੁਤ ਮਕਬੂਲੀਅਤ ਹਾਸਿਲ ਕਰ ਰਿਹਾ ਹੈ। ਸ਼ਹਿਜ਼ਾਦ ਸਿੱਧੂ, ਵਕਾਰ ਭਿੰਡਰ (ਪ੍ਰਧਾਨ), ਏ.ਆਰ. ਵੱਟੂ, ਇਜਾਜ਼ ਗੁੰਗ ਅਤੇ ਮਨਸੂਰ ਅਹਿਮਦ ਨੇ ਪੂਰੇ ਪੰਜਾਬੀਅਤ ਦੇ ਜੋਸ਼ ਨਾਲ ਲਹਿੰਦੇ ਪੰਜਾਬ ਵੱਲੋਂ ਚੜਦੇ ਪੰਜਾਬ ਨੂੰ ਸੁਨੇਹਾ ਭੇਜਿਆ ਹੈ। ਇਸ ਗੀਤ ਦੇ ਸੁਨੇਹੇ ਤੋਂ ਸਮਝ ਪੈਂਦੀ ਹੈ ਕਿ ਟੁਕੜੇ ਕਰ ਦਿੱਤੇ ਗਏ ਪੰਜਾਬਾਂ ਦਾ ਦਹਾਕਿਆਂ ਬਾਅਦ ਏਕਾ ਸਾਡੇ ਇਤਿਹਾਸਕ ਵਿਰਸੇ ਦੀ ਪੁਨਰ ਸਿਰਜਣਾ ਬਣ ਸਕਦਾ ਹੈ। ਕੌਮਾਂ ਵਿਚ ਧਰਮ ਦਾ ਦਖ਼ਲ ਹੁੰਦਾ ਤਾਂ ਹੈ, ਪਰ ਇਹ ਨਿੱਜੀ ਅਕੀਦਤ ਤੱਕ ਸੀਮਿਤ ਹੁੰਦਾ ਹੈ। ਕੌਮਾਂ ਜ਼ਬਾਨ, ਸੱਭਿਆਚਾਰ, ਭੂਗੋਲ ਅਤੇ ਵਿਰਸੇ ਦੀ ਰੀੜ ਆਸਰੇ ਜਿਊਂਦੀਆਂ ਹਨ। ਸਮੁੱਚੇ ਪੁਰਾਣੇ ਪੰਜਾਬ ਦੀ ਮਾਲੀ ਰੀੜ ਖੇਤੀਬਾੜੀ ਸੀ ਅਤੇ ਅੱਜ ਵੰਡ ਦਰ ਵੰਡ ਪਿੱਛੋਂ ਵੀ ਉਹੀ ਹੈ। ਜਾਤੀ ਵੰਡ ਵਿਚਾਰਧਾਰਕ ਕੋਹੜ ਹੈ। ਪੰਜਾਬ ਦਾ ਇਤਿਹਾਸ ਹਮੇਸ਼ਾ ਇਸ ਦਾ ਵੈਰੀ ਰਿਹਾ ਹੈ ਅਤੇ ਆਪਣੇ ਆਪ ਨੂੰ ਉਪਰੋਕਤ ਵਿਚਾਰਧਾਰਾ ਵੱਲੋਂ ਮਲੇਸ਼ ਅਖਵਾਉਣ ਲਈ ਮਜਬੂਰ ਰਿਹਾ ਹੈ। ਡੇਰੀਆਲਾ ਦੇ ਲਿਖੇ 'ਪੰਜਾਬ' ਗੀਤ ਦਾ ਆਗਾਜ਼ ਸੰਨ '47 ਤੋਂ ਹੁੰਦਾ ਹੈ।

**ਪਾਈ ਸੀ ਜੋ ਵੰਡ ਸੰਤਾਲੀ ਵੇਲੇ ਦੀ, ਰਚੀ ਪਈ ਏ ਹੱਡਾਂ ਵਿਚ ਚੀਸ ਬਣਕੇ**
**ਦੱਸੀਆਂ ਸੀ ਗੱਲਾਂ ਸਾਡੇ ਬਾਬਿਆਂ ਨੇ ਜੋ, ਨਿਕਲੂਗੀ ਅੱਜ ਉਹ ਰੀਝ ਤਣਕੇ**
**ਪਹਿਲਾਂ ਦੀਆਂ ਲੀਕਾਂ ਹਾਲੇ ਟੱਪੀਆਂ ਨਹੀਂ ਗਈਆਂ, ਨਵਾਂ ਜੋ ਕਿਸਾਨੀ ਵਾਲਾ ਮੁੱਦਾ ਛੇੜਤਾ**
**ਚੜਦਾ ਪੰਜਾਬ 'ਵਾਜ ਮਾਰੇ ਲਹਿੰਦੇ ਨੂੰ, ਦੁਨੀਆ ਇਹ ਆਖੂ ਸ਼ੇਰ ਸੁੱਤਾ ਛੇੜਤਾ**

ਸੰਤਾਲੀ ਦੀ ਵੰਡ ਸੱਚਮੁੱਚ ਸਮੁੱਚੇ ਪੰਜਾਬੀਆਂ ਦੇ ਹੱਡਾਂ ਅਤੇ ਪਾਣੀਆਂ ਵਿਚ ਚੀਸ ਬਣ ਕੇ ਘੁਲ਼ੀ ਹੋਈ ਹੈ, ਜ਼ਖ਼ਮ ਉੱਚੜਦਾ ਹੈ ਤਾਂ ਚੀਸਾਂ ਉਸੇ ਤਰਾਂ ਕੁਰਲਾਹਟ ਬਣ ਜਾਂਦੀਆਂ ਹਨ। ਹਾਕਮ ਵਾਰ-ਵਾਰ ਸਾਡੇ ਜ਼ਖ਼ਮ ਉਚੇੜਦੇ ਹਨ। ਪੰਜਾਬ/ਹਰਿਆਣਾ ਵਿਚ ਕਿਸਾਨ ਅੰਦੋਲਨ ਦੇ ਦਿੱਲੀ ਖ਼ਿਲਾਫ਼ ਰੋਹ ਨੇ ਸੰਤਾਲੀ ਨੂੰ ਮੁੜ ਮੰਜ਼ਰੇਆਮ ਉੱਤੇ ਲੈ ਆਂਦਾ ਹੈ। ਸ਼ਹਿਜਾਦ ਸਿੱਧੂ, ਵਕਾਰ ਭਿੰਡਰ ਅਤੇ ਸਾਥੀਆਂ ਦੀਆਂ ਰਗਾਂ 'ਚੋਂ ਨਿਕਲੀ ਰੋਹ ਭਰੀ ਆਵਾਜ਼ ਫ਼ਿਰਕੂ ਰਾਸ਼ਟਰਵਾਦੀ ਵਿਚਾਰਧਾਰਾ ਦੇ ਕਰਤਿਆਂ ਧਰਤਿਆਂ ਲਈ ਵੰਗਾਰ ਬਣ ਉੱਭਰੀ ਹੈ। ਧਰਮ ਆਧਾਰਿਤ ਦੋ ਕੌਮਾਂ ਦੇ ਥੀਸਸ ਨਾਲ ਪੰਜਾਬੀ ਕੌਮ ਦਾ ਕਲੇਜਾ ਚੀਰ ਦਿੱਤਾ ਗਿਆ।

ਅੱਜ ਕਿਸਾਨਾਂ ਦੀ ਬਗ਼ਾਵਤ ਨੇ ਜਦੋਂ ਮੁੜ ਪੰਜਾਬ ਨੂੰ ਸਾਂਝੀਵਾਲਤਾ ਦੇ ਰਾਹ ਮੋੜਦਿਆਂ ਬਾਬਾ ਨਾਨਕ ਦੀ 'ਸਰਬੱਤ ਦੇ ਭਲੇ' ਵਾਲੀ ਅਗਵਾਈ ਕਬੂਲੀ ਤਾਂ ਸਮੁੱਚੀ ਪੰਜਾਬੀਅਤ ਅੰਦਰ ਨਵੇਂ ਜੋਸ਼ ਅਤੇ ਹੋਸ਼ ਨੇ ਅੰਗੜਾਈ ਲਈ ਹੈ। ਸਮਾਜ ਵਿਚ ਕਿਸਾਨ ਇਕ ਪੂਰੀ ਦੀ ਪੂਰੀ ਜਮਾਤ ਹੈ ਜੋ ਕਾਰਪੋਰੇਟੀ ਹਾਕਮਾਂ ਅਤੇ ਉਸ ਦੀ ਸਾਥੀ ਸਰਕਾਰ ਦੀ ਅੱਖ ਵਿਚ ਆਜ਼ਾਦ ਹੋਂਦ ਵਜੋਂ ਰੜਕ ਰਹੀ ਹੈ। ਪੂਰੇ ਪੰਜਾਬ ਦੀ ਆਰਥਿਕਤਾ ਖੇਤੀਬਾੜੀ ਉੱਤੇ ਟਿਕੀ ਹੋਈ ਹੈ। ਕਿਸਾਨਾਂ ਨੇ ਇਨਾਂ ਜ਼ਮੀਨਾਂ ਨੂੰ ਆਪਣੇ ਲਹੂ ਨਾਲ ਸਿੰਜ ਕੇ ਪੱਧਰ ਕੀਤਾ ਹੈ।

ਕਿਸਾਨਾਂ ਨੇ ਬਾਰਾਂ ਦੀ ਰੱਕੜ, ਰੇਤਲੀ, ਜੰਗਲੀ ਭੋਇੰ ਨੂੰ ਪੁੱਟ-ਪੁੱਟ ਕੇ ਪੱਧਰਾ ਕੀਤਾ। ਬਾਰਾਂ ਵਿੱਚ ਅੰਗਰੇਜ਼ਾਂ ਵੱਲੋਂ ਆਲਾਟ ਕੀਤੇ ਮੁਰੱਬਿਆਂ ਵਿਚ ਪੰਝੱਤਰ ਫ਼ੀਸਦੀ ਜ਼ਮੀਨ ਜੱਟ ਸਿੱਖਾਂ ਨੂੰ ਅਲਾਟ ਕੀਤੀ ਗਈ ਸੀ। ਨਹਿਰੀ ਨਿਜ਼ਾਮ ਰਾਹੀਂ ਸਿੰਚਾਈ ਨਾਲ ਉਪਜਣ ਵਾਲੀਆਂ ਢੇਰ ਸਾਰੀਆਂ ਫ਼ਸਲਾਂ ਪੰਜਾਬ ਦੀ ਪਹਿਲੀ ਹਰੀ ਕ੍ਰਾਂਤੀ ਦੀਆਂ ਗਵਾਹ ਸਨ। ਸੰਤਾਲੀ ਵੇਲੇ ਸਿੱਖਾਂ ਵੱਲੋਂ ਭਾਰਤ ਨੂੰ ਹੀ ਆਪਣਾ ਦੇਸ ਕਬੂਲ ਲੈਣ ਕਾਰਨ ਇਨਾਂ ਨੇ ਬਾਰ ਦੀਆਂ ਜ਼ਮੀਨਾਂ ਹੀ ਨਹੀਂ ਗਵਾਈਆਂ ਸਗੋਂ ਆਪਣੀਆਂ ਧੀਆਂ, ਭੈਣਾਂ, ਮਾਵਾਂ, ਪੁੱਤ, ਪੋਤਰੇ, ਪਤੀ, ਪਤਨੀਆਂ ਕੁਰਬਾਨ ਹੁੰਦੇ ਅੱਖੀਂ ਵੇਖੇ। ਚੜਦੇ ਤੋਂ ਲਹਿੰਦੇ ਅਤੇ ਲਹਿੰਦੇ ਤੋਂ ਚੜਦੇ ਪੰਜਾਬ ਵਿਚ ਲਹੂ ਦਾ ਛੇਵਾਂ ਦਰਿਆ ਵਹਿ ਤੁਰਿਆ। ਫਿਰ ਪੰਜਾਬ ਦੇ ਪੁੱਤ, ਧੀਆਂ ਦਰ-ਦਰ ਦੀਆਂ ਠੋਕਰਾਂ ਖਾਂਦੇ ਰੈਣ ਬਸੇਰਾ ਬਣਾਉਣ ਲੱਗੇ। ਚੰਗੀਆਂ ਜ਼ਮੀਨਾਂ ਗਵਾ ਆਇਆਂ ਨੇ ਬੰਜਰ ਭੋਇੰ ਨੂੰ ਮੁੜ ਪੁੱਟਿਆ। ਜ਼ਮੀਨ ਕੁਝ ਸੁਖ ਦੇਣ ਜੋਗੀ ਹੋਈ ਹੈ ਤਾਂ ਅੱਜ ਕਾਰਪੋਰੇਟਾਂ ਦੇ ਪੱਖ ਵਿਚ ਤਿੰਨ ਨਵੇਂ ਖੇਤੀ ਕਾਨੂੰਨ ਬਣ ਗਏ ਹਨ।

ਸੰਤਾਲੀ ਦੀ ਚੀਸ ਗੀਤ 'ਪੰਜਾਬ' ਵਿੱਚੋਂ ਰਿਸ ਰਹੀ ਹੈ ਜੋ ਆਪਣੇ ਕਿਸਾਨ ਭਰਾਵਾਂ ਨਾਲ ਹਮਦਰਦੀ ਬਣ ਖੜੀ ਹੋ ਗਈ ਹੈ ਅਤੇ ਪੇਸ਼ ਕਰ ਰਹੀ ਹੈ ਕਿ ਸਮੂਹ ਪੰਜਾਬੀਅਤ ਦੇ ਦੁੱਖ-ਦਰਦ ਸਾਂਝੇ ਹਨ ਅਤੇ ਹਮੇਸ਼ਾ ਵਾਂਗ ਉਨਾਂ ਦੇ ਗੀਤਾਂ ਦਾ ਵਿਰਸਾ ਵੀ ਸਾਂਝਾ ਹੈ। ਪੰਜਾਬ ਸੱਚਮੁੱਚ ਹਰ ਤਰਾਂ ਦੀ ਵੰਡਪਾਊ ਫ਼ਿਰਕੂ ਵਿਚਾਰਧਾਰਾ ਲਈ ਸ਼ੇਰ ਹੀ ਰਿਹਾ ਸੀ ਜੋ ਹੁਣ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਇਤਿਹਾਸਕ ਵਿਰਸੇ ਦੀ ਊਰਜਾ ਨਾਲ ਹਰ ਤਰਾਂ ਦੀ ਗ਼ੁਲਾਮੀ ਖ਼ਿਲਾਫ਼ ਫਿਰ ਦਹਾੜ ਰਿਹਾ ਹੈ। ਧਰਨੇ ਵਿਚ ਸ਼ਾਮਿਲ ਬਾਬਿਆਂ ਦੀ ਦਹਾੜ ਸੁਣਨ ਵਾਲੀ ਹੈ। ਉਨਾਂ ਦੇ ਚਿਹਰਿਆਂ ਦਾ ਨੂਰ ਏਕੇ ਦੀ ਬਰਕਤ ਨੂੰ ਸਿੰਜ ਰਿਹਾ ਹੈ। ਬਾਬਾ ਗੁਰੂ ਨਾਨਕ ਨੇ ਪੰਜਾਬ ਦੇ ਇਤਿਹਾਸਕ ਵਿਰਸੇ ਨੂੰ ਸਮੂਹ ਮਾਨਵਤਾ ਤੱਕ ਪਹੁੰਚਾਉਣ ਲਈ ਅਖੌਤੀ ਨੀਵਿਆਂ ਨਾਲ ਖੜ ਕੇ ਅਖੌਤੀ ਉੱਚੀ ਜਾਤ ਦੇ ਅਭਿਮਾਨ ਨੂੰ ਲਲਕਾਰਿਆ ਸੀ ਜੋ ਮਨੁੱਖਤਾ ਦੀ ਵੰਡ ਕਰਦਾ, ਨਾਬਰਾਬਰੀ ਦੇ ਜ਼ਹਿਰ ਨੂੰ ਬੰਦੇ ਦੀਆਂ ਨਸਾਂ ਅੰਦਰ ਭਰ ਦਿੰਦਾ ਹੈ। ਫਿਰ ਹੌਲੀ ਹੌਲੀ ਨਿਜ਼ਾਮਾਂ ਨੇ ਸਾਨੂੰ ਸੱਤਾ/ਧਨ ਰਾਹੀਂ ਹਉਮੈ ਦਾ ਸਬਕ ਪੜਾਇਆ ਅਤੇ ਅਸੀਂ ਬਾਬਾ ਨਾਨਕ ਦੇ ਕਿਰਤੀ ਲਾਲੋਆਂ ਨੂੰ ਦੁੱਕੀ-ਤਿੱਕੀ ਦੇ ਲਕਬ ਦੇਣ ਲੱਗੇ। ਇਸ ਰਾਹੀਂ ਫ਼ਿਰਕੂ ਦੈਂਤ ਸਾਡਾ ਸ਼ਿਕਾਰ ਕਰਨ ਲਈ ਦੌੜਿਆ। ਇਸ ਦੈਂਤ ਤੋਂ ਪੰਜਾਬ ਦੇ ਨਾਥ, ਜੋਗੀ, ਸਿੱਧ, ਸੂਫ਼ੀ ਅਤੇ ਬਾਬਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਵਿਚਾਰ ਹੀ ਬਚਾ ਸਕਦੇ ਹਨ ਜੋ ਸਮੁੱਚੀ ਮਾਨਵਤਾ ਨੂੰ ਹੀ ਨਹੀਂ ਸਗੋਂ ਕੁਦਰਤ ਨੂੰ ਵੀ ਇਕ ਵਿਚਾਰ ਦੀ ਉਪਜ ਮੰਨਦੇ ਹਨ। ਊਚ ਨੀਚ, ਅਮੀਰ ਗ਼ਰੀਬ ਤਾਂ ਲੁਟੇਰਿਆਂ ਦਾ ਸ਼ਬਦ-ਕੋਸ਼ ਹਨ।

**ਪੰਜਾਲੀਆਂ ਤੇ ਬਲਦਾਂ ਨਾ' ਹੋਇਆ ਜੋ ਜਵਾਨ**
**ਅੱਜ ਆਖਦੇ ਕਿਸਾਨ ਅਤਿਵਾਦੀ ਹੋ ਗਿਆ**
**ਆਪਣੇ ਖੇਤਾਂ ਦੇ ਵਿਚ ਸੋਚ ਕੇ ਗ਼ੁਲਾਮੀ**
**ਅੱਜ ਸਾਡਾ ਇਹ ਕਿਸਾਨ ਜਜ਼ਬਾਤੀ ਹੋ ਗਿਆ**

ਪੰਜਾਬ, ਹਰਿਆਣਾ, ਯੂ.ਪੀ., ਰਾਜਸਥਾਨ ਤੇ ਹੋਰ ਸੂਬਿਆਂ ਦੇ ਆਪਣੇ ਹੱਕਾਂ ਦੇ ਅੰਦੋਲਨ ਲਈ ਦਿੱਲੀ ਦੇ ਬਾਰਡਰਾਂ ਉੱਪਰ ਤਣੇ ਹੋਏ ਕਿਸਾਨ ਹੁਣ ਅਤਿਵਾਦੀ, ਖਾਲਿਸਤਾਨੀ, ਨਕਸਲੀ, ਕਮਿਊਨਿਸਟ, ਖੱਬੇ ਆਦਿ ਵਿਸ਼ੇਸ਼ਣਾਂ ਵਿਚ ਢਾਲ ਦਿੱਤੇ ਗਏ ਹਨ। ਗੋਦੀ ਮੀਡੀਆ ਇਨਾਂ ਸੱਚ ਦੇ ਪਾਂਧੀਆਂ ਨੂੰ ਬਦਨਾਮ ਕਰਨ ਵਿਚ ਸਰਗਰਮ ਹੈ। ਇਸ ਦੇ ਉਲਟ ਬਾਬਾ ਗੁਰੂ ਨਾਨਕ ਦਾ ਵਿਹਾਰਕ ਦਰਸ਼ਨ ਲੰਗਰ ਇਸ ਅੰਦੋਲਨ ਦੀ ਰੀੜ ਹੈ ਜੋ ਬਰਾਬਰੀ ਦੇ ਵਿਹਾਰਕ ਇਨਸਾਨੀ ਫ਼ਲਸਫ਼ੇ ਰਾਹੀਂ ਫ਼ਿਰਕੂ ਸੱਤਾ ਦੀ ਰੀੜ ਤੋੜ ਦਿੰਦਾ ਹੈ। ਪੰਜਾਬ ਬਾਬਾ ਗੁਰੂ ਨਾਨਕ ਦੇ ਵਿਹਾਰਕ ਫ਼ਲਸਫ਼ੇ ਨਾਲ ਲਬਾਲਬ ਹੈ ਤਾਂ ਲਹਿੰਦਾ ਪੰਜਾਬ ਚੜਦੇ ਨਾਲੋਂ ਵੱਖ ਕਿਵੇਂ ਰਹਿ ਸਕਦਾ ਹੈ? ਹਾਂ, ਰਾਜਨੀਤਕ ਮੋਹਰਾ ਬਣ ਖ਼ੁਆਰ ਜ਼ਰੂਰ ਹੋ ਸਕਦਾ, ਤੇ ਹੁੰਦਾ ਰਿਹਾ। ਡੇਰੀਵਾਲਾ ਇਸੇ ਇਤਿਹਾਸ ਨੂੰ 'ਪੰਜਾਬ' ਗੀਤ ਵਿਚ ਦੁਹਰਾਉਂਦਾ ਹੈ:

**ਖ਼ੂਨ ਖੰਨੇ ਦਾ ਵੀ ਉਹੀ, ਖ਼ੂਨ ਲਹੌਰ ਦਾ ਵੀ ਉਹੀ**
**ਖ਼ੂਨ ਲਾਇਲਪੁਰ ਵਾਲੇ ਲੁਧਿਆਣੇ ਬੋਲਦੇ**
**ਸਾਡੀ ਇਕੋ ਏ ਜ਼ਬਾਨ, ਸਾਡੇ ਵਿਰਸੇ ਵੀ ਇਕੋ**
**ਕਿੱਥੋਂ ਵੱਖ ਨੇ ਪੰਜਾਬ ਇਹ ਸਿਆਣੇ ਬੋਲਦੇ**
**ਸਭ ਖੇਡ ਹੈ ਸਿਆਸੀ ਤੇ ਖਿਡੌਣੇ ਅਸੀਂ ਆਂ**
**ਸਿਆਣਿਆਂ ਦਾ ਮਾਈਂਡ ਏਹੀ ਕਹਿੰਦਾ ਵੀਰਿਆ**
**ਸਾਡੇ ਖ਼ੂਨ ਵਿਚ ਵੱਸਦਾ ਪੰਜਾਬ ਬੋਲਦਾ**
**ਕੀ ਚੜਦਾ ਪੰਜਾਬ ਕੀ ਆ ਲਹਿੰਦਾ ਵੀਰਿਆ**

ਪੰਜਾਬ ਨੂੰ ਲੰਬਾ ਸਮਾਂ ਖ਼ੁਆਰ ਹੋਣ ਤੋਂ ਬਾਅਦ ਇਹ ਸਮਝ ਪਈ ਹੈ ਕਿ ਪੰਜਾਬੀ ਧਰਮਾਂ ਅਤੇ ਜਾਤਾਂ ਦੀ ਸਿਆਸੀ ਖੇਡ ਦੇ ਮਾਤਰ ਖਿਡੌਣੇ ਬਣ ਗਏ ਹਨ। ਪੰਜਾਬੀ ਬੰਦੇ ਨੂੰ ਧਰਮ ਅਤੇ ਜਾਤ ਆਧਾਰਿਤ ਸਿਆਸੀ ਖੇਡ ਦੀ ਪਿਆਦਾਗਿਰੀ ਤੋਂ ਮੁਕਤ ਹੋ ਕੇ ਹੀ ਖ਼ੁੱਸਿਆ ਹੋਇਆ ਆਪਣਾ ਵਿਰਸਾ ਪ੍ਰਾਪਤ ਹੋ ਸਕਦਾ ਹੈ। ਪੰਜਾਬ ਕੋਲ ਆਪਣੇ ਵਿਰਸੇ ਦਾ ਤਾਕਤਵਰ ਇਤਿਹਾਸ ਹੈ ਜੋ ਹਰ ਤਰਾਂ ਦੀ ਨਾਬਰਾਬਰੀ ਤੋਂ ਮੁਕਤ ਕਰਵਾ ਸਕਦਾ ਹੈ। ਫ਼ਿਰਕੂਪੁਣੇ ਦੇ ਕਾਰਪੋਰੇਟ ਨਾਲ ਗੱਠਜੋੜ ਦੀ ਸਿਆਸੀ ਖੇਡ ਦੇ ਖਿਡੌਣੇ ਬਣਨ ਤੋਂ ਇਨਕਾਰੀ ਪੰਜਾਬੀ ਸਾਰੇ ਹਿੰਦੋਸਤਾਨ ਨੂੰ ਇਸ ਨਾਪਾਕ ਗੱਠਜੋੜ 'ਚੋਂ ਬਾਹਰ ਕੱਢਣ ਦੀ ਚੇਤਨਾ ਲਈ ਕੜਾਕੇ ਦੀਆਂ ਠੰਢੀਆਂ ਰਾਤਾਂ ਨਾਲ ਦਸਤ-ਪੰਜਾ ਲੈਂਦੇ ਇਲਮ ਨੂੰ ਅਮਲ ਵਿੱਚ ਢਾਲ ਰਹੇ ਹਨ। ਜਦੋਂ ਇਲਮ ਅਮਲ ਬਣ ਜਾਵੇ ਤਾਂ ਦੁਨੀਆ ਦੀ ਕੋਈ ਤਾਕਤ ਨਹੀਂ ਜੋ ਉਸ ਨੂੰ ਨਿਸ਼ਾਨੇ ਤੱਕ ਪਹੁੰਚਣ ਤੋਂ ਰੋਕ ਸਕੇ। ਇੱਥੇ ਥੋੜੇ ਸਮੇਂ ਲਈ ਇਤਿਹਾਸ ਵਿਚ ਜਾਣਾ ਜ਼ਰੂਰੀ ਹੈ।

ਬਰਤਾਨਵੀ ਇਤਿਹਾਸਕਾਰ ਹਿੰਦੋਤਸਾਨ ਦੇ ਇਤਿਹਾਸ ਦੀ ਕਾਲ ਵੰਡ ਪੁਰਾਤਨ ਭਾਰਤ (ਹਿੰਦੂ ਕਾਲ), ਮੁਸਲਿਮ ਕਾਲ ਅਤੇ ਆਧੁਨਿਕ ਕਾਲ (ਭਾਵ ਬਰਤਾਨਵੀ ਬਸਤੀਵਾਦ) ਵਿਚ ਕਰਦਿਆਂ ਮੁਸਲਿਮ ਕਾਲ ਉੱਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਆਪਣੇ ਬਸਤੀਵਾਦੀ ਉਥਾਨ ਨੂੰ ਨਿਆਇਕ ਸਿੱਧ ਕਰਦੇ ਹਨ। ਇਸ ਤੋਂ ਇਲਾਵਾ ਵੰਡ ਮਗਰੋਂ ਚੜਦੇ ਪੰਜਾਬ ਦੇ ਲੋਕਾਂ ਦੀ ਲਹਿੰਦੇ ਪੰਜਾਬ ਨਾਲੋਂ ਸੰਚਾਰਕ ਦੂਰੀ ਨੇ ਚੜਦੇ ਪੰਜਾਬ ਦੇ ਲੋਕਾਂ ਨੂੰ ਭਰਮਤ ਕਰ ਰੱਖਿਆ ਸੀ ਜੋ ਲਹਿੰਦੇ ਪੰਜਾਬ ਦੇ ਮੁਸਲਮਾਨਾਂ ਨੂੰ ਚੰਗਾ ਨਹੀਂ ਸਨ ਸਮਝਦੇ।

ਪਿਛਲੇ ਕੁਝ ਸਾਲਾਂ ਤੋਂ ਸੋਸ਼ਲ ਮੀਡੀਆ ਰਾਹੀਂ ਸੰਚਾਰਕ ਨੇੜਤਾ ਨਾਲ ਦੋਵਾਂ ਪੰਜਾਬਾਂ ਦੇ ਲੋਕਾਂ ਅੰਦਰੋਂ ਦਵੇਸ਼ ਦੀ ਭਾਵਨਾ ਮੁੱਕਣ ਵੱਲ ਹੋ ਤੁਰੀ ਹੈ ਅਤੇ ਸਭਨਾਂ ਨੂੰ ਪੰਜਾਬੀ ਹੋਣ ਦੇ ਅਹਿਸਾਸ ਨੇ ਟੁੰਬ ਲਿਆ ਹੈ। ਸੰਤਾਲੀ ਦੇ ਉਜਾੜੇ ਦੀਆਂ ਬਜ਼ੁਰਗਾਂ ਨਾਲ ਮੁਲਾਕਾਤਾਂ ਨੇ ਇਕ ਨਵਾਂ ਇਤਿਹਾਸ ਸਿਰਜਣ ਦਾ ਰਾਹ ਆਰੰਭਿਆ ਹੈ। ਇਨਾਂ ਸੂਚਨਾਵਾਂ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨ ਪੰਜਾਬ ਦੇ ਬਹੁਤ ਸਾਰੇ ਉਹੀ ਕਬੀਲੇ ਹਨ, ਜੋ ਸਿੱਖ ਵੀ ਹਨ ਅਤੇ ਹਿੰਦੂ ਵੀ। ਪਹਿਲੇ ਵੇਲਿਆਂ 'ਚ ਮੁਸਲਿਮ ਆਪਣੇ ਨਾਲ ਗੋਤਰ ਨਹੀਂ ਲਾਉਂਦੇ ਸਨ ਅਤੇ ਸਿੱਖ ਵੀ ਨਹੀਂ। ਚੜਦੇ ਪੰਜਾਬ 'ਚ ਗੋਤਰ ਲਾਉਣ ਦੀ ਆਲੋਚਨਾ ਜਾਤਾਂ ਨੂੰ ਪੱਕਿਆਂ ਕਰਨ ਵਜੋਂ ਕੀਤੀ ਗਈ ਜਦੋਂ ਕਿ ਗੋਤਰ ਕਬੀਲਾਈ ਵਿਰਸੇ ਦੀ ਪਛਾਣ ਹਨ। ਲਹਿੰਦੇ ਪੰਜਾਬ ਵਿਚ ਗੋਤ ਲਾਉਣ ਨਾਲ ਪਤਾ ਲੱਗਦਾ ਹੈ ਕਿ ਮੁਸਲਮਾਨਾਂ ਦੀ ਵੱਡੀ ਗਿਣਤੀ ਜੱਟ ਹੈ ਜੋ ਖੇਤੀ ਕਰਦੀ ਹੈ। ਜੱਟਾਂ ਦੇ ਸੁਭਾਅ, ਸੱਭਿਆਚਾਰ, ਵਿਰਸਾ ਹਿੰਦੂ, ਮੁਸਲਿਮ ਜਾਂ ਸਿੱਖ ਹੋਣ ਦੇ ਬਾਵਜੂਦ ਇੱਕੋ ਜਿਹੇ ਹਨ ਕਿਉਂਕਿ ਇਹ ਇੱਕੋ ਕਬੀਲੇ ਦੇ ਵਿਰਸੇ ਨੂੰ ਪ੍ਰਣਾਏ ਹੋਏ ਹਨ। ਇਸੇ ਤਰਾਂ ਰਾਜਪੂਤ, ਗੁੱਜਰ, ਲਬਾਣੇ, ਕੰਬੋਅ, ਮੁਸੱਲੀ, ਖੋਖਰ ਵੱਖ-ਵੱਖ ਕਬੀਲਾਈ ਲੋਕ ਸਨ ਜਿਨਾਂ ਨੂੰ ਤੁਰਕ ਅਤੇ ਮੁਗ਼ਲ ਹਾਕਮਾਂ ਨੇ ਪਿੰਡਾਂ ਵਿਚ ਵਸਾਇਆ। ਆਮ ਮੁਸਲਮਾਨ ਵੀ ਪਿੰਡਾਂ ਵਿਚ ਮੁਸਲਿਮ ਹਾਕਮਾਂ ਦਾ ਉਸੇ ਤਰਾਂ ਦਮਨ ਸਹਿੰਦੇ ਸਨ, ਜਿਵੇਂ ਸਿੱਖ ਜਾਂ ਹਿੰਦੂ। ਹੁਣ ਬਘਾਜਵੇ, ਚੀਮੇ, ਚੱਠੇ, ਸਿੱਧੂ ਆਦਿ ਗੋਤਰਾਂ ਦੀ ਪਛਾਣ ਨਾਲ ਇਹ ਸਮਝਣ ਵਿਚ ਸਹਾਇਤਾ ਮਿਲਦੀ ਹੈ ਕਿ ਕੌਣ ਕਿਸ ਕਬੀਲੇ ਦਾ ਹੈ। ਕਬੀਲਿਆਂ ਦੇ ਲੋਕ ਕਿਉਂਕਿ ਖ਼ੁਦਦਾਰੀ, ਬਰਾਬਰੀ, ਦਲੇਰੀ, ਜ਼ੁਅਰਤ ਨਾਲ ਨੱਕੋਂ ਨੱਕ ਭਰੇ ਹੁੰਦੇ ਹਨ, ਬਾਬਾ ਨਾਨਕ ਦੀ ਭਾਸ਼ਾ ਵਿਚ ਜਿਸ ਨੂੰ 'ਪਤਿ' ਕਿਹਾ ਗਿਆ ਹੈ ਜਦੋਂ ਕਿ ਜਾਤਪਾਤੀ ਪ੍ਰਬੰਧ ਮਨੁੱਖ ਦੀ ਖ਼ੁਦਦਾਰੀ 'ਤੇ ਸੱਟ ਮਾਰਦਾ ਉਸ ਨੂੰ ਚਕਨਾਚੂਰ ਕਰ ਦਿੰਦਾ ਹੈ।

**ਪਾਰ ਬਾਡਰਾਂ ਦੀ ਹਾਕ ਹੁਣ ਪਹੁੰਚ ਗਈ ਏ ਜੱਟਾ**
**ਜੱਟ ਲਹਿੰਦੇ ਵੱਲ ਦੇ ਵੀ ਵੀਰੇ ਕੱਬੇ ਬੜੇ ਆ**
**ਵਰਤੇ ਕੋਈ ਭਾਣਾ ਕਿਤੇ ਖੁੱਲ ਜਾਣ ਹੱਦਾਂ**
**ਅਸੀਂ ਧਰਨੇ ਦੇ ਬਹਿਣ ਨੂੰ ਤਿਆਰ ਖੜੇ ਆਂ**
**ਡੇਰੇ ਆਲਿਆਂ ਨੇ ਲਿਖਿਆ ਕਿਸਾਨਾਂ ਵਾਸਤੇ**
**ਤੋੜ ਕੇ ਕਲਮ ਫਿਰ ਘਰੇ ਬਹਿ ਜਾਵੀਂ**
**ਪੂਰਾ ਬਣਦਾ ਪੰਜਾਬ ਚੜਦੇ ਤੇ ਲਹਿੰਦੇ ਨਾ**
**ਜਾਂਦਾ ਜਾਂਦਾ ਵੀਰਿਆ ਸੁਨੇਹਾ ਲੈ ਜਾਵੀਂ**

ਇਨਾਂ ਸਤਰਾਂ ਵਿਚ ਜੱਟ ਸ਼ਬਦ ਨੂੰ ਕਿਸਾਨ ਵਜੋਂ ਸੰਬੋਧਨ ਕਬੀਲਾਈ ਸਾਂਝ ਦੇ ਪ੍ਰਤੀਕ ਵਜੋਂ ਹਾਜ਼ਰ ਹੈ। ਖੇਤੀ ਨਾਲ ਸਬੰਧਿਤ ਕਾਰੀਗਰ ਜਮਾਤਾਂ ਵੀ ਇਨਾਂ ਕਬੀਲਿਆਂ ਦਾ ਹੀ ਹਿੱਸਾ ਹਨ ਜਿਨਾਂ ਅੰਦਰ ਸਾਂਝਾ ਖ਼ੂਨ ਦੌੜਦਾ ਹੈ। ਅੰਗਰੇਜ਼ਾਂ ਨੇ ਪੰਜਾਬ ਦੀਆਂ ਜਾਤਾਂ ਦਾ ਵਰਗੀਕਰਨ ਕਰਕੇ ਪੰਜਾਬ ਨੂੰ ਜਾਤ ਅਤੇ ਧਰਮ ਦੀ ਅਜਿਹੀ ਪੁੱਠ ਚਾੜੀ ਕਿ ਪੰਜਾਬੀਅਤ ਦੇ ਨਕਸ਼ ਧੁੰਦਲੇ ਹੋ ਕੇ ਰਹਿ ਗਏ। ਪੰਜਾਬੀਅਤ ਨੂੰ ਆ ਰਹੀ ਅੱਜ ਵਾਲੀ ਸਮਝ ਜੇ ਵੀਹਵੀਂ ਸਦੀ ਦੇ ਆਰੰਭ ਵਿਚ ਪ੍ਰਾਪਤ ਹੋ ਜਾਂਦੀ ਤਾਂ ਪੰਜਾਬ ਵੰਡ ਤਾਂ ਕੀ, ਹਿੰਦੋਸਤਾਨ ਦੇ ਨਕਸ਼ ਵੀ ਕੁਝ ਹੋਰ ਹੀ ਹੁੰਦੇ। ਅੱਜ ਵੀ ਧਰਮਾਂ ਤੇ ਜਾਤਾਂ ਦੇ ਆਧਾਰ 'ਤੇ ਕਿਸਾਨਾਂ ਵਿਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਉਹ ਇਸ ਤੋਂ ਅਭਿੱਜ ਮਸਤ ਹਾਥੀ ਦੀ ਚਾਲ ਚੱਲਦੇ ਜਾਣ। ਅੱਜ ਹਿੰਦੋਸਤਾਨ ਦੇ ਕਿਸਾਨਾਂ ਨੂੰ ਆਪਣੀ ਚੇਤਨਾ ਵਿਚ ਧੱਕੇ ਜਾ ਰਹੇ ਹਰ ਕਿਸਮ ਦੇ ਵਖਰੇਵਿਆਂ ਨੂੰ ਵਗਾਹ ਮਾਰਨਾ ਲਾਜ਼ਮੀ ਹੋਵੇਗਾ।

ਕਿਰਤੀ ਲੋਕਾਂ ਵਿਚ ਪਾੜ ਪੈਦਾ ਕਰਨਾ ਬਸਤੀਵਾਦੀ ਅਤੇ ਸਾਮਰਾਜਵਾਦੀ ਵਿਚਾਰਧਾਰਾ ਦਾ ਆਲਮੀ ਵਰਤਾਰਾ ਹੈ। ਜਦੋਂ ਮਨੁੱਖ 'ਸਰਬੱਤ ਦੇ ਭਲੇ' ਦੀ ਅਰਦਾਸ 'ਚੋਂ ਰੌਸ਼ਨੀ ਲੈਂਦਾ ਹੈ ਤਾਂ ਕੂੜ ਦੀ ਕੰਧ ਢਹਿਣ ਲੱਗਦੀ ਹੈ।

ਦਿੱਲੀ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੀ ਇਹ ਪ੍ਰਾਪਤੀ ਹੈ ਕਿ ਇਸ ਨੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਸਮੂਹ ਪੰਜਾਬੀਆਂ ਅੰਦਰ ਨਿੱਘ ਦੀ ਊਰਜਾ ਭਰ ਦਿੱਤੀ ਹੈ। ਕਾਸ਼! ਅਸੀਂ ਸਮੂਹ ਪੰਜਾਬੀ ਇਸ ਬਰੇ-ਸਗੀਰ ਨੂੰ ਮਨੁੱਖੀ ਏਕਤਾ ਦੇ ਸੂਤਰ ਵਿਚ ਬੰਨ ਸਕੀਏ। ਜੇ ਅਜਿਹਾ ਹੁੰਦਾ ਹੈ ਤਾਂ ਕਾਰਪੋਰੇਟ ਅਤੇ ਉਸ ਦੀ ਸਰਕਾਰੀ ਜੁੰਡਲੀ ਕਿਸਾਨਾਂ/ਆਵਾਮ ਦੇ ਰੋਹ ਤੋਂ ਨਹੀਂ ਬਚ ਸਕੇਗੀ। ਸਾਡਾ ਏਕਾ ਹੀ ਸਾਡੀ ਤਾਕਤ ਹੈ। ਪੰਜਾਬ ਦੀ ਪੁਨਰ ਸਿਰਜਣਾ ਵਕਤ ਦੀ ਆਵਾਜ਼ ਹੈ, ਜੇ ਅਸੀਂ ਇਹ ਆਵਾਜ਼ ਲਗਾਤਾਰ ਸੁਣਦੇ ਰਹਿ ਸਕੀਏ।

ਕਿੰਨੇ ਯੋਧੇ ਲੰਘ ਗਏ ਤੇ ਕਿੰਨੇ ਟੰਗੇ
ਮਾਵਾਂ ਜਿਗਰ ਨੂੰ ਕੱਢ ਕੇ ਪੁੱਤ ਸੂਲੀ ਟੰਗੇ

ਅੰਨੀ ਕਿਉ ਦੱਸ ਹੋ ਗਈ ਦਿੱਲੀ ਨੂੰ ਪੁੱਛੋ?
ਕਿਉ ਕੁਰਬਾਨੀ ਭੁੱਲ ਗਈ ਚਾਂਦਨੀ ਚੌਂਕ
ਦਾ ਵਰਤਾਰਾ ਪੁੱਛੋ

ਗੱਭਰੂ ਗਜਾ ਦੇ ਵਰਗੇ ਖੜ੍ਹ ਗਏ ਹੋਕੇ ਅੱਗੇ
ਜਿਨ੍ਹਾਂਦੀਨਾੜਵਿੱਚਬੋਲਦੀਸੀ ਤੂੰਟੀਕੇਲੱਗੇ

ਇਤਿਹਾਸ ਗਵਾਹ ਹੈ ਸਾਡੇ ਵਿੱਚ ਜ਼ਮੀਰ
ਨਹੀਂ ਮਰਦੀ ਕਿੰਨੇ ਸਾਕੇ ਝੱਲ ਗਏ ਸਿੱਖ
ਕੌਮ ਨਾ ਡਰਦੀ

ਕਿੰਨੀ ਵਾਰੀ ਜਿੱਤ ਕੇ ਛੱਡ ਦਿੱਤੀ ਦਿੱਲੀ
ਯੋਧੇ ਸੁਰੰਗ ਬਣਾ ਲੈਂਦੇ ਭੁੱਲ ਚੁੱਕੀ ਦਿੱਲੀ

ਮੋਢੇ ਹਲ ਚੁੱਕ ਤੁਰ ਪਏ ਪੈਦਲ ਹੀ ਘਰ ਤੋਂ
ਜਾਹੋ ਜਲਾਲ ਇੰਝ ਲੱਗ ਰਿਹਾ ਥਾਪੜਾ
ਮਿਲਿਆ ਨਾਨਕ ਦੇ ਦਰ ਤੋਂ

**ਹਰੀ**
**ਮਧੇਕੇ, ਜ਼ਿਲਾ ਮੋਗਾ**

# ਗੁਰੂ ਸਾਹਿਬਾਨ ਦਾ ਫਲਸਫਾ ਤੇ ਸਭਿਅਕ ਸਮਾਜ

**- ਹਰਪ੍ਰੀਤ ਕੌਰ**

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ, 1469 ਈ. ਨੂੰ ਰਾਇ ਭੋਇ ਦੀ ਤਲਵੰਡੀ ਪਾਕਿਸਤਾਨ (ਸ੍ਰੀ ਨਨਕਾਣਾ ਸਾਹਿਬ) ਵਿਚ ਪਿਤਾ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਸੁਭਾਗੀ ਕੁੱਖੋਂ ਹੋਇਆ। ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਰਹਿੰਦਿਆਂ ਇਕ ਦਿਨ ਵੇਈਂ ਨਦੀ 'ਤੇ ਇਸ਼ਨਾਨ ਕਰਨ ਗਏ ਅਤੇ ਤਿੰਨ ਦਿਨ ਅਲੋਪ ਰਹੇ। ਜਦੋਂ ਨਦੀ ਵਿਚੋਂ ਬਾਹਰ ਆਏ ਅਤੇ ਉਨਾਂ ਆਖਿਆ 'ਨਾ ਕੋਈ ਹਿੰਦੂ ਨਾ ਮੁਸਲਮਾਨ' ਇੱਥੋਂ ਹੀ ਸਿੱਖ ਧਰਮ ਦੀ ਨੀਂਹ ਰੱਖੀ ਗਈ। ਗੁਰੂ ਨਾਨਕ ਸਾਹਿਬ ਜੀ ਸਿੱਖ ਧਰਮ ਦੇ ਸੰਸਥਾਪਕ ਅਤੇ ਪਹਿਲੇ ਗੁਰੂ ਸਾਹਿਬਾਨ ਹੋਏ ਹਨ। ਆਪ ਨੇ ਲੋਕਾਂ ਨੂੰ ਅਨਾਦਿ ਸੱਚ ਦਾ ਸੁਨੇਹਾ ਦਿੱਤਾ ਹੈ। ਰਬ ਇਕ ਹੈ ਜੋ ਬ੍ਰਹਿਮੰਡ ਦੇ ਕਣ-ਕਣ ਵਿਚ ਵਸਦਾ ਹੈ। ਗੁਰੂ ਸਾਹਿਬਾਨ ਨੇ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਦਸਵੰਧ ਕੱਢਣਾ, ਭਾਈਚਾਰਕ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਅੰਧ-ਵਿਸ਼ਵਾਸਾਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ। ਆਪ ਜੀ ਨੇ ਵਾਰ ਮਲਾਰ, ਵਾਰ ਮਾਝ, ਵਾਰ ਆਸਾ, ਜਪੁਜੀ, ਓਅੰਕਾਰ, ਪੱਟੀ, ਥਿਤ, ਬਾਰਾਂਮਾਹਾ ਆਦਿ ਬਾਣੀਆਂ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਉਥੇ ਸੰਗਤ ਅਤੇ ਪੰਗਤ ਦੀ ਵੀ ਨੀਂਹ ਰੱਖੀ, ਜਿਸ ਨਾਲ ਮਨੁੱਖ ਜਾਤੀ ਵਿਚੋਂ ਊਚ-ਨੀਚ ਦਾ ਫ਼ਰਕ ਮਿਟਣ ਲੱਗਿਆ। ਜਿਸ ਤਰਾਂ ਆਤਮਾ ਦੀ ਉੱਨਤੀ ਲਈ ਨਾਮ ਦਾ ਜਾਪ ਜ਼ਰੂਰੀ ਏ ਠੀਕ ਉਸੇ ਹੀ ਤਰਾਂ ਸਰੀਰਕ ਤੰਦਰੁਸਤੀ ਦੇ ਲਈ ਨਸ਼ਿਆਂ ਤੋਂ ਦੂਰ ਰਹਿਣ ਦੀ ਵੀ ਸਿੱਖਿਆ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ 22 ਸਤੰਬਰ, 1539 ਈ. ਨੂੰ 73 ਸਾਲ ਦੀ ਉਮਰ ਵਿਚ ਜੋਤੀ ਜੋਤਿ ਸਮਾ ਗਏ ਅਤੇ ਆਪਣੀ ਗੁਰਗੱਦੀ ਦੇ ਵਾਰਿਸ ਭਾਈ ਲਹਿਣਾ ਜੀ ਨੂੰ ਚੁਣਿਆ ਨਾ ਕਿ ਆਪਣੇ ਬੱਚਿਆਂ ਨੂੰ । ਭਾਈ ਲਹਿਣਾ ਜੀ ਦਾ ਨਾਮ ਗੁਰੂ ਅੰਗਦ ਦੇਵ ਜੀ ਰੱਖਿਆ। ਇਸ ਤਰਾਂ ਸਿੱਖ ਧਰਮ ਦੀ ਸਥਾਈ ਹੋਂਦ ਸਥਾਪਿਤ ਹੋ ਗਈ। ਗੁਰੂ ਨਾਨਕ ਕਾਲ ਤੋਂ ਲੈ ਕੇ ਜਦੋਂ ਸਾਡਾ ਸਮਾਜ ਬੰਦਾ ਬਹਾਦਰ ਦੇ ਸਮੇਂ ਤੱਕ ਅਤੇ ਉਸ ਤੋਂ ਬਾਅਦ ਅੱਜ ਅਸੀਂ ਜਦੋਂ 2020 ਵਿਚ ਪਹੁੰਚਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਸਾਡਾ ਸਮਾਜ ਸਾਡੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਤੋਂ ਬੇਮੁੱਖ ਹੋ ਗਿਆ ਹੈ। ਅੱਜ ਅਸੀਂ ਗੁਰਬਾਣੀ ਦਾ ਸਿਮਰਨ ਛੱਡ ਦਿੱਤਾ ਹੈ ਜਿਸ ਕਰਕੇ ਅੱਜ ਦਾ ਮਨੁੱਖ ਨਸ਼ਿਆਂ ਦੀ ਦਲਦਲ ਵਿਚ ਨਿੱਘਰਦਾ ਚਲਿਆ ਜਾ ਰਿਹਾ ਉਸ ਵਿਚ ਨੈਤਿਕ ਕਦਰਾਂ ਕੀਮਤਾਂ ਖ਼ਤਮ ਹੋ ਰਹੀਆਂ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਾਇਜ਼ ਅਤੇ ਨਜਾਇਜ਼ ਤਰੀਕੇ ਨਾਲ ਧਨ ਇਕੱਠਾ ਕਰਨ ਵਿਚ ਲੱਗਿਆ ਹੋਇਆ ਹੈ। ਜਿਸ ਕਰਕੇ ਉਸ ਦਾ ਮਨ ਅਸ਼ਾਂਤ ਹੋ ਗਿਆ ਹੈ । ਜੇਕਰ ਨਾਮ ਦਾ ਜਾਪ ਕਰਦੇ ਹਾਂ ਤਾਂ ਉਸ 'ਤੇ ਅਮਲ ਨਹੀਂ ਕਰਦੇ। ਮਨੁੱਖ ਵਿਚ ਸ਼ਹਿਣਸ਼ੀਲਤਾ ਖ਼ਤਮ ਹੋ ਗਈ ਹੈ। ਅੱਜ ਦਾ ਮਨੁੱਖ ਦਿਮਾਗ਼ੀ ਅਤੇ ਸਰੀਰਕ ਪੱਖੋਂ ਕਮਜ਼ੋਰ ਹੋ ਗਿਆ ਹੈ ਜਿਸ ਦਾ ਬੜਾ ਵੱਡਾ ਕਾਰਨ ਮੋਬਾਈਲ ਫੋਨ, ਸੋਸ਼ਲ ਮੀਡੀਆ ਹੈ ਜਿਸ ਨੇ ਮਨੁੱਖ ਦਾ ਜੀਵਨ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਇਸ ਤਰਾਂ ਦਾ ਮਨੁੱਖ ਆਉਣ ਵਾਲੀਆਂ ਰਾਜਨੀਤਕ, ਸਮਾਜਿਕ, ਧਾਰਮਿਕ, ਭਾਸ਼ਾ, ਰਿਸ਼ਤੇ-ਨਾਤੇ, ਘਰ ਪਰਿਵਾਰ, ਸਿੱਖਿਆ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦਾ। ਪਰ ਅੱਜ ਦੇ ਸਮੇਂ ਬਹੁਤ ਹੀ ਘੱਟ ਲੋਕੀਂ ਹਨ ਜੋ ਆਪਣੇ-ਆਪ ਨੂੰ ਰਿਸ਼ਟ-ਪੁਸ਼ਟ ਰੱਖਦੇ ਹੋਣ। ਅੱਜ ਦਾ ਮਨੁੱਖ ਨਾ ਕਿਸੇ ਦੀ ਗੱਲ ਸੁਣਦਾ ਹੈ, ਨਾ ਪੜਦਾ ਹੈ ਅਤੇ ਨਾ ਹੀ ਕੁਝ ਸਿਰਜਦਾ ਹੈ ਬਸ ਰੋਬੋਟ ਦੀ ਤਰਾਂ ਇੰਟਰਨੈੱਟ, ਸੋਸ਼ਲ ਮੀਡੀਆ 'ਤੇ ਸਭ ਕੁਝ ਚੁੱਪ-ਚਾਪ ਦੇਖ ਰਿਹਾ ਹੈ ਜਿਵੇਂ ਇਸ ਦਾ ਰਿਮੋਟ ਕੰਟਰੋਲ ਕਿਸੇ ਹੋਰ ਦੇ ਹੱਥ ਹੋਵੇ। ਅੱਜ ਦੇ ਮਨੁੱਖ ਦੀ ਕਲਪਨਾ ਸ਼ਕਤੀ ਖੁੰਢੀ ਹੋ ਗਈ। ਉਸ ਵਿਚ ਤਰਕਸ਼ੀਲ ਵਿਚਾਰਾਂ ਦਾ ਉਤਪੰਨ ਹੋਣਾ ਬੰਦ ਹੋ ਗਿਆ ਹੈ। ਇਨਸਾਨ ਸੋਸ਼ਲ ਮੀਡੀਆ ਦੇ ਜੋਗਾ ਹੀ ਰਹਿ ਗਿਆ ਹੈ। ਉਸ ਨੂੰ ਸਿਰਫ਼ ਹੁਕਮ ਦੇਣਾ ਆਉਂਦਾ ਹੈ ਕਿਸੇ ਦੀ ਗੱਲ ਨੂੰ ਸੁਣਨਾ ਜਾਂ ਆਗਿਆ ਨੂੰ ਮੰਨਣਾ ਨਹੀਂ ਆਉਂਦਾ। ਮਨੁੱਖ ਏਨਾ ਕਮਜ਼ੋਰ ਹੋ ਗਿਆ ਹੈ ਕਿ ਸਾਡੇ ਸਾਹਮਣੇ ਜੋ ਲੜਾਈਆਂ ਹਨ ਭਾਵੇਂ ਉਹ ਨਸ਼ਿਆਂ ਦੀ ਹੋਵੇ, ਬੇਰੁਜ਼ਗਾਰੀ ਦੀ ਹੋਵੇ, ਘਰੇਲੂ ਹੋਵੇ ਉਹ ਸਭ ਤੋਂ ਭਗੌੜਾ ਹੋ ਗਿਆ ਹੈ। ਉਹ ਇਨਾਂ ਸਮੱਸਿਆਵਾਂ ਦਾ ਹੱਲ ਹੀ ਨਹੀਂ ਕਰ ਰਿਹਾ। ਏਨੀ ਮਾੜੀ ਦੁਰਦਸ਼ਾ ਅੱਜ ਦੇ ਨੌਜਵਾਨਾਂ ਦੀ ਹੋ ਗਈ ਹੈ ਪਰ ਹੁਣ ਲੋੜ ਹੈ, ਸਮਾਂ ਹੈ ਸਾਨੂੰ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ 'ਤੇ ਮੁੜ ਪਿੱਛੇ ਵੱਲ ਨੂੰ ਝਾਤੀ ਮਾਰਨ ਦੀ ਜਿੱਥੇ ਗੁਰੂ ਸਾਹਿਬ ਜੀ ਬੈਠੇ ਹਨ ਉਨਾਂ ਦੀਆਂ ਸਿੱਖਿਆਵਾਂ ਬੈਠੀਆਂ ਹਨ ਜੋ ਸਾਨੂੰ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੀਆਂ ਹਨ। ਸਾਨੂੰ ਨਸ਼ਿਆਂ ਦੇ ਆਦੀ ਨਾ ਬਣ ਕੇ ਸਿਹਤ ਸੰਭਾਲ ਕਰਨੀ ਚਾਹੀਦੀ ਹੈ। ਆਪਣੇ-ਆਪ ਨੂੰ ਸਰੀਰਕ ਤੌਰ 'ਤੇ ਤਕੜਾ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਇਨਾਂ ਲੜਾਈਆਂ 'ਤੇ ਜਿੱਤ ਪ੍ਰਾਪਤ ਕਰ ਸਕੀਏ ਫਿਰ ਹੀ ਅਸੀਂ ਤਾਕਤਵਰ ਮਨੁੱਖ, ਸੱਭਿਅਕ, ਖਾਲਿਸ ਲੋਕ ਬਣ ਸਕਦੇ ਹਾਂ। ਇਸ ਲਈ ਸਾਨੂੰ ਉਨਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਅਤੇ ਬਾਣੀ ਪੜਨ ਦੀ ਲੋੜ ਹੈ ਕਿਉਂਕਿ ਗੁਰਬਾਣੀ ਦਾ ਸਾਡੇ ਜੀਵਨ ਵਿਚ ਬਹੁਤ ਮਹੱਤਵ ਹੈ। ਇਸ ਨਾਲ ਮਨੁੱਖ ਅੰਦਰ ਹਉਮੈ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ। ਜਦੋਂ ਅਸੀਂ ਆਪਣੇ ਗੁਰੂ ਦੇ ਬਚਨਾਂ ਦਾ ਉਨਾਂ ਦੇ ਦਿੱਤੇ ਉਪਦੇਸ਼ਾਂ ਦਾ ਅੰਮ੍ਰਿਤਪਾਨ ਕਰਾਂਗੇ ਫਿਰ ਹੀ ਅਸੀਂ ਸੱਭਿਅਕ ਸਮਾਜ ਸਿਰਜ ਸਕਾਂਗੇ।

# ਨਾਰੀ : ਚੇਤਨ -ਚੇਤਨਤਾ

**ਹਰਕੀਰਤ ਕੌਰ ਸਭਰਾ**
**9779118066**

ਭਾਰਤ ਵਿੱਚ ਮਾਨਵੀ ਦੇਹ ਵਪਾਰ ਦੀ ਸਮੱਸਿਆ, ਘਰੇਲੂ ਹਿੰਸਾ , ਲਿੰਗ ਵਿਤਕਰਾ, ਭਰੂਣ ਹੱਤਿਆ, ਅਸ਼ਲੀਲਤਾ, ਨਿੱਕੀਆਂ ਬਾਲੜੀਆਂ ਦਾ ਸਰੀਰਕ ਸ਼ੋਸ਼ਣ, ਨਾਰੀ ਸੁਰੱਖਿਆ ਵਰਗੀਆਂ ਕਿੰਨੀਆਂ ਹੀ ਚੁਨੌਤੀਆਂ ਮੂੰਹ ਅੱਡੀ ਖੜੀਆਂ ਹਨ। ਭਾਰਤ ਦੀਆਂ ਸਰਕਾਰਾਂ ਵੱਲੋਂ ਲਿੰਗ ਅਨੁਪਾਤ ਵਿੱਚ ਕੀਤੇ ਸੁਧਾਰਾਂ ਦੇ ਬਾਵਜੂਦ ਅਮੀਰ ਅਤੇ ਪੜੀ-ਲਿਖੀ ਸ਼੍ਰੇਣੀ ਵਿੱਚ ਧੀਆਂ ਦੇ ਕਾਤਲਾਂ ਦੀ ਸੰਖਿਆ ਗ਼ਰੀਬ ਲੋਕਾਂ ਨਾਲੋਂ ਕਿਤੇ ਵੱਧ ਹੈ। ਪੁੱਤਰ ਮੋਹ ਤਾਂ ਸਾਰੇ ਦੇਸ਼ਾਂ ਵਿੱਚ ਹੈ ਪਰ ਪੁੱਤਰੀ ਨਫ਼ਰਤ ਸ਼ਾਇਦ ਭਾਰਤ ਤੋਂ ਵੱਧ ਕਿਤੇ ਪ੍ਰਬਲ ਨਹੀਂ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਗਰਭ ਵਿੱਚ ਕੀਤੇ ਬੱਚੀਆਂ ਦੇ ਕਤਲ ਮਨੁੱਖਤਾ ਦੇ ਮੱਥੇ 'ਤੇ ਕਲੰਕ ਨਹੀਂ ਤਾਂ ਹੋਰ ਕੀ ਹੈ ? ਵਿਮੈਨ ਐਂਡ ਚਾਈਲਡ ਡਿਵੈਲਪਮੈਂਟ ਮੰਤਰਾਲੇ ਭਾਵੇਂ ਸਰਵੇਖਣ ਕਰਾ ਕੇ ਕਿੰਨੀ ਵੀ ਜਾਣਕਾਰੀ ਇਕੱਠੀ ਕਿਉਂ ਨਾ ਕਰ ਲੈਣ, ਜਦੋਂ ਤੱਕ ਰੋਕਥਾਮ ਲਈ ਠੋਸ ਹੱਲ ਨਹੀਂ ਲੱਭਦੇ, ਉਦੋਂ ਤੱਕ ਇਹ ਘਿਨੌਣਾ ਜੁਰਮ ਹੁੰਦਾ ਰਹੇਗਾ। ਛੋਟੀਆਂ ਬਾਲੜੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਜਿੱਥੇ ਰੂਹ ਵਲੂੰਧਰ ਦਿੰਦੀਆਂ ਹਨ, ਉੱਥੇ ਇਹ ਵੀ ਸਬੂਤ ਦਿੰਦੀਆਂ ਹਨ ਕਿ ਭਾਰਤ ਵਿੱਚ ਧੀਆਂ ਸੁਰੱਖਿਅਤ ਨਹੀਂ ਹਨ। ਇਸ ਸ੍ਰਿਸ਼ਟੀ ਦੀ ਰਚਨਾ ਵਿੱਚ ਕੁਦਰਤ ਨੇ ਮਰਦ ਅਤੇ ਔਰਤ ਨੂੰ ਸਰਵਉੱਚ ਬਣਾਇਆ ਹੈ ਪਰ ਅੱਜ ਧੀਆਂ ਮੇਰੇ ਦੇਸ਼ ਦੇ ਪੁੱਤਰਾਂ ਤੋਂ ਹੀ ਸਭ ਤੋਂ ਵੱਧ ਅਸੁਰੱਖਿਅਤ ਹਨ। ਅਜਿਹੇ ਮਾਹੌਲ ਵਿੱਚ ਮਾਤਾ-ਪਿਤਾ ਕੀ ਕਰਨ ? ਪਹਿਲਾਂ ਤਾਂ ਦੇਸ਼ ਤੋਂ ਬਾਹਰ ਦੇ ਲੁਟੇਰੇ, ਜਰਵਾਣੇ ਹੀ ਧੀਆਂ ਨੂੰ ਬੰਦੀ ਬਣਾ ਡੰਗਰਾਂ ਪਸ਼ੂਆਂ ਵਾਂਗ ਵੇਚਦੇ ਸਨ ਪਰ ਅੱਜ ਅਜ਼ਾਦ ਦੇਸ਼ ਵਿੱਚ ਆਪਣਿਆਂ ਹੱਥੋਂ ਵੀ ਧੀਆਂ ਦੀ ਇੱਜ਼ਤ ਨਿਲਾਮ ਹੋ ਰਹੀ ਹੈ। ਇਹ ਕਿਸ ਤਰਾਂ ਦਾ ਆਧੁਨਿਕੀਕਰਨ ਹੈ, ਜਿਸ ਵਿਚਲੇ ਨੰਗੇਜ਼ ਨੇ ਭਾਰਤੀ ਸੰਸਕ੍ਰਿਤਕ ਮੁੱਲਾਂ ਦੇ ਪਰਖਚੇ ਉਡਾ ਦਿੱਤੇ ਹਨ ਅਤੇ ਜਿਸ ਰਾਹੀਂ ਔਰਤ ਇੱਕ ਬਾਜ਼ਾਰੀ ਵਸਤੂ ਹੋ ਨਿੱਬੜੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਅਸੀਂ ਕਿਹੜੇ ਕਿਹੜੇ ਹੱਥਕੰਡੇ ਅਪਣਾ ਸਕਦੇ ਹਾਂ।

ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਸਭ ਤੋਂ ਪਹਿਲਾਂ ਔਰਤ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ ਅਤੇ ਸਚਾਈ ਬਿਆਨ ਕਰਨ ਦੀ ਦਲੇਰੀ ਰੱਖਦੀ ਹੋਵੇ। ਅਸ਼ਲੀਲ ਗੀਤਾਂ, ਸਾਹਿਤ, ਚਿੱਤਰਾਂ ਅਤੇ ਜਿਣਸੀ ਟਿੱਪਣੀਆਂ ਤੇ ਕਾਨੂੰਨੀ ਸੈਂਸਰ ਦਾ ਕੰਟਰੋਲ ਹੋਵੇ। ਇਸ ਤੋਂ ਇਲਾਵਾ ਨੈਤਿਕਤਾ ਦੀ ਬਹਾਲੀ ਲਈ ਨੌਜਵਾਨ ਬੱਚਿਆਂ ਲਈ ਟੀ.ਵੀ ਉੱਤੇ ਚਰਿੱਤਰ ਨਿਰਮਾਣ ਪ੍ਰੋਗਰਾਮ ਉਲੀਕੇ ਜਾਣ । ਕੰਮਕਾਜੀ ਔਰਤਾਂ ਲਈ ਕੰਮਕਾਜੀ ਸਥਾਨਾਂ ਉੱਤੇ ਉਨਾਂ ਲਈ ਸੁਰੱਖਿਅਤ ਮਾਹੌਲ ਸਿਰਜਿਆ ਜਾਵੇ। ਹਰ ਸੰਸਥਾ ਵਿੱਚ ਇੱਕ ਵਿਸ਼ੇਸ਼ ਔਰਤ ਕੌਂਸਲਰ ਹੋਵੇ, ਜੋ ਕਿ ਨਾਰੀ ਸਤਿਕਾਰ ਦੀ ਸਥਾਪਤੀ, ਔਰਤ ਦੀਆਂ ਨਿੱਜੀ ਸ਼ਿਕਾਇਤਾਂ ਦੀ ਭੇਦਦਾਰੀ ਰੱਖਣ ਦੇ ਨਾਲ ਨਾਲ ਸਮੱਸਿਆਵਾਂ ਦਾ ਸਮਾਧਾਨ ਵੀ ਕਰੇ। ਦੇਸ਼ ਦੇ ਕਾਨੂੰਨ ਬਿਨਾ ਕਿਸੇ ਵਿਤਕਰੇ, ਸਿਫ਼ਾਰਸ਼, ਸਵਾਰਥ ਦੇ ਔਰਤ ਦੇ ਹੱਕਾਂ ਵਿੱਚ ਇਨਸਾਫ ਦੇਵੇ। ਮੈਂ ਦੇਸ਼ ਦੀਆਂ ਵੇਦ ਰਚੇਤਾ ਨਾਰੀਆਂ, ਨੋਬਲ ਪੁਰਸਕਾਰ ਵਿਜੇਤਾਵਾਂ ਇਸਤਰੀ ਵਿਧਾਇਕਾਂ, ਮਾਈ ਭਾਗੋ, ਮਾਤਾ ਗੁਜਰੀ ਜਿਹੀਆਂ ਦੈਵੀ ਤੇ ਦਲੇਰ ਨਾਰੀਆਂ ਦੀ ਜਨਮਦਾਤੀ ਨਾਰੀ ਅੱਗੇ ਅਰਜੋਈ ਕਰਦੀ ਹਾਂ ਕਿ ਉਹ ਆਪਣਾ ਮੂਲ ਪਛਾਣਦੀ ਹੋਈ ਆਪਣੇ ਦੇਸ਼ ਦੀਆਂ ਮਹਾਨ ਗੌਰਵਮਈ ਪ੍ਰੰਪਰਾਵਾਂ ਨੂੰ ਮੁੜ ਕਾਇਮ ਕਰਨ ਲਈ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਵੀ ਜਾਗੇ ਅਤੇ ਔਰਤਾਂ ਉੱਤੇ ਜ਼ੁਲਮ ਕਰਨ ਵਾਲੇ ਮਰਦਾ ਅੰਦਰੋਂ ਮਰ ਚੁੱਕੀ ਮਾਨਵਤਾ ਦੀ ਸੋਚ ਨੂੰ ਬਦਲੇ। ਸੋਚ ਬਦਲੇਗੀ ਤਾਂ ਨਾਰੀ ਸਤਿਕਾਰ ਵਧੇਗਾ। ਨਾਰੀ ਸਤਿਕਾਰ ਵਧੇਗਾ ਤਾਂ ਦੇਸ਼ ਵਧੇਗਾ.....

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਬਾਬਾ ਦੀਪ ਸਿੰਘ ਜੀ ਸ਼ਹੀਦ (1682-1757)

## 26 ਜਨਵਰੀ ਜਨਮ ਦਿਨ ਤੇ ਵਿਸ਼ੇਸ਼



- ਪ੍ਰਮਿੰਦਰ ਸਿੰਘ ਪ੍ਰਵਾਨਾ
310-415-9377

ਸਿੱਖ ਪੰਥ ਨੇ ਮਾਨਵਵਾਦੀ ਧਰਮ ਮਨੋਰਥ ਦੀ ਪੂਰਤੀ ਨੂੰ ਇਸ ਸ਼ਿਦਤ ਨਾਲ ਲਿਆ ਕਿ ਸਿਆਸੀ ਤਾਕਤ ਆਮ ਜਨਤਾ ਨੂੰ ਹਾਸਿਲ ਹੋਵੇ। ਜਿਸ ਵਾਸਤੇ ਦ੍ਰਿੜ ਨਿਸ਼ਚੈ ਵਾਲੀ ਅਗਵਾਈ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸੱਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂਆਂ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਅਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜ਼ਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਨੇ ਸਮਾਜਿਕ ਇਖਲਾਕ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਸ਼ਹੀਦੀ ਬਾਬਾ ਦੀਪ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9, 1716 ਨੂੰ ਬਾਬਾ ਦੀਪ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਿਆ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸਚੈ ਅਤੇ ਦ੍ਰਿੜ ਇਰਾਦੇ ਨੇ ਸਿੱਖ ਸੰਘ ਸੰਗਠਤ ਕਰ ਲਿਆ। ਮਹਾਰਾਜ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ, 1682 ਨੂੰ ਪਿੰਡ ਪਹੂਵਿੰਡ ਜ਼ਿਲਾ ਤਰਨ ਤਾਰਨ ਮਾਤਾ ਜਿਊਣੀ ਪਿਤਾ ਭਗਤਾ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਨੌਜਵਾਨ ਅਵਸਥਾ ਵਿਚ ਹੀ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਜੀ ਦਾ ਨਾਉਂ ਦੀਪ ਸਿੰਘ ਹੋ ਗਿਆ। ਉਹ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਗੁਰੂ ਜੀ ਕੋਲ ਠਹਿਰ ਗਏ ਸਨ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧਾ ਹੋਏ ਹਨ। ਆਪ ਧਾਰਮਿਕ ਬਿਰਤੀ ਵਾਲੇ ਸਾਨ। ਆਪ ਇਕ ਸੂਝਵਾਨ, ਵਿਦਵਾਨ ਤੇ ਸੂਰਬੀਰ ਸੈਨਿਕ ਹੋ ਗਏ ਸਨ। ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਸੰਗਤ ਵਿਚ ਗੁਰਬਾਣੀ ਅਧਿਐਨ ਕੀਤਾ। ਆਪ ਇਕ ਚੰਗੇ ਲਿਖਾਰੀ ਅਤੇ ਕੀਰਤਨੀਏ ਸਨ। ਸੰਤ 1738 ਵਿਚ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਉਸ ਸਮੇਂ ਦੇ ਵਿਦਵਾਨ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜਦੋਂ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਪਹੁੰਚੇ ਤਾਂ ਬਾਬਾ ਦੀਪ ਸਿੰਘ ਜੀ ਵੀ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦੋਂ ਗੁਰਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਵਾਇਆ ਤਾਂ ਬਾਬਾ ਦੀਪ ਸਿੰਘ ਜੀ ਨੇ ਉਤਾਰੇ ਤਿਆਰ ਕੀਤੇ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਪ੍ਰਸਿਧ ਹੋਇਆ। ਸੰਨ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵੱਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਤਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਮਨੀ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਸੀ ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਠਹਿਰੇ ਸਨ।

ਅਹਿਮਦ ਸ਼ਾਹ ਦੁਰਾਨੀ ਸਿੰਘਾਂ ਦਾ ਬੜਾ ਵਿਰੋਧੀ ਸੀ। ਸੰਨ 1757 ਵਿਚ ਉਸ ਨੇ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਅਤੇ ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਮਿਲੀ ਤਾਂ ਉਨਾਂ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸਿੰਘਾਂ ਨੂੰ ਕਿਹਾ ਕਿ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਅੰਮ੍ਰਿਤਸਰ ਵੱਲ ਵੱਧ ਪਏ। ਅੰਮ੍ਰਿਤਸਰ ਜਾਂਦੇ ਸਮੇਂ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਸ਼ਹੀਦ ਹੋਣ ਲਈ ਤਿਆਰ ਹਨ, ਉਹ ਹੀ ਸਾਡੇ ਨਾਲ ਤੁਰਨ, ਸਿੰਘ ਬਾਬਾ ਜੀ ਨਾਲ ਤੁਰ ਪਏ।

ਜਦੋਂ ਬਾਬਾ ਜੀ ਦੀ ਤਿਆਰੀ ਦੀ ਖ਼ਬਰ ਜਹਾਨ ਖਾਂ ਤੱਕ ਪਹੁੰਚੀ ਤਾਂ ਉਸ ਨੇ 20000 ਦੀ ਫੌਜ ਲੈ ਕੇ ਤਰਨ ਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ। ਜਿੱਥੇ ਗੁਰਦੁਆਰਾ ਲਲਕਾਰ ਸਾਹਿਬ ਸਥਿਤ ਹੈ। ਲਾਹੌਰ ਦੇ ਫੌਜਦਾਰ ਨੇ ਵੀ 2000 ਦੀ ਫੌਜ ਚਾੜ ਦਿੱਤੀ। ਬਾਬਾ ਜੀ ਦਾ ਸਾਹਮਣਾ ਜਮਾਲ ਖਾਨ ਨਾਲ ਹੋਇਆ। ਜਹਾਨ ਖਾਨ ਨੇ ਅਤਾਈ ਖਾਨ ਨੂੰ ਹਮਲਾ ਕਰਨ ਲਈ ਕਹਿ ਦਿੱਤਾ। ਜਹਾਨ ਖਾਨ ਆਪ ਘੋੜ ਸਵਾਰ ਫੌਜ ਲੈ ਕੇ ਅੰਮ੍ਰਿਤਸਰ ਤੋਂ ਗੋਹਲਵਾੜ ਪਹੁੰਚ ਗਿਆ। ਸਿੰਘ ਅਤੇ ਅਫਗਾਨਾਂ ਦੀ ਭਾਰੀ ਟੱਕਰ ਹੋਈ। ਅਫਗਾਨ ਸਿੰਘ ਫੌਜਾਂ ਦਾ ਸਾਹਮਣਾ ਨਾ ਕਰ ਸਕੇ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਵੀ ਹੁਣ ਚਰਮਸੀਮਾ ਤੇ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਸਿੰਘ ਐਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਣ ਲੱਗੇ। ਜਦ ਹੀ ਰਾਮਸਰ ਕੋਲ ਪਹੁੰਚੇ ਬਾਬਾ ਜੀ ਦੋਧਾਰੀ ਖੰਡਾ ਖੜਕਾਉਂਦੇ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਬਾਬਾ ਜੀ ਖੁਦ ਜਖ਼ਮੀ ਹੋ ਚੁੱਕੇ ਸਨ। ਅਫ਼ਗਾਨ ਫੌਜ ਦਾ ਮੁਖੀ ਅਮਾਨ ਖਾਨ ਅੱਗੇ ਵਧਿਆ। ਬਾਬਾ ਜੀ ਨਾਲ ਉਸ ਦੀ ਆਹਮੋ ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਮੀਨ ਖਾਨ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਵਹਾਉਂਦੇ ਲੜਦੇ ਗਏ। ਸਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧਾ ਸਨ। ਉਨਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਭਾਵੇਂ ਦੁਸ਼ਮਣ ਉਨਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ, ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਰਯਾਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਬਾਬਾ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸਾਹਿਬ ਰਾਮਸਰ ਨੇੜੇ ਹੈ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਜਿੱਥੇ ਸੀਸ ਭੇਟ ਕੀਤਾ, ਉਥੇ ਵੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ਾ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ ਨੂੰ ਛੱਡ ਕੇ ਹਉਮੈ ਦੂਰ ਕਰ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾਂ ਕੀਤੀ ਜਾਵੇ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਵੇ। ਅੰਗ 1412

---

# ਔਰੰਗਜ਼ੇਬ ਦਾ ਜ਼ਾਲਮਾਨਾ ਪ੍ਰਬੰਧ ਬਨਾਮ ਭਾਰਤੀ ਰਾਜ ਪ੍ਰਬੰਧ

- ਜੀ ਐਸ ਗੁਰਦਿੱਤ

ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੀ ਪਤਨੀ ਮੁਮਤਾਜ਼ ਮਹਿਲ ਤੋਂ ਕੁੱਲ 14 ਬੱਚੇ ਪੈਦਾ ਹੋਏ। ਔਰੰਗਜ਼ੇਬ, ਮੁਮਤਾਜ਼ ਦੀ ਕੁੱਖੋਂ ਜਨਮ ਲੈਣ ਵਾਲਾ ਛੇਵਾਂ ਬੱਚਾ ਸੀ। ਦਾਰਾ ਸ਼ਿਕੋਹ ਸਭ ਤੋਂ ਵੱਡਾ ਸੀ ਅਤੇ ਸਭ ਤੋਂ ਆਖ਼ਰੀ ਗੌਹਰ ਬੇਗ਼ਮ ਨਾਂਅ ਦੀ ਲੜਕੀ ਸੀ, ਜਿਸ ਦੇ ਜਨਮ ਵੇਲੇ ਜ਼ਿਆਦਾ ਖ਼ੂਨ ਪੈਣ ਕਰਕੇ ਮੁਮਤਾਜ਼ ਦੀ ਮੌਤ ਹੋ ਗਈ। ਫਿਰ ਉਸੇ ਮੁਮਤਾਜ਼ ਦੀ ਯਾਦ ਵਿਚ ਸ਼ਾਹਜਹਾਂ ਨੇ ਆਗਰਾ ਵਿਚ ਤਾਜ ਮਹੱਲ ਬਣਵਾਇਆ ਜੋ ਅੱਜ ਦੁਨੀਆ ਦੀ ਬਹੁਤ ਹੀ ਪ੍ਰਸਿੱਧ ਇਮਾਰਤ ਹੈ ਅਤੇ ਪਿਆਰ-ਮੁਹੱਬਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮੁਮਤਾਜ਼ ਦਾ ਅਸਲੀ ਨਾਂਅ ਆਰਜ਼ੁਮੰਦ ਬਾਨੋ ਬੇਗ਼ਮ ਸੀ ਅਤੇ ਉਹ ਨੂਰਜਹਾਂ ਦੀ ਭਤੀਜੀ ਸੀ। ਔਰੰਗਜ਼ੇਬ ਦੀਆਂ ਦੋ ਭੈਣਾਂ ਜਹਾਨ ਆਰਾ ਅਤੇ ਰੌਸ਼ਨ ਆਰਾ ਦਾ ਵੀ ਇਤਿਹਾਸ ਵਿਚ ਬਹੁਤ ਜ਼ਿਕਰ ਆਉਂਦਾ ਹੈ। ਦਾਰਾ ਸ਼ਿਕੋਹ ਅਤੇ ਜਹਾਨ ਆਰਾ ਦੋਵੇਂ ਹੀ ਸ਼ਾਹਜਹਾਂ ਦੇ ਸਭ ਤੋਂ ਵੱਧ ਲਾਡਲੇ ਸਨ। ਉਨਾਂ ਦੋਵਾਂ ਭੈਣ-ਭਰਾਵਾਂ ਦੀ ਆਪਸ ਵਿਚ ਵੀ ਬਹੁਤ ਬਣਦੀ ਸੀ। ਜਹਾਨ ਆਰਾ ਵੀ ਦਾਰਾ ਸ਼ਿਕੋਹ ਦਾ ਹੀ ਸਮਰਥਨ ਕਰਦੀ ਸੀ। ਭਾਵੇਂ ਕਿ ਸ਼ਾਹਜਹਾਂ ਦੀਆਂ, ਕੰਧਾਰੀ ਬੇਗ਼ਮ ਸਮੇਤ ਅੱਠ ਹੋਰ ਰਾਣੀਆਂ ਸਨ ਪਰ ਮੁਮਤਾਜ਼ ਦੀ ਮੌਤ ਤੋਂ ਬਾਅਦ 'ਪਾਦਸ਼ਾਹ ਬੇਗ਼ਮ' ਦਾ ਦਰਜਾ, ਕਿਸੇ ਰਾਣੀ ਨੂੰ ਦੇਣ ਦੀ ਥਾਂ ਉਸ ਦੀ ਬੇਟੀ ਜਹਾਨ ਆਰਾ ਨੂੰ ਹੀ ਦਿੱਤਾ ਗਿਆ। ਅਕਬਰ ਵੇਲੇ ਤੋਂ ਹੀ ਮੁਗ਼ਲ ਬਾਦਸ਼ਾਹਾਂ ਵਿਚ ਆਪਣੀਆਂ ਬੇਟੀਆਂ ਨੂੰ ਕੁਆਰੀਆਂ ਹੀ ਰੱਖਣ ਦਾ ਰਿਵਾਜ ਸੀ ਤਾਂ ਕਿ ਬਾਦਸ਼ਾਹ ਦੇ ਜਵਾਈ ਤਖ਼ਤ ਦੇ ਵਾਰਸ ਬਣਨ ਦੇ ਚੱਕਰ ਵਿਚ ਨਾ ਪੈਣ, ਕਿਉਂਕਿ ਪਹਿਲਾਂ ਹੀ ਬਾਦਸ਼ਾਹ ਦੇ ਪੁੱਤਰਾਂ ਵਿਚ ਤਖ਼ਤ ਵਾਸਤੇ ਖ਼ੂਨੀ ਜੰਗ ਆਮ ਹੀ ਗੱਲ ਸੀ।

ਦਾਰਾ ਸ਼ਿਕੋਹ ਨੂੰ ਸ਼ਾਹਜਹਾਂ ਆਪਣਾ ਅਸਲੀ ਵਾਰਸ ਸਮਝਦਾ ਸੀ ਅਤੇ ਔਰੰਗਜ਼ੇਬ ਨੂੰ ਤਾਂ ਇਸ ਮਾਮਲੇ ਵਿਚ ਬਿਲਕੁਲ ਵੀ ਪਸੰਦ ਨਹੀਂ ਸੀ ਕਰਦਾ। ਦਾਰਾ ਸੂਫ਼ੀ ਮੱਤ ਤੋਂ ਪ੍ਰਭਾਵਿਤ ਹੋਣ ਕਰਕੇ ਉਦਾਰ ਵਿਚਾਰਾਂ ਵਾਲਾ ਵਿਦਵਾਨ ਇਨਸਾਨ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਏਕੇ ਦਾ ਸਮਰਥਕ ਸੀ। ਉਹ ਹਿੰਦੂ ਗ੍ਰੰਥਾਂ ਵਿਚਲੇ ਫ਼ਲਸਫ਼ੇ ਵਿਚ ਬਹੁਤ ਰੁਚੀ ਰੱਖਦਾ ਸੀ। ਉਸ ਨੇ 1650 ਈਸਵੀ ਵਿਚ 'ਯੋਗ ਵਸ਼ਿਸ਼ਠ' ਅਤੇ 'ਭਗਵਦ ਗੀਤਾ' ਦਾ ਤਰਜਮਾ ਕੀਤਾ। 1656 ਈਸਵੀ ਵਿਚ ਉਸ ਨੇ 'ਮਜਮਾ-ਉਲ-ਬਹਿਰੀਨ' ਨਾਮਕ ਗ੍ਰੰਥ ਲਿਖਿਆ ਜਿਸ ਦਾ ਭਾਵ ਹੈ ਦੋ ਮਹਾਂਸਾਗਰਾਂ ਦਾ ਸੰਗਮ। ਇਸ ਵਿਚ ਉਸ ਨੇ ਸੂਫ਼ੀਵਾਦ ਅਤੇ ਹਿੰਦੂ ਧਰਮ ਨੂੰ ਦੋ ਮਹਾਂਸਾਗਰਾਂ ਵਜੋਂ ਵਡਿਆਇਆ। ਇਸ ਵਾਸਤੇ ਉਸ ਨੇ ਕਈ ਉਪਨਿਸ਼ਦਾਂ ਦਾ ਅਧਿਐਨ ਕੀਤਾ ਅਤੇ ਫਿਰ ਬਨਾਰਸ ਦੇ ਹਿੰਦੂ ਵਿਦਵਾਨਾਂ ਦੀ ਸਹਾਇਤਾ ਨਾਲ 1657 ਈਸਵੀ ਵਿਚ 50 ਉਪਨਿਸ਼ਦਾਂ ਦਾ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਅਨੁਵਾਦ ਕਰਵਾਇਆ। ਇਸ ਅਨੁਵਾਦਿਤ ਗ੍ਰੰਥ ਨੂੰ ਉਸ ਨੇ 'ਸਿਰਰ-ਏ-ਅਕਬਰ' (ਮਹਾਨ ਭੇਦ) ਦਾ ਨਾਂਅ ਦਿੱਤਾ। ਹਿੰਦੂ ਧਰਮ ਦੇ ਨਾਲ-ਨਾਲ ਉਹ ਸਿੱਖ ਧਰਮ ਨਾਲ ਵੀ ਪ੍ਰੇਮ ਰੱਖਦਾ ਸੀ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਸਾਹਿਬ ਨਾਲ ਵੀ ਉਸ ਦੇ ਬਹੁਤ ਮਧੁਰ ਸਬੰਧ ਸਨ।

ਦਾਰਾ ਸ਼ਿਕੋਹ ਜਿੰਨਾ ਵੱਡਾ ਵਿਦਵਾਨ ਸੀ, ਸ਼ਾਇਦ ਓਨਾ ਵੱਡਾ ਜਰਨੈਲ ਨਹੀਂ ਸੀ। ਇਸੇ ਲਈ ਤਖ਼ਤ ਪ੍ਰਾਪਤੀ ਦੀ ਲੜਾਈ ਵਿਚ ਉਹ ਔਰੰਗਜ਼ੇਬ ਵਰਗੇ ਚਤੁਰ ਜਰਨੈਲ ਤੋਂ ਮਾਰ ਖਾ ਗਿਆ। ਕੁਝ ਇਤਿਹਾਸਕਾਰਾਂ ਦਾ ਇਹ ਵੀ ਮੰਨਣਾ ਹੈ ਕਿ ਦਾਰਾ ਬਹੁਤ ਘੁਮੰਡੀ ਹੋਣ ਕਰਕੇ ਦੂਜਿਆਂ ਦੀਆਂ ਸਲਾਹਾਂ ਘੱਟ ਹੀ ਸੁਣਦਾ ਸੀ ਜਿਸ ਕਾਰਨ ਉਹ ਦੋਸਤ-ਰਹਿਤ ਹੋ ਗਿਆ। ਇਹ ਵੀ ਹੈਰਾਨੀਜਨਕ ਗੱਲ ਹੈ ਕਿ ਹਿੰਦੂ ਧਰਮ ਦੇ ਏਨਾ ਨੇੜੇ ਹੋਣ ਦੇ ਬਾਵਜੂਦ, ਸ਼ਾਇਦ ਹੀ ਕਿਸੇ ਰਾਜਪੂਤ ਰਾਜੇ ਨੇ ਔਰੰਗਜ਼ੇਬ ਦੇ ਖ਼ਿਲਾਫ਼ ਉਸ ਦੀ ਸਹਾਇਤਾ ਕੀਤੀ ਹੋਵੇ। 1657 ਈਸਵੀ ਵਿਚ ਜਦੋਂ ਸ਼ਾਹਜਹਾਂ ਦੇ ਬਿਮਾਰ ਹੋਣ ਦੀ ਅਫ਼ਵਾਹ ਫੈਲੀ ਤਾਂ ਉਸ ਦੇ ਚਾਰ ਪੁੱਤਰਾਂ ਦਾਰਾ ਸ਼ਿਕੋਹ, ਸ਼ਾਹ ਸੁਜ਼ਾ, ਔਰੰਗਜ਼ੇਬ ਅਤੇ ਮੁਰਾਦ ਵਿਚ ਰਾਜ-ਗੱਦੀ ਲਈ ਦੌੜ ਸ਼ੁਰੂ ਹੋ ਗਈ। ਬਾਦਸ਼ਾਹ ਨੇ ਆਪਣੇ ਵੱਲੋਂ ਦਾਰਾ ਸ਼ਿਕੋਹ ਨੂੰ ਨਾਇਬ ਮੁਕੱਰਰ ਕਰ ਦਿੱਤਾ। ਸ਼ਾਹ ਸੁਜ਼ਾ ਨੇ ਆਪਣੇ-ਆਪ ਨੂੰ ਬੰਗਾਲ ਅਤੇ ਮੁਰਾਦ ਨੇ ਆਪਣੇ-ਆਪ ਨੂੰ ਗੁਜਰਾਤ ਦਾ ਸ਼ਾਸਕ ਘੋਸ਼ਿਤ ਕਰ ਦਿੱਤਾ। ਦਾਰਾ ਸ਼ਿਕੋਹ ਨੇ ਸ਼ਾਹ ਸੁਜ਼ਾ ਨੂੰ ਤਾਂ ਹਰਾ ਦਿੱਤਾ ਪਰ ਔਰੰਗਜ਼ੇਬ ਅਤੇ ਮੁਰਾਦ ਦੀਆਂ ਸਾਂਝੀਆਂ ਫ਼ੌਜਾਂ ਤੋਂ ਧਰਮੱਤ ਵਿਚ ਹਾਰ ਗਿਆ। ਇਸ ਤੋਂ ਬਾਅਦ ਸਾਂਝੀਆਂ ਫ਼ੌਜਾਂ ਨੇ ਦਾਰੇ ਨੂੰ ਆਗਰਾ ਨੇੜੇ ਸਾਮੂਗੜ ਵਿਚ ਦੁਬਾਰਾ ਮਾਤ ਦੇ ਦਿੱਤੀ। ਦਾਰਾ ਸ਼ਿਕੋਹ ਆਪਣੇ ਪੁੱਤਰ ਸਿਫ਼ਰ ਸ਼ਿਕੋਹ ਸਮੇਤ ਦੌੜ ਕੇ ਸਿੰਧ ਦੇ ਅਫ਼ਗ਼ਾਨ ਸਰਦਾਰ ਮਲਿਕ ਜੀਵਨ ਦੀ ਸ਼ਰਨ ਵਿਚ ਪਹੁੰਚ ਗਿਆ ਜਿਸ ਨੇ ਉਨਾਂ ਦੀ ਸਹਾਇਤਾ ਕਰਨ ਦੀ ਥਾਂ ਉਨਾਂ ਦੋਵਾਂ ਨੂੰ ਔਰੰਗਜ਼ੇਬ ਦੇ ਹਵਾਲੇ ਕਰ ਦਿੱਤਾ। ਜਦੋਂ ਔਰੰਗਜ਼ੇਬ ਤਖ਼ਤ ਉੱਤੇ ਕਾਬਜ਼ ਹੋ ਗਿਆ ਤਾਂ ਉਸ ਨੇ ਸ਼ਾਹਜਹਾਂ ਨੂੰ ਆਗਰੇ ਦੇ ਕਿਲੇ ਵਿਚ ਮੁਸੰਮਨ ਬੁਰਜ ਵਿਚ ਕੈਦ ਕਰ ਦਿੱਤਾ ਜਿੱਥੇ ਉਹ ਆਪਣੀ ਮੌਤ (1666) ਤੱਕ ਕੈਦ ਰਿਹਾ। ਤਖ਼ਤਨਸ਼ੀਨੀ ਦੀ ਇਸ ਜੰਗ ਵਿਚ ਦੋਵਾਂ ਭੈਣਾਂ ਜਹਾਨ ਆਰਾ ਅਤੇ ਰੌਸ਼ਨ ਆਰਾ ਦਾ ਵੀ ਯੋਗਦਾਨ ਰਿਹਾ। ਜਹਾਨ ਆਰਾ ਨੇ ਦਾਰਾ ਸ਼ਿਕੋਹ ਦਾ ਸਮਰਥਨ ਕੀਤਾ ਅਤੇ ਰੌਸ਼ਨ ਆਰਾ ਔਰੰਗਜ਼ੇਬ ਦੇ ਹੱਕ ਵਿਚ ਡਟੀ ਰਹੀ। ਜਦੋਂ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦਾ ਸਿਰ ਵੱਢ ਕੇ ਆਪਣੇ ਪਿਤਾ ਸ਼ਾਹਜਹਾਂ ਨੂੰ ਭੇਜਿਆ ਤਾਂ ਮੰਨਿਆ ਜਾਂਦਾ ਹੈ ਕਿ ਉਹ ਸਿਰ ਲੈ ਕੇ ਰੌਸ਼ਨ ਆਰਾ ਹੀ ਗਈ। ਇਸੇ ਕਰਕੇ ਉਹ ਅਗਲੇ ਕਈ ਸਾਲ ਔਰੰਗਜ਼ੇਬ ਦੀ ਪੱਕੀ ਸਹਿਯੋਗੀ ਰਹੀ ਅਤੇ 'ਪਾਦਸ਼ਾਹ ਬੇਗ਼ਮ' ਦਾ ਖ਼ਿਤਾਬ ਵੀ, ਜਹਾਨ ਆਰਾ ਤੋਂ ਖੋਹ ਕੇ ਉਸੇ ਨੂੰ ਹੀ ਦੇ ਦਿੱਤਾ ਗਿਆ। ਪਰ ਜਦੋਂ ਉਸ ਦਾ ਲਾਲਚ ਵਧਦਾ ਹੀ ਗਿਆ ਅਤੇ ਉਹ ਔਰੰਗਜ਼ੇਬ ਦੇ ਕਹਿਣੇ ਤੋਂ ਬਾਹਰ ਹੁੰਦੀ ਗਈ ਤਾਂ ਉਸਦੀ ਤਾਕਤ ਘਟਦੀ ਗਈ।

ਭਾਵੇਂ ਕਿ ਇਤਿਹਾਸ ਵਿਚ 'ਜੇ ਕਿਤੇ ਇੰਜ ਹੋ ਜਾਂਦਾ' ਵਰਗੇ ਸਵਾਲ ਬੜੇ ਗ਼ੈਰ-ਵਾਜਬ ਜਿਹੇ ਹੀ ਲਗਦੇ ਹਨ ਫਿਰ ਵੀ ਮਨ ਵਿਚ ਵਿਚਾਰ ਉਪਜਦਾ ਹੈ ਕਿ ਜੇ ਕਿਤੇ ਰਾਜ-ਗੱਦੀ ਪ੍ਰਾਪਤੀ ਦੀ ਜੰਗ ਵਿਚ ਔਰੰਗਜ਼ੇਬ ਦੀ ਥਾਂ ਦਾਰਾ ਸ਼ਿਕੋਹ ਜਿੱਤ ਜਾਂਦਾ ਤਾਂ ਭਾਰਤ ਦਾ ਇਤਿਹਾਸ ਕਿਹੋ ਜਿਹਾ ਹੁੰਦਾ ? ਜਿਹੋ-ਜਿਹਾ ਉਸਦਾ ਸੁਭਾਅ ਸੀ, ਇਹ ਤਾਂ ਹੋ ਨਹੀਂ ਸੀ ਸਕਦਾ ਕਿ ਉਸਦੇ ਰਾਜ ਵਿਚ ਹਿੰਦੂਆਂ ਦੇ ਮੰਦਰ ਢਹਿੰਦੇ। ਜਿਹੋ-ਜਿਹਾ ਉਹ ਵਿਦਵਾਨ ਸੀ, ਕੀ ਉਹ ਭਾਰਤੀ ਇਤਿਹਾਸ ਦਾ ਦੂਜਾ ਅਕਬਰ ਸਾਬਤ ਨਾ ਹੁੰਦਾ ? ਨਾ ਤਾਂ ਮੁਗ਼ਲਾਂ ਦੀ ਮਰਾਠਿਆਂ ਨਾਲ ਅਤੇ ਨਾ ਹੀ ਸਿੱਖਾਂ ਨਾਲ ਦੁਸ਼ਮਣੀ ਪੈਂਦੀ। ਔਰੰਗਜ਼ੇਬ ਨੇ ਦੱਖਣ ਭਾਰਤ ਨੂੰ ਜਿੱਤਣ ਦੀ ਲਾਲਸਾ ਵਿਚ ਮੁਗ਼ਲ ਸਾਮਰਾਜ ਨੂੰ ਭਾਰੀ ਆਰਥਿਕ ਖੋਰਾ ਲਾਇਆ। ਇਸੇ ਕਾਰਨ ਅੱਗੇ ਜਾ ਕੇ ਉੱਤਰ ਭਾਰਤ ਉੱਤੇ ਵੀ ਅੰਗਰੇਜ਼ਾਂ ਦਾ ਕਬਜ਼ਾ ਬੜੇ ਹੀ ਆਰਾਮ ਨਾਲ ਹੋ ਗਿਆ। ਜੇਕਰ ਦਾਰਾ ਸਮਰਾਟ ਬਣਦਾ ਤਾਂ ਅਗਲੇ ਸਮਿਆਂ ਵਿਚ ਉੱਤਰ ਵਿਚ ਮੁਗ਼ਲ ਅਤੇ ਦੱਖਣ ਵਿਚ ਮਰਾਠੇ ਅਤੇ ਨਿਜ਼ਾਮ ਵੱਡੀਆਂ ਤਾਕਤਾਂ ਵਜੋਂ ਅੰਗਰੇਜ਼ਾਂ ਨਾਲ ਮੱਥਾ ਲਾਉਂਦੇ। ਫਿਰ ਕੀ ਅੰਗਰੇਜ਼ ਪੂਰੇ ਭਾਰਤ ਉੱਤੇ ਇੰਜ ਕਾਬਜ਼ ਕਰ ਸਕਦੇ ? ਸਵਾਲਾਂ ਦਾ ਸਵਾਲ ਤਾਂ ਇਹ ਵੀ ਹੈ ਕਿ ਜੇਕਰ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਇਤਿਹਾਸਕ ਕਰੂਰਤਾ ਆਈ ਹੀ ਨਾ ਹੁੰਦੀ ਤਾਂ ਕੀ ਅੰਗਰੇਜ਼ਾਂ ਦੀ ਫੁੱਟ ਪਾਊ ਨੀਤੀ ਕਾਮਯਾਬ ਹੁੰਦੀ ? ਜੇਕਰ ਧਾਰਮਿਕ ਵੰਡੀਆਂ ਇੰਜ ਪੈ ਹੀ ਨਾ ਸਕਦੀਆਂ ਤਾਂ ਕੀ 1947 ਵਰਗੀ ਦੇਸ਼ ਦੀ ਵੰਡ ਹੁੰਦੀ ? ਫਿਰ ਜੇਕਰ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦੀ ਥਾਂ ਅੱਜ ਇਕ ਹੀ ਦੇਸ਼ ਹੁੰਦਾ ਤਾਂ ਜੰਗਾਂ-ਯੁੱਧਾਂ, ਫ਼ਿਰਕਾਪ੍ਰਸਤੀ ਅਤੇ ਅੱਤਵਾਦ ਦਾ ਝੰਬਿਆ ਇਹ ਅੱਜ ਵਾਲਾ ਭਾਰਤ, ਦੁਨੀਆ ਦੀ ਮਹਾਂਸ਼ਕਤੀ ਕਿਉਂ ਨਾ ਹੁੰਦਾ ?

ਜੇਕਰ ਕਸ਼ਮੀਰੀ ਪੰਡਿਤਾਂ ਨੂੰ ਫ਼ਰਿਆਦੀ ਬਣ ਕੇ ਸ੍ਰੀ ਅਨੰਦਪੁਰ ਸਾਹਿਬ ਆਉਣਾ ਹੀ ਨਾ ਪੈਂਦਾ ਤਾਂ ਗੁਰੂ ਤੇਗ ਬਹਾਦਰ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਵੀ ਨਾ ਦੇਣਾ ਪੈਂਦਾ ਕਿਉਂਕਿ ਦਾਰਾ ਸ਼ਿਕੋਹ ਦਾ ਤਾਂ ਗੁਰੂ-ਘਰ ਨਾਲ ਬੜਾ ਪਿਆਰ ਸੀ। ਫਿਰ ਤਾਂ ਖ਼ਾਲਸਾ ਪੰਥ ਦੀ ਸਾਜਨਾ ਹੀ ਨਾ ਹੋਈ ਹੁੰਦੀ। ਫਿਰ ਅੱਜ ਦਾ ਸਿੱਖ ਧਰਮ ਕਿਹੋ ਜਿਹਾ ਹੁੰਦਾ ? ਜੇਕਰ ਸ੍ਰੀ ਅਨੰਦਪੁਰ ਸਾਹਿਬ ਨੂੰ ਮੁਗ਼ਲਾਂ ਦਾ ਘੇਰਾ ਹੀ ਨਾ ਪੈਂਦਾ ਤਾਂ ਚਮਕੌਰ ਦੀ ਜੰਗ ਵੀ ਕਿਉਂ ਹੁੰਦੀ ?

ਬਾਕੀ ਸਫ਼ਾ 30 'ਤੇ


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਓ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਸਾਹਿਬ

**- ਰਜਿੰਦਰ ਸਿੰਘ ਪੁਰੇਵਾਲ**

ਭਾਵੇਂ ਭਾਰਤ ਦਾ ਦਰਬਾਰੀ ਮੀਡੀਆ, ਭਾਜਪਾ ਆਈ ਟੀ ਸੈੱਲ ਅਤੇ ਭਾਜਪਾ ਆਗੂਆਂ ਨੇ ਕਿਸਾਨਾਂ ਦੀ ਟਰੈਕਟਰ ਰੈਲੀ ਨੂੰ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਤੇ ਕਿਸਾਨਾਂ ਨੂੰ ਦੇਸ ਧ੍ਰੋਹੀ ਵਜੋਂ ਪੇਸ ਕਰਨ ਦੀਆਂ ਸਾਰੀਆਂ ਚਾਲਾਂ ਖੇਡਣ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਦੇਸ ਦੇ ਲੋਕਾਂ ਅਤੇ ਵਿਸਵ ਨੇ ਦੇਖਿਆ ਹੈ ਕਿ ਭਾਰਤ ਦੇ ਕਿਸਾਨ ਸ਼ਾਂਤਮਈ ਢੰਗ ਨਾਲ ਕਾਲੇ ਖੇਤੀ ਕਨੂੰਨਾਂ ਵਿਰੁਧ ਸਰਕਾਰ ਦੀ ਤਾਨਾਸ਼ਾਹੀ ਵਿਰੁੱਧ ਦਿੱਲੀ ਵਿੱਚ ਇੱਕ ਟਰੈਕਟਰ ਰੈਲੀ ਕੱਢਕੇ ਮੋਦੀ ਸਰਕਾਰ ਉੱਤੇ ਇੱਕ ਨੈਤਿਕ ਜਿੱਤ ਦਰਜ ਕੀਤੀ ਹੈ। ਇਸ ਰੈਲੀ ਦੌਰਾਨ ਕਿਸਾਨ ਸ਼ਾਂਤ ਰਹੇ । ਕੋਈ ਸਰਕਾਰੀ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਾਇਆ । ਸ਼ੋਸ਼ਲ ਮੀਡੀਆ ਉਪਰ ਪੁਲੀਸ ਕਿਸਾਨਾਂ ਨੂੰ ਹੰਝੂ ਗੈਸ ਤੇ ਲਾਠੀਚਾਰਜ ਨਾਲ ਰੋਕਦੀ ਨਜ਼ਰ ਆਈ । ਕਿਸਾਨਾਂ ਦੇ ਵਾਹਨ ਪੁਲੀਸ ਵਲੋਂ ਭੰਨੇ। ਪ੍ਰਤੀਕਰਮ ਵਜੋਂ ਪੁਲੀਸ ਵਿਰੁਧ ਲੋਕ ਹਿੰਸਾ ਹੋਈ। ਜੇਕਰ ਕਿਸਾਨਾਂ ਨੂੰ ਸ਼ਾਂਤੀ ਨਾਲ ਜਾਣ ਦਿਤਾ ਜਾਂਦਾ ਤਾਂ ਇਹ ਹਿੰਸਾ ਨਹੀਂ ਹੋਣੀ ਸੀ।

ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਮੰਗਲਵਾਰ ਨੂੰ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ਦੇ ਮੈਦਾਨ ਵਿੱਚ ਦਾਖਲ ਹੋ ਗਏ ਅਤੇ ਰਾਜਧਾਨੀ ਦੇ ਆਸਪਾਸ ਪੁਲਿਸ ਦੀਆਂ ਰੁਕਾਵਟਾਂ ਤੋੜ ਕੇ ਗਏ। ਇਥੇ ਦਿੱਲੀ ਵਿੱਚ ਦਾਖਲ ਹੋਏ ਕਿਸਾਨ ਸਾਰੀਆਂ ਰੋਕਾਂ ਤੋੜ ਕੇ ਲਾਲ ਕਿਲ੍ਹੇ ਵਿੱਚ ਪੁੱਜ ਗਏ ਹਨ ਤੇ ਉਨ੍ਹਾਂ ਨੇ ਉਥੇ ਆਪਣਾ ਕੇਸਰੀ ਨਿਸ਼ਾਨ ਤੇ ਝੰਡਾ ਲਹਿਰਾ ਦਿੱਤਾ। ਪੁਲੀਸ ਨੇ ਡੇਢ ਘੰਟੇ ਦੀ ਜੱਦੋਜਹਿਦ ਬਾਅਦ ਕਿਸਾਨਾਂ ਨੂੰ ਲਾਲ ਕਿਲ੍ਹੇ ਵਿੱਚੋਂ ਹਟਾ ਦਿੱਤਾ। ਇਸ ਲਈ ਉਸ ਨੇ ਲਾਠੀਚਾਰਜ ਵੀ ਕੀਤਾ ਤੇ ਗੋਲੀਆਂ ਚਲਾਉਣ ਦੀ ਖਬਰ ਵੀ ਸਾਹਮਣੇ ਆਈ। ਕਈ ਕਿਸਾਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ।ਇਸ ਬਾਰੇ ਕਿਸਾਨਾਂ ਤੇ ਦਿਲੀ ਦੀਆ ਸੰਗਤਾਂ ਵਲੋਂ ਧਰਨਾ ਵੀ ਲਗਾਇਆ ਕਿ ਸਾਡੇ ਗੁੰਮ ਹੋਏ ਕਿਸਾਨ ਦਸੋ। ਇਸ ਤੋਂ ਪਹਿਲਾਂ ਉਨ੍ਹਾਂ ਦੀ ਆਈਟੀਓ ਵਿੱਚ ਪੁਲੀਸ ਨਾਲ ਝੜਪ ਹੋਈ। ਆਈਟੀਓ ਵਿੱਚ ਟਰੈਕਟਰ ਪਲਟਣ ਕਾਰਨ ਕਿਸਾਨ ਦੀ ਮੌਤ ਹੋ ਗਈ। ਉਹ ਉੱਤਰਾਖੰਡ ਦੇ ਰਾਮਪੁਰ ਦੀ ਬਿਲਾਸਪੁਰ ਤਹਿਸੀਲ ਦੇ ਪਿੰਡ ਡਿਬਡਿਬੇ ਦਾ ਵਾਸੀ ਸੀ।ਇਸ ਤੋਂ ਪਹਿਲਾਂ ਮਕਰਬਾ ਚੌਕ ਤੱਕ ਪੁੱਜੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲੀਸ ਨੇ ਕਿਸਾਨਾਂ ’ਤੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਬਰਸਾਏ। ਇਸ ਕਾਰਨ ਉਥੇ ਹਾਲਾਤ ਤਣਾਅਪੂਰਨ ਹੋ ਗਏ ਹਨ। ਇਸ ਹਿੰਸਾ ਵਿੱਚ ਦਰਜਨਾਂ ਲੋਕ ਜਖਮੀ ਹੋ ਗਏ ਤੇ ਪੁਲੀਸ ਜਵਾਨਾਂ ਨੂੰ ਵੀ ਸੱਟਾਂ ਲੱਗੀਆਂ ਹਨ। ਦਿੱਲੀ ਪੁਲੀਸ ਨੇ ਰਾਸ਼ਟਰੀ ਰਾਜਧਾਨੀ ਵਿਚ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਦੇ ਮਾਮਲੇ ਵਿਚ ਹੁਣ ਤੱਕ 22 ਕੇਸ ਦਰਜ ਕੀਤੇ ਹਨ। ਇਨ੍ਹਾਂ ਵਿੱਚ ਕਈ ਕਿਸਾਨ ਨੇਤਾਵਾਂ ਦੇ ਨਾਮ ਵੀ ਹਨ। ਮੀਡੀਆ ਮੁਤਾਬਕ ਹੁਣ ਤੱਕ 200 ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ



ਲਿਆ ਗਿਆ ਹੈ । ਬੁੱਧਵਾਰ ਨੂੰ ਇਹ ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਵਿੱਚ 300 ਤੋਂ ਵੱਧ ਪੁਲੀਸ ਮੁਲਾਜਮ ਜਖਮੀ ਹੋਏ ਹਨ। ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਨੂੰ ਹਿੰਸਾ ਵਿੱਚ ਸਾਮਲ ਕਿਸਾਨਾਂ ਦੀ ਪਛਾਣ ਕਰਨ ਲਈ ਕਈ ਸੀਸੀਟੀਵੀ ਫੁਟੇਜ ਅਤੇ ਵੱਖ ਵੱਖ ਵੀਡੀਓਜ ਨੂੰ ਘੋਖਿਆ ਜਾ ਰਿਹਾ ਹੈ ਅਤੇ ਦੋਸੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਰਾਜਧਾਨੀ ਵਿੱਚ ਕਈ ਸਥਾਨਾਂ ’ਤੇ ਸੁਰੱਖਿਆ ਮਜਬੂਤ ਕਰ ਦਿੱਤੀ ਗਈ ਹੈ। ਲਾਲਾ ਕਿਲ੍ਹੇ ਤੇ ਕਿਸਾਨਾਂ ਦੇ ਪ੍ਰਦਰਸਨ ਵਾਲੀਆਂ ਥਾਵਾਂ ’ਤੇ ਨੀਮ ਫੌਜੀ ਦਸਤੇ ਤਾਇਨਾਤ ਕਰ ਦਿੱਤੇ ਗਏ ਹਨ। ਪੁਲਿਸ ਨੇ ਸੈਂਕੜੇ ਕਿਸਾਨਾਂ ਦੀ ਭੀੜ ਨੂੰ ਖਿੰਡਾਉਣ ਦੀ ਕੋਸ਼ਿਸ਼ ਕਰਨ ਲਈ ਪ੍ਰਦਰਸਨਕਾਰੀਆਂ ‘ਤੇ ਲਾਠੀਆਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਗ੍ਰਹਿ ਮੰਤਰੀ ਅਮਿਤ ਸਾਹ ਨੇ ਦਿੱਲੀ ਪੁਲਿਸ ਨਾਲ ਵਿਰੋਧ ਪ੍ਰਦਰਸਨ ਨੂੰ ਕੰਟਰੋਲ ਕਰਨ ਦੇ ਲਈ ਵਿਚਾਰ ਵਟਾਂਦਰੇ ਕੀਤੇ।ਲਾਲ ਕਿਲ੍ਹੇ ਦੀ ਮੋਰਚੇ ‘ਤੇ ਖੜ੍ਹੇ ਪੰਜਾਬ ਦੇ ਇੱਕ ਕਿਸਾਨ ਆਗੂ ਦੀਪ ਸਿਧੂ ਨੇ ਕਿਹਾ,‘ ਅਸੀਂ ਪਿਛਲੇ ਛੇ ਮਹੀਨਿਆਂ ਤੋਂ ਵਿਰੋਧ ਪ੍ਰਦਰਸਨ ਕਰ ਰਹੇ ਹਾਂ ਪਰ ਸਰਕਾਰ ਨੇ ਸਾਡੀ ਨਹੀਂ ਸੁਣੀ। ਸਾਡੇ ਪੁਰਖਿਆਂ ਨੇ ਇਤਿਹਾਸ ਵਿਚ ਇਸ ਕਿਲ੍ਹੇ ਨੂੰ ਕਈ ਵਾਰ ਜਿੱਤਿਆ ਹੈ। ਇਹ ਸਰਕਾਰ ਨੂੰ ਸੰਦੇਸ ਸੀ ਕਿ ਜੇ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਅਸੀਂ ਦੁਬਾਰਾ ਇਹ ਕਰ ਸਕਦੇ ਹਾਂ।ਸਰਕਾਰ ਦੇ ਰਵੱਈਏ ਤੋਂ ਨਾਰਾਜ ਹੋਏ ਕਿਸਾਨਾਂ ਨੇ ਲਾਲ ਕਿਲ੍ਹੇ ‘ਤੇ ਝੰਡਾ ਲਹਿਰਾਉਂਦਿਆਂ ਸਰਕਾਰ ਨੂੰ ਚੁਣੌਤੀ ਦੇਣ ਦਾ ਫੈਸਲਾ ਲਿਆ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਨਵੇਂ ਕਾਨੂੰਨ ਉਨ੍ਹਾਂ ਦੀ ਰੋਜੀ-ਰੋਟੀ ਨੂੰ ਖਤਮ ਕਰ ਦੇਣਗੇ ਤੇ ਉਨ੍ਹਾਂ ਦੀ ਜਮੀਨ ਕਾਰਪੋਰੇਟ ਦੇ ਕਬਜੇ ਵਿਚ ਆਵੇਗੀ। ਮੋਦੀ ਸਰਕਾਰ ਕਿੰਨੀ ਸਕਤੀ ਦੀ ਵਰਤੋਂ ਕਰੇ, ਕਿਸਾਨ ਪਿੱਛੇ ਨਹੀਂ ਹਟਣਗੇ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ, “ਮੈਂ ਆਪਣੇ ਪਰਿਵਾਰ ਅਤੇ ਆਪਣੇ ਪਿੰਡ ਨਾਲ ਵਾਅਦਾ ਕੀਤਾ ਹੈ ਕਿ ਜਦੋਂ ਤੱਕ ਕਾਨੂੰਨ ਰੱਦ ਨਹੀਂ ਹੁੰਦਾ ਮੈਂ ਘਰ ਵਾਪਸ ਨਹੀਂ ਆਵਾਂਗਾ।“ ਦਰਬਾਰੀ ਮੀਡੀਆ ਜੋ ਕਿ ਨੋਟਬੰਦੀ, ਜੀ ਐੱਸ ਟੀ ਅਤੇ ਲੌਕਡਾਊਨ ਦੇ ਫਾਇਦੇ ਗਿਣ ਰਿਹਾ ਸੀ, ਹੁਣ ਭਾਰਤ ਦੀ 40% ਤੋਂ ਵੱਧ ਆਬਾਦੀ ਨੂੰ ਕਿਸਾਨੀ ਕਾਨੂੰਨਾਂ ਦੇ ਲਾਭ ਦੱਸਣ ਵਿਚ ਰੁੱਝਿਆ ਹੋਇਆ ਹੈ, ਪਰ ਇਸਨੇ ਕਿਸਾਨਾਂ ਦੇ ਹਾਲਾਤ ਕਦੇ ਨਹੀਂ ਦਸੇ ਕਿ ਕਿਸਾਨ ਅਕਸਰ ਆਪਣੀਆਂ ਫਸਲਾਂ ਨੂੰ ਲਾਗਤ ਨਾਲੋਂ ਘੱਟ ਕਿਉਂ ਵੇਚਦੇ ਹਨ ,ਕਰਜ਼ਾਈ ਕਿਉਂ ਹਨ ਤੇ ਆਤਮ ਹਤਿਆ ਕਿਉਂ ਕਰਦੇ ਹਨ ।ਆਸਟਰੇਲੀਆ ਦੇ ਸਿਡਨੀ ਮੋਰਨਿੰਗ ਹੈਰਾਲਡ ਵਿੱਚ ਛਪੀ ਇੱਕ ਖਬਰ ਵਿੱਚ ਕਿਹਾ ਗਿਆ ਹੈ ਕਿ ਹਜਾਰਾਂ ਕਿਸਾਨ ਉਸ ਸਮੇਂ ਇਤਿਹਾਸਿਕ ਲਾਲ ਕਿਲ੍ਹੇ ’ਤੇ ਜਾ ਪਹੁੰਚੇ ਜਿੱਥੋਂ ਫਸੀਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਲ ਵਿੱਚ ਇੱਕ ਵਾਰ ਦੇਸ ਨੂੰ ਸੰਬੋਧਿਤ ਕਰਦੇ ਹਨ।ਖਬਰ ਵਿੱਚ ਪੰਜਾਬ ਦੇ 55 ਸਾਲਾ ਕਿਸਾਨ ਸੁਖਦੇਵ ਸਿੰਘ ਦੇ ਹਵਾਲੇ ਤੋਂ ਕਿਹਾ ਗਿਆ ਹੈ, “ਮੋਦੀ ਹੁਣ ਸਾਨੂੰ ਸੁਣਨਗੇ, ਉਨ੍ਹਾਂ ਨੂੰ ਹੁਣ ਸਾਨੂੰ ਸੁਣਨਾ ਹੋਵੇਗਾ।“ਅਖਬਾਰ ਨੇ ਦਿੱਲੀ ਦੇ ਇੱਕ ਥਿੰਕ ਟੈਂਕ ਆਬਜਰਵਰ ਰਿਸਰਚ ਫਾਉਂਡੇਸਨ ਦੇ ਮਾਹਰ ਅੰਬਰ ਕੁਮਾਰ ਘੋਸ ਦੇ ਹਵਾਲੇ ਨਾਲ ਲਿਖਿਆ ਹੈ, “ਕਿਸਾਨ ਜਥੇਬੰਦੀਆਂ ਦੀ ਪਕੜ ਬਹੁਤ ਮਜਬੂਤ ਹੈ। ਉਨ੍ਹਾਂ ਕੋਲ ਲੋਕ ਸਮਰਥਕਾਂ ਨੂੰ ਗਤੀਸੀਲ ਕਰਨ ਲਈ ਸਾਧਨ ਹਨ ਉਹ ਲੰਬੇ ਸਮੇਂ ਤੱਕ ਵਿਰੋਧ ਪ੍ਰਦਰਸਨ ਕਰ ਸਕਦੇ ਹਨ। ਕਿਸਾਨ ਸੰਗਠਨ ਆਪਣੇ ਵਿਰੋਧ ਨੂੰ ਕੇਂਦਰਿਤ ਰੱਖਣ ਵਿੱਚ ਕਾਫੀ ਸਫਲ ਰਹੇ ਹਨ।“

ਖਬਰ ਦੇ ਮੁਤਾਬਿਕ, ਭਾਰਤ ਦੀ 1.3 ਅਰਬ ਆਬਾਦੀ ਵਿੱਚੋਂ ਤਕਰੀਬਨ ਅੱਧੀ ਆਬਾਦੀ ਖੇਤੀ ’ਤੇ ਨਿਰਭਰ ਹੈ ਅਤੇ ਇੱਕ ਅੰਦਾਜੇ ਮੁਤਾਬਿਕ ਕਰੀਬ 15 ਕਰੋੜ ਕਿਸਾਨ ਇਸ ਸਮੇਂ ਸਰਕਾਰ ਲਈ ਸਿਰਦਰਦ ਬਣੇ ਹੋਏ ਹਨ।

ਅਸਲ ਇਹ ਮਸਲਾ ਸਮਝਣਾ ਹੋਵੇ ਤਾਂ ਇਸ ਦੁਖਾਂਤ ਦਾ ਜਿੰਮੇਵਾਰ ਕਾਰਪੋਰੇਟ ਤੇ ਸਟੇਟ ਹੈ ਜਿਸ ਵਿਚ ਲੋਕ ਹਿਤ ਗਾਇਬ ਹਨ।

‘ਅਮਰੀਕੀ ਜੱਜ ਲੁਈਸ ਬਰੈਂਡੀਅਸ ਨੇ ਕਿਹਾ ਸੀ, ‘ਕੀ ਅਸੀਂ ਜਮੂਹਰੀਅਤ ਵਾਲੇ ਅਜਿਹੇ ਸਮਾਜ ਵਿਚ ਰਹਿ ਸਕਦੇ ਹਾਂ, ਜਾਂ ਉਸ ਨੂੰ ਜਮੂਹਰੀਅਤ ਵਾਲਾ ਸਮਾਜ ਕਹਿ ਸਕਦੇ ਹਾਂ ਜਦੋਂ ਧਨ ਦੌਲਤ ਕੁਝ ਹੱਥਾਂ ਤੱਕ ਸੀਮਤ ਹੋ ਜਾਵੇ। ਇਹ ਦੋਵੇਂ ਕਦੀ ਵੀ ਇਕੱਠੀਆਂ ਨਹੀਂ ਚੱਲ ਸਕਦੀਆਂ’। ਗੈਰ-ਬਰਾਬਰੀ ਦੇਸ਼ ਦੇ ਹਰ ਕੋਨੇ ਵਿਚ ਫੈਲ ਚੁੱਕੀ ਹੈ; ਦੂਸਰੇ ਪਾਸੇ ਦੇਸ਼ ਦੀ ਰਾਜਨੀਤੀ, ਨੀਤੀਆਂ ਅਤੇ ਵੱਡੇ ਘਰਾਣਿਆਂ ਦੇ ਹਿੱਤਾਂ ਲਈ ਸ਼ਬਦੀ ਅਤੇ ਵਿਚਾਰਕ ਪੱਧਰ ਤੇ ਹਕੂਮਤੀ ਹਿੰਸਾ ਫੈਲਾਈ ਜਾ ਰਹੀ ਹੈ।

ਇਸ ਪ੍ਰਸੰਗ ਵਿਚ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਸਾਂਤਮਈ ਕਿਸਾਨ ਅੰਦੋਲਨ ਦੌਰਾਨ 100 ਤੋਂ ਵੱਧ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ ਪਰ ਸਰਕਾਰ ਨੇ ਪਿਛਲਮੋੜੇ ਦੀ ਥਾਂ ਅੰਦੋਲਨ ਖਿਲਾਫ ਅਦਾਲਤੀ ਢੰਗ ਤਰੀਕਿਆਂ ਤੋਂ ਲੈ ਕੇ ਹਰ ਤਾਕਤ ਝੋਕ ਦਿੱਤੀ ਹੈ। ਅੱਜ ਇਹ ਇਤਿਹਾਸਕ ਸੰਘਰਸ਼ ਪੀੜਾਂ ਭਰੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਸਮੇਂ ਸਮਾਜ ਦੇ ਚੇਤੰਨ ਹਿੱਸਿਆਂ ਅਤੇ ਸਮਾਜਿਕ ਕਾਰਕੁਨਾਂ ਤੋਂ ਦ੍ਰਿੜਤਾ ਨਾਲ ਆਵਾਜ਼ ਉਠਾਉਣ ਅਤੇ ਨਾਲ ਖੜ੍ਹਨ ਦੀ ਲੋੜ ਹੈ।ਮੋਦੀ ਸਰਕਾਰ ਦੀ ਜਿੰਮੇਵਾਰੀ ਹੈ ਕਿ ਇਸ ਮਸਲੇ ਦਾ ਜਲਦ ਹਲ ਕਰੇ।

# ਅੰਮ੍ਰਿਤਸਰ ਵਿਕਾਸ ਮੰਚ ਨੇ ਅੰਮ੍ਰਿਤਸਰ ਹਵਾਈ ਅੱਡੇ ਤੱਕ ਬੁਲੇਟ ਟ੍ਰੇਨ ਦੀ ਕੀਤੀ ਮੰਗ

## ਮੰਚ ਨੇ ਰੇਲਵੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਪੱਤਰ ਲਿਖਿਆ : ਯੋਗੇਸ ਕਾਮਰਾ

**ਨਿਊਯਾਰਕ (ਰਾਜ ਗੋਗਨਾ) :** ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਨੇ ਭਾਰਤ ਸਰਕਾਰ ਦੇ ਰੇਲ ਮੰਤਰਾਲੇ ਨੂੰ 465 ਕਿਲੋਮੀਟਰ ਲੰਬੇ ਦਿੱਲੀ-ਅੰਮ੍ਰਿਤਸਰ ਵਾਇਆ ਚੰਡੀਗੜ੍ਹ ਬੁਲੇਟ ਟ੍ਰੇਨ ਦੇ ਪ੍ਰਸਤਾਵਿਤ ਗਲਿਆਰੇ ਦੇ ਨਾਲ, ਓਵਰਹੈੱਡ ਅਤੇ ਜਮੀਨ ਹੇਠਲੇ ਸਹੂਲਤਾਂ ਦੇ ਨਾਲ ਪਾਵਰ ਸਰੋਤ ਵਿਕਲਪਾਂ ਅਤੇ ਸਬ-ਸਟੇਸ਼ਨਾਂ ਦੀ ਪਛਾਣ ਕਰਨ ਲਈ ਸਰਵੇਖਣ ਵਿੱਚ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਨੂੰ ਵੀ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਨੈਸ਼ਨਲ ਹਾਈ-ਸਪੀਡ ਰੇਲ ਕਾਰਪੋਰੇਸ਼ਨ ਲਿਮੀਟਿਡ (ਐਨ.ਐਚ.ਐਸ.ਆਰ.ਸੀ.ਐਲ.) ਨੇ ਅਲਾਈਨਮੈਂਟ ਬਨਾਉਣ ਲਈ ਆਰਵੀ-ਜੀਐਸਐਲ ਐਸੋਸੀਏਟਸ ਕੰਪਨੀ ਨੂੰ ਚੁਣਿਆ ਹੈ, ਜਿਸ ਵਿੱਚ ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਅਲਾਈਨਮੈਂਟ ਵਾਸਤੇ ਪੂਰੀ ਪ੍ਰੋਜੈਕਟ ਰਿਪੋਰਟ (ਡੀ.ਪੀ.ਆਰ) ਹਵਾਈ ਸਰਵੇਖਣ ਨਾਲ ਤਿਆਰ ਕਰਨਾ ਵੀ ਸ਼ਾਮਲ ਹੈ। ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਪ੍ਰੈਸ ਨੂੰ ਜਾਰੀ ਬਿਆਨ ਵਿਚ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਮੰਚ ਨੇ ਰੇਲ ਮੰਤਰੀ ਪੀਯੂਸ਼ ਗੋਇਲ ਅਤੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਲਿਖੇ ਇੱਕ ਪੱਤਰ ਵਿੱਚ ਅੰਮ੍ਰਿਤਸਰ ਸ਼ਹਿਰ ਨੂੰ ਦਿੱਲੀ ਨਾਲ ਜੋੜਨ ਵਾਲੇ ਤੇਜ਼ ਰੇਲ ਅਤੇ ਸੜਕੀ ਨੈਟਵਰਕ ਦੀ ਤਜਵੀਜ਼ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ ਹੈ। ਉਨਾਂ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡੇ ਨੂੰ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇਅ



ਨਾਲ ਜੋੜਨ ਦੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ) ਦੇ ਫ਼ੈਸਲੇ ਤੋਂ ਬਾਅਦ, ਜੇ ਇਹ ਹਾਈ ਸਪੀਡ ‘ਬੁਲੇਟ ਟ੍ਰੇਨ’ ਅੰਮ੍ਰਿਤਸਰ ਹਵਾਈ ਅੱਡੇ ਵਿਖੇ ਖ਼ਤਮ ਕੀਤੀ ਜਾਂਦੀ ਹੈ, ਤਾਂ ਇਹ ਇਕ ਬਹੁਤ ਵਧੀਆ ਇੰਟਰਮੋਡਲ ਪੁਆਇੰਟ ਬਣ ਜਾਵੇਗਾ ਜਿੱਥੇ ਹਵਾਈ-ਸੜਕ-ਰੇਲ ਨਾਲ ਸਫ਼ਰ, ਬਿਨਾਂ ਕਿਸੇ ਰੁਕਾਵਟ ਦੇ ਹੋ ਸਕਦੇ ਹਨ। ਕਾਮਰਾ, ਜੋ ਕਿ ਅੰਮ੍ਰਿਤਸਰ ਹਵਾਈ ਅੱਡੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਹਨ ਨੇ ਕਿਹਾ ਕਿ ਦੁਨੀਆ ਦੇ 120 ਤੋਂ ਵੱਧ ਹਵਾਈ ਅੱਡਿਆਂ ‘ਤੇ ਪਹਿਲਾਂ ਹੀ ਰੇਲ ਸੰਪਰਕ ਹੈ ਅਤੇ ਭਵਿੱਖ ਵਿਚ 300 ਹਵਾਈ ਅੱਡੇ ਇਹੋ ਜਿਹੇ ਬਣ ਰਹੇ ਹਨ। ਉਹਨਾਂ ਨੇ ਪੱਤਰ ਵਿੱਚ ਬੁਲੇਟ ਟ੍ਰੇਨ ਪ੍ਰਾਜੈਕਟ ਦੇ ਹਵਾਈ ਅੱਡੇ ਤੀਕ ਬਣਾਉਣ ਦੇ ਬਹੁਤ ਸਾਰੇ ਲਾਭ ਸੰਬੰਧੀ ਜਾਣਕਾਰੀ ਸਾਂਝੀ ਕੀਤੀ।

ਯਾਤਰਾ ਵਿੱਚ ਆਸਾਨੀ, ਸਮੇਂ ਦੀ ਬਚਤ ਅਤੇ ਪ੍ਰਦੂਸ਼ਣ ਵਿੱਚ ਕਮੀ ਇਸ ਪ੍ਰੋਜੈਕਟ ਦੇ ਨਾਲ ਪੰਜਾਬ ਦੇ ਸਾਰੇ ਮੁੱਖ ਸ਼ਹਿਰ (ਮੁਹਾਲੀ, ਲੁਧਿਆਣਾ, ਜਲੰਧਰ), ਚੰਡੀਗੜ੍ਹ ਇਕ ਸੁਰੱਖਿਅਤ, ਤੇਜ਼, ਤੇ ਕਿਸੇ ਵੀ ਮੌਸਮ ਵਿੱਚ ਸਫ਼ਰ ਕਰਨ ਵਿੱਚ ਹਵਾਈ ਅੱਡੇ ਨਾਲ ਹਵਾਈ-ਸੜਕ-ਤੇਜ਼ ਰਫ਼ਤਾਰ/ਬੁਲੇਟ ਟ੍ਰੇਨ ਨਾਲ ਜੁੜ ਜਾਣਗੇ। ਇਸ ਨਾਲ ਟ੍ਰੈਫਿਕ ਵੀ ਘਟੇਗੀ ਕਿਉਂਕਿ ਇਹ ਸੰਪਰਕ ਸ਼ਹਿਰ ਅਤੇ ਸੂਬੇ ਦੇ ਸਾਰੇ ਹਿੱਸਿਆਂ ਵਿਚ ਅਸਾਨੀ ਨਾਲ ਪਹੁੰਚ ਪ੍ਰਦਾਨ ਕਰੇਗਾ। ਏਅਰਲਾਈਨਾਂ ਵੀ ਰੇਲ ਵਿਭਾਗ ਤੇ ਹੋਰਨਾਂ ਹਿੱਸੇਦਾਰਾਂ ਦੇ ਨਾਲ ਸਮਝੌਤਾ ਕਰਕੇ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਤੋਂ ਹੀ ਆਉਣ ਜਾਣ ਵਾਲੇ ਯਾਤਰੀਆਂ ਦੀ ਜਾਂਚ, ਹਵਾਈ ਅੱਡੇ ਤੋਂ ਸਮਾਨ ਦੀ ਤਬਦੀਲੀ ਆਦਿ ਦੀ ਸਹੂਲਤ ਵੀ ਦੇ ਸਕਦੇ ਹਨ। ਵਾਹਨਾਂ ਦੀ ਆਵਾਜਾਈ ਵਿਚ ਕਮੀ ਨਾਲ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਵੀ ਸਹਾਇਤਾ ਹੋਵੇਗੀ। ਹਵਾਈ ਅਤੇ ਤੇਜ ਰਫ਼ਤਾਰ ਰੇਲ ਕੁਨੈਕਟੀਵਿਟੀ ਨਾਲ ਵਧੇਗੀ ਕਾਰਗੋ ਸਮਰੱਥਾ

ਅੰਮ੍ਰਿਤਸਰ ਹਵਾਈ ਅੱਡੇ ਤੋਂ ਕੇਂਦਰੀ ਏਸ਼ੀਆਈ ਅਤੇ ਖਾੜੀ ਦੇਸ਼ਾਂ ਨਾਲ ਯਾਤਰੀਆਂ ਲਈ ਸਭ ਤੋਂ ਨੇੜਲੇ ਹਵਾਈ ਸੰਪਰਕ ਹਨ ਜਿਸ ਵਿਚ ਤੁਰਕਮੇਨਸਤਾਨ, ਉਜ਼ਬੇਕਿਸਤਾਨ, ਯੂਏਈ ਦੇ ਦੁਬਈ, ਸ਼ਾਰਜਾਹ ਅਤੇ ਅਬੂ ਧਾਬੀ, ਕਤਰ ਲਈ ਸਫ਼ਰ ਸਿਰਫ਼ ਤਿੰਨ ਘੰਟਿਆਂ ਵਿੱਚ ਪੂਰਾ ਹੁੰਦਾ ਹੈ। ਇਸ ਹਵਾਈ ਅਤੇ ਤੇਜ ਰਫ਼ਤਾਰ ਰੇਲ ਸੰਪਰਕ ਨਾਲ ਯਾਤਰੀ ਅਤੇ ਕਾਰਗੋ ਉਡਾਣਾਂ ਤੇ ਕਾਰਗੋ/ ਮੈਡੀਕਲ ਦਵਾਈਆਂ/ਟੀਕੇ/ ਮਨੁੱਖੀ ਟਰਾਂਸਪਲਾਂਟੇਸ਼ਨ ਅੰਗਾਂ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਵਿਦੇਸ਼ਾਂ ਨੂੰ ਭੇਜਣ ਅਤੇ ਨਿਰਯਾਤ ਕਰਨ ਵਿਚ ਵੀ ਬਹੁਤ ਵੱਡੀ ਸਹੂਲਤ ਹੋਵੇਗੀ। ਕਿਸਾਨਾਂ ਨੂੰ ਵੀ ਫਲ, ਸਬਜ਼ੀਆਂ ਆਦਿ ਵਿਦੇਸ਼ ਭੇਜਣ ਵਿਚ ਮਦਦ ਮਿਲੇਗੀ। ਸੈਰ ਸਪਾਟਾ, ਹਵਾਈ ਯਾਤਰੀਆਂ ਤੇ ਉਡਾਣਾਂ ਦੀ ਆਵਾਜਾਈ ਵਿੱਚ ਵਾਧਾ ਅੰਮ੍ਰਿਤਸਰ ਦੇ ਧਾਰਮਿਕ, ਇਤਿਹਾਸਕ, ਸਭਿਆਚਾਰਕ ਅਤੇ ਵਪਾਰਕ ਸ਼ਹਿਰ ਹੋਣ ਦੇ ਨਾਲ ਇੱਥੋਂ ਸੈਰ ਸਪਾਟਾ ਉਦਯੋਗ ਲਈ ਬਹੁਤ ਵੱਡੀ ਸਮਰੱਥਾ ਹੈ। ਹਰਿਮੰਦਰ ਸਾਹਿਬ, ਜੱਲਿਆਂਵਾਲਾ ਬਾਗ, ਦੁਰਗਿਆਨਾ ਮੰਦਰ, ਵਾਹਗਾ ਸਰਹੱਦ ’ਤੇ ਰੀਟਰੀਟ ਸਮਾਰੋਹ ਦੇ ਕਾਰਨ, ਇੱਥੇ ਭਾਰਤ ਅਤੇ ਵਿਦੇਸ਼ ਤੋਂ ਰੋਜ਼ਾਨਾ ਲਗਭਗ ਇਕ ਲੱਖ ਤੋਂ ਵੱਧ ਸੈਲਾਨੀ ਆਉਂਦੇ ਹਨ। ਲੰਦਨ, ਬਰਮਿੰਘਮ, ਦੋਹਾ, ਦੁਬਈ, ਸਿੰਗਾਪੁਰ ਅਤੇ ਕੁਆਲਾਲੰਪੁਰ ਸਮੇਤ ਕਈ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਨਾਲ ਸਿੱਧੇ ਜਾਂ ਅਸਿੱਧੇ ਹਵਾਈ ਸੰਪਰਕ ਹੋਣ ਤੋਂ ਬਾਅਦ ਅੰਮ੍ਰਿਤਸਰ ਉੱਤਰ ਭਾਰਤ ਦਾ ਦੂਜਾ ਸਭ ਤੋਂ ਵੱਡਾ ਹਵਾਈ ਅੱਡਾ ਹੈ। ਐਕਸਪ੍ਰੈਸ ਵੇਅ ਅਤੇ ਰੇਲ ਕੋਰੀਡੋਰ ਦੋਵਾਂ ਦੇ ਮੁਕੰਮਲ ਹੋਣ ਨਾਲ, ਅੰਮ੍ਰਿਤਸਰ ਹਵਾਈ ਅੱਡਾ ਪੰਜਾਬ, ਜੰਮੂ ਅਤੇ ਹੋਰ ਗੁਆਂਢੀ ਰਾਜਾਂ ਦੇ ਪ੍ਰਮੁੱਖ ਸ਼ਹਿਰਾਂ ਦੇ ਨੇੜੇ ਆ ਜਾਵੇਗਾ, ਜਿਸ ਨਾਲ ਹਵਾਈ ਅੱਡੇ ਤੋਂ ਯਾਤਰੀਆਂ ਅਤੇ ਉਡਾਣਾਂ ਦੀ ਗਿਣਤੀ ਵੀ ਵਧੇਗੀ।

ਕਾਮਰਾ ਨੇ ਦੱਸਿਆ ਕਿ ਮੰਚ ਵੱਲੋਂ ਪੱਤਰ ਦੀਆਂ ਕਾਪੀਆਂ ਭਾਰਤ ਸਰਕਾਰ ਦੇ ਵਣਜ ਅਤੇ ਉਦਯੋਗ ਰਾਜ ਮੰਤਰੀ ਸ਼੍ਰੀ ਸੋਮ ਪ੍ਰਕਾਸ਼, ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਸ਼ਵੇਤ ਮਲਿਕ, ਗੁਰਜੀਤ ਸਿੰਘ ਔਜਲਾ ਸਮੇਤ ਪੰਜਾਬ ਦੇ ਹੋਰਨਾਂ ਨੇਤਾਵਾਂ ਨੂੰ ਵੀ ਭੇਜੀਆਂ ਗਈਆਂ ਹਨ। ਮੰਚ ਨੇ ਨੇਤਾਵਾਂ ਨੂੰ ਬੇਨਤੀ ਕੀਤੀ ਕਿ ਉਹ ਪ੍ਰਸਤਾਵਿਤ ਪ੍ਰਾਜੈਕਟ ਵਿਚ ਅੰਮ੍ਰਿਤਸਰ ਹਵਾਈ ਅੱਡੇ ਨੂੰ ਸ਼ਾਮਲ ਕਰਨ ਸੰਬੰਧੀ ਰੇਲ ਮੰਤਰਾਲੇ ਅਤੇ ਨੈਸ਼ਨਲ ਹਾਈ-ਸਪੀਡ ਰੇਲ ਕਾਰਪੋਰੇਸ਼ਨ ਨੂੰ ਲਿਖਣ ਜਾਂ ਇਸ ਸਬੰਧੀ ਮਿਲ ਕੇ ਗੱਲਬਾਤ ਕਰਨ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 25**

**- ਕਰਮ ਸਿੰਘ ਜ਼ਖ਼ਮੀ**

ਇਹ ਦੋਵੇਂ ਆਗੂ ਇਸ ਮਾਮਲੇ ਤੇ ਸਹਿਮਤ ਨਹੀਂ ਹੋ ਸਕੇ। ਦੋਵੇਂ ਆਪਣੀ ਆਪਣੀ ਅੜੀ ਤੇ ਅੜ ਗਏ। ਗੱਲ ਏਥੋਂ ਤਕ ਪੁੱਜ ਗਈ ਕਿ ਗੜੀ ਦੇ ਸਿੰਘਾਂ ਨੂੰ ਇਹ ਡਰ ਲੱਗਣ ਲਗ ਪਿਆ ਕਿ ਕਿਤੇ ਇਹ ਦੋਵੇਂ ਆਪਸ ਵਿਚ ਲੜਕੇ ਹੀ ਨਾ ਮਰ ਜਾਣ । ਹਾਰ ਤੋਂ ਬਰਬਾਦੀ ਸੱਚਮੁੱਚ ਹੀ ਮੰਦ ਭਾਗਾਂ ਨਾਲ ਆਉਂਦੀ ਹੈ ਅਤੇ ਇਸਦੇ ਪਿੱਛੋਂ ਹੋਰ ਬਦਕਿਸਮਤੀ ਤੱਕ ਆਉਂਦੀ ਹੈ ਕਿ ਜਦ ਹਾਰ ਤੇ ਬਰਬਾਦੀ ਜ਼ਿੰਮੇਵਾਰੀ ਬਾਕੀ ਰਹਿੰਦੇ ਇਕ ਦੂਜੇ ਤੇ ਸੁੱਟ ਕੇ ਆਪਸ ਵਿਚ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ। ਇਹ ਹਾਲਤ ਇਸ ਸਮੇਂ ਗੁਰਦਾਸ ਨੰਗਲ ਦੀ ਇਸ ਕੱਚੀ ਗੜੀ ਵਿਚ ਪੈਦਾ ਹੋ ਗਈ ਸੀ।

ਬਾਬਾ ਬਿਨੋਦ ਸਿੰਘ ਦੇ ਜਵਾਨ ਪੁੱਤਰ ਭਾਈ ਕਾਹਨ ਸਿੰਘ ਇਸ ਹਾਲਤ ਨੂੰ ਵੇਖ ਕੇ ਬਹੁਤ ਦੁਖੀ ਹੋਏ। ਉਹਨਾਂ ਨੇ ਦੋਹਾਂ ਨੂੰ ਵੱਖ-ਵੱਖ ਸਮਝਾਉਣ ਦਾ ਯਤਨ ਕੀਤਾ ਪਰ ਦੋਹਾਂ 'ਚੋਂ ਕੋਈ ਭੀ ਇਕ ਨੁਕਤੇ ਤੇ ਸਹਿਮਤ ਹੋਣ ਲਈ ਤਿਆਰ ਨਹੀਂ ਹੋਇਆ। ਨੌਬਤ ਏਥੋਂ ਤੱਕ ਪੁੱਜ ਗਈ ਕਿ ਦੋਵੇਂ ਤਲਵਾਰਾਂ ਲੈ ਕੇ ਲੜਨ ਲਈ ਤਿਆਰ ਹੋ ਗਏ।

'ਬਜ਼ੁਰਗੋ ਲੜੋ ਨਾ।' ਉਹਨਾਂ ਦੇ ਵਿਚਕਾਰ ਖੜੇ ਹੋਏ ਭਾਈ ਕਾਹਨ ਸਿੰਘ ਨੇ ਕਿਹਾ, 'ਜੇਕਰ ਲੜਨਾ ਹੈ ਤਾਂ ਪਹਿਲਾਂ ਮੈਨੂੰ ਕਤਲ ਕਰ ਦਿਓ।'

ਦੋਵੇਂ ਝਿਜਕ ਕੇ ਆਪਣੀ ਆਪਣੀ ਥਾਂ ਤੇ ਖੜੇ ਹੋ ਗਏ।

'ਆਖ਼ਰ ਝਗੜਾ ਕੀ ਹੈ ਇਹੋ ਹੀ ਨਾ ਕਿ ਗੜੀ ਛੱਡੀ ਜਾਵੇ ਕਿ ਨਾ?' ਭਾਈ ਕਾਹਨ ਸਿੰਘ ਨੇ ਪੁੱਛਿਆ।

'ਹਾਂ, ਦੋਹਾਂ ਨੇ ਹੀ ਉਤਰ ਦਿੱਤਾ।'

'ਫੇਰ ਇਉਂ ਕਰੋ, ਜਿਹੜਾ ਨਿਕਲ ਕੇ ਜਾਣਾ ਚਾਹੁੰਦਾ ਹੈ। ਨਿਕਲ ਜਾਵੇ, ਜਿਹੜਾ ਨਹੀਂ ਜਾਣਾ ਚਾਹੁੰਦਾ ਏਥੇ ਬੈਠਾ ਰਹੇ।' ਭਾਈ ਕਾਹਨ ਸਿੰਘ ਨੇ ਕਿਹਾ।

'ਠੀਕ ਹੈ, ਮੈਨੂੰ ਮਨਜ਼ੂਰ ਹੈ ਇਹ ਜਾ ਸਕਦੇ ਹਨ।' ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ।

'ਠੀਕ ਹੈ ਇਹ ਤੇ ਇਹਨਾਂ ਦੇ ਨਾਲ ਜਿਹੜੇ ਭੀ ਏਥੇ ਰਹਿਣਾ ਚਾਹੁੰਦੇ ਹਨ, ਬੜੀ ਖ਼ੁਸ਼ੀ ਨਾਲ ਰਹਿਣ।' ਬਾਬਾ ਬਿਨੋਦ ਸਿੰਘ ਨੇ ਕਿਹਾ।

ਝਗੜਾ ਮੁੱਕ ਗਿਆ। ਬਾਬਾ ਬਿਨੋਦ ਸਿੰਘ ਨੇ 'ਬੋਲੇ ਸੋ ਨਿਹਾਲ' ਕਿਹਾ ਤੇ 'ਸਤਿ ਸ੍ਰੀ ਅਕਾਲ' ਨਾਲ ਸਾਰੀ ਕੱਚੀ ਗੜੀ ਗੂੰਜ ਉੱਠੀ।

'ਆਓ ਭਈ ਜਿਸ ਨੇ ਜਾਣਾ ਹੈ।' ਬਾਬਾ ਬਿਨੋਦ ਸਿੰਘ ਨੇ ਵੰਗਾਰ ਦਿੱਤੀ ਅਤੇ ਸਿੰਘਾਂ ਦੀ ਵੱਡੀ ਬਹੁ-ਗਿਣਤੀ ਉਹਨਾਂ ਦੇ ਨਾਲ ਜਾਣ ਲਈ ਉਠ ਖੜੀ ਹੋਈ, ਮੌਤ ਇਸ ਸਮੇਂ ਦੋਹਾਂ ਹੀ ਹਾਲਤਾਂ ਵਿਚ ਯਕੀਨੀ ਜਾਪਦੀ ਸੀ, ਇਸ ਲਈ ਉਹਨਾਂ ਨੇ ਭੁੱਖ ਨਾਲ ਤੜਪ ਤੜਪ ਕੇ ਮਰਨ ਨਾਲੋਂ ਲੜਕੇ ਮਰਨਾ ਵਧੇਰੇ ਠੀਕ ਸਮਝਿਆ ਫੇਰ ਇਹ ਦੂਜਾ ਰਸਤਾ ਫੜਨ ਵਿਚ ਉਹਨਾਂ ਦੇ ਬਚ ਨਿਕਲਣ ਦੀ ਕੁਝ ਆਸ ਭੀ ਤਾਂ ਨਜ਼ਰ ਆਉਂਦੀ ਸੀ। ਬਾਬਾ ਬਿਨੋਦ ਸਿੰਘ ਉਹਨਾਂ ਨੂੰ ਲੈ ਕੇ ਬਾਹਰ ਨਿਕਲਿਆ ਅਤੇ ਵੈਰੀ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ ਬਾਹਰ ਨਿਕਲ ਗਿਆ। ਵੈਰੀ ਇਸ ਸਮੇਂ ਉੱਕਾ ਹੀ ਅਵੇਸਲਾ ਬੈਠਾ ਸੀ। ਇਸ ਲਈ ਉਸਦਾ ਨੁਕਸਾਨ ਵਧੇਰੇ ਹੋਇਆ ਤੇ ਸਿੰਘ ਇਸ ਵਿਚ ਬਹੁਤ ਹੀ ਥੋੜੇ ਸ਼ਹੀਦ ਹੋਏ।

ਸਿੰਘਾਂ ਦੀ ਬਹੁਸੰਮਤੀ ਦੇ ਨਿਕਲ ਜਾਣ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਗੜੀ ਵਿਚ ਕੇਵਲ ਸਾਢੇ ਕੁ ਤਿੰਨ ਸੌ ਸਿੰਘ ਰਹਿ ਗਏ। ਗੜੀ ਵਿਚ ਹੋਰ ਹਲਚਲ ਪੈਦਾ ਹੋ ਗਈ। ਭੁੱਖ ਨੇ ਹੋਰ ਕਹਿਰ ਗੁਜ਼ਾਰਨਾ ਸ਼ੁਰੂ ਕਰ ਦਿੱਤਾ। ਸਿੰਘ ਭੁੱਖ ਨਾਲ ਤੜਪ ਤੜਪ ਕੇ ਮਰਨ ਲੱਗੇ। ਗੜੀ ਵਿਚ ਬੰਦ ਹੋਇਆਂ ਨੂੰ ਅੱਠ ਮਹੀਨੇ ਬੀਤ ਚੁੱਕੇ ਸਨ। ਮੌਤ




ਸਾਹਮਣੇ ਖੜੀ ਹੱਸ ਰਹੀ ਸੀ।

ਸਿੰਘ ਜੀ।' ਚੰਬੇ ਦੀ ਚੰਬੇਲੀ ਨੇ ਆਖਿਆ।

'ਹਾਂ ਸਰਦਾਰਨੀਏ, ਬਾਬਾ ਬੰਦਾ ਸਿੰਘ ਬਹਾਦੁਰ ਭਾਵੇਂ ਭੁੱਖ ਨਾਲ ਨਿਢਾਲ ਹੋਇਆ ਪਿਆ ਸੀ, ਪ੍ਰੰਤੂ ਉਸ ਦੇ ਬੁੱਲਾਂ ਤੇ ਹਾਲਾਂ ਭੀ ਮੁਸਕਰਾਹਟ ਸੀ।

'ਰਾਜ ਕੁਮਾਰ ਅਜੈ ਸਿੰਘ ਪਹਿਰ ਦਾ ਬੇਹੋਸ਼ ਪਿਆ ਹੈ।' ਕਹਿੰਦੇ ਹੋਏ ਚੰਬੇ ਦੀ ਚੰਬੇਲੀ ਦੀਆਂ ਅੱਖਾਂ ਵਿਚੋਂ ਹੰਝੂ ਬਰਸਾਤ ਦੀ ਝੜੀ ਵਾਂਗ ਵਹਿ ਰਹੇ ਸਨ।

'ਹੂੰ।' ਬਾਬਾ ਬੰਦਾ ਸਿੰਘ ਨੇ ਉਸ ਦੀ ਗੱਲ ਦਾ ਹੁੰਗਾਰਾ ਫੜਿਆ। ਸਰਦਾਰ ਸੁੱਖਾ ਸਿੰਘ ਉਹਨਾਂ ਦੇ ਪਾਸ ਹੀ ਪਏ ਸਨ। ਉਹਨਾਂ ਕਿਹਾ, 'ਸਰਦਾਰ ਜੀ ਉੱਠੋ! ਗੜੀ ਦਾ ਦਰਵਾਜ਼ਾ ਖੋਲ ਦਿਓ ਤੇ ਵੈਰੀ ਨੂੰ ਲਲਕਾਰ ਕੇ ਸ਼ਹਾਦਤਾਂ ਪਾਈਏ।'

ਬਾਬਾ ਜੀ ਸੋਚ ਲਓ। ਅੰਮ੍ਰਿਤਸਰ ਵਿਖੇ ਭਾਈ ਮਨੀ ਸਿੰਘ ਜੀ ਨੂੰ ਸਾਡਾ ਸੰਦੇਸ਼ ਮਿਲ ਜਾਵੇ ਤੇ ਉਹ ਮਦਦ ਲਈ ਖ਼ਾਲਸਾ ਫ਼ੌਜ ਭੇਜ ਦੇਣੇ। ਸਰਦਾਰ ਸੁਖਾ ਸਿੰਘ ਨੇ ਆਖਿਆ, ਉਹ ਬਾਬਾ ਜੀ ਦਾ ਬਹੁਤ ਵੱਡਾ ਵਿਸ਼ਵਾਸਪਾਤਰ ਸੀ।

'ਸੋਚ ਲਿਆ ਸਰਦਾਰਾ-ਸੋਚ ਲਿਆ। ਇਸ ਕੋਨੇ ਵਿਚ ਭੁੱਖੇ ਰਹਿ ਕੇ ਮਰਾਂਗੇ ਤਾਂ ਗੱਲ ਏਥੇ ਹੀ ਖ਼ਤਮ ਹੋ ਜਾਵੇਗੀ, ਲੜਕੇ ਸ਼ਹਾਦਤ ਪਾਵਾਂਗੇ ਤਾਂ ਸਾਰੀ ਦੁਨੀਆ ਨੂੰ ਪਤਾ ਲਗ ਜਾਵੇਗਾ ਕਿ ਸਿੱਖ ਲੜਨਾ ਹੀ ਨਹੀਂ, ਬਹਾਦਰੀ ਨਾਲ ਮਰਨਾ ਭੀ ਜਾਣਦੇ ਹਨ। ਅਸਾਮੀਆਂ ਸ਼ਹੀਦੀਆਂ ਅਕਾਰਥ ਨਹੀਂ ਜਾਣਗੀਆਂ। ਇਹਨਾਂ ਨੂੰ ਫਲ ਲੱਗੇਗਾ। ਕਲਗੀਆਂ ਵਾਲੇ ਦੇ ਸਿੰਘ ਬਲ ਧਾਰ ਕੇ ਉੱਠਣਗੇ ਅਤੇ ਇਸ ਮੁਗ਼ਲ ਸਾਮਰਾਜ ਦੀਆਂ ਜੜਾਂ ਪੁੱਟ ਕੇ ਖਾਰੇ ਸਮੁੰਦਰ ਵਿਚ ਸੁੱਟ ਦੇਣਗੇ।'

ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਕਹਿੰਦੇ ਹੋਏ ਚੰਬੇ ਦੀ ਚੰਬੇਲੀ ਵਲ ਵੇਖਿਆ ਕਿ ਸਿੰਘਣੀਏ, ਸ਼ਹਾਦਤ ਦਾ ਵੇਲਾ ਆ ਗਿਆ ਏ, ਗੁਰੂ ਨੂੰ ਧਿਆ ਲੈਅ।

ਗੜੀ ਦਾ ਦਰਵਾਜ਼ਾ ਖੁੱਲ ਗਿਆ, ਵੈਰੀ ਨੂੰ ਕਹਿ ਦਿੱਤਾ ਗਿਆ ਕਿ ਜੇ ਹਿੰਮਤ ਏ ਸਾਨੂੰ ਗ੍ਰਿਫ਼ਤਾਰ ਕਰ ਲਵੋ, ਪ੍ਰੰਤੂ ਇਸ ਨਾਲ ਵੈਰੀ ਦਲਾਂ ਵਿਚ ਹੋਰ ਹਲਚਲ ਮੱਚ ਗਈ। ਹਰ ਕਿਸੇ ਦੇ ਮੂੰਹ ਵਿਚੋਂ ਇਹੋ ਹੀ ਨਿਕਲਦਾ ਸੀ ਕਿ ਇਹ ਜਾਦੂਗਰ ਚਾਲਾਕੀ ਨਾਲ ਸੱਦਦਾ ਹੈ, ਗੜੀ ਵਿਚ ਜਿਹੜਾ ਭੀ ਜਾਵੇਗਾ, ਭਸਮ ਹੋ ਜਾਵੇਗਾ।

ਅਬਦੁਸ ਸਮਦ ਖਾਨ ਨੇ ਇਸ ਮਾਮਲੇ ਵਿਚ ਭੀ ਚਾਲਾਕੀ ਤੋਂ ਕੰਮ ਲਿਆ, ਉਸ ਨੇ ਆਪ ਜਾਣ ਦੀ ਥਾਂ ਇਕ ਜਮਾਦਾਰ ਦੀ ਅਗਵਾਈ ਵਿਚ ਫ਼ੌਜ ਅੰਦਰ ਭੇਜ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖ਼ਾਲਸਾ ਖ਼ੂਬ ਲੜਿਆ। ਆਖ਼ਰ ਕਈ ਦਿਨਾਂ ਤੋਂ ਭੁੱਖੀ ਤੇ ਸਰੀਰਕ ਤੌਰ ਉੱਪਰ ਕਮਜ਼ੋਰ ਖ਼ਾਲਸਾ ਫ਼ੌਜ ਕਿੰਨਾ ਚਿਰ ਲੜ ਸਕਦੀ ਸੀ। ਕਈ ਸਿੰਘ ਲੜਦੇ ਸ਼ਹੀਦ ਹੋ ਗਏ। ਬਾਬਾ ਬੰਦਾ ਸਿੰਘ ਗ੍ਰਿਫ਼ਤਾਰ ਕਰ ਲਏ। ਬਾਬਾ ਬੰਦਾ ਸਿੰਘ ਹੱਥਕੜੀ ਤੇ ਬੇੜੀਆਂ ਨਾਲ ਜਕੜ ਲਏ ਗਏ ।

ਬਾਬਾ ਬੰਦਾ ਸਿੰਘ ਨੇ ਹੱਥਕੜੀ ਬੇੜੀਆਂ ਲੱਗੀਆਂ ਸੁਣ ਕੇ ਅਬਦੁਸ ਸਮੱਦ ਖਾਨ ਤੇ ਦੂਜੇ ਫ਼ੌਜਦਾਰ ਸ਼ੇਰ ਹੋ ਗਏ। ਉਹ ਹੁਣ ਧੁੱਸ ਦੇ ਕੇ ਗੜੀ ਵਿਚ ਜਾ ਵੜੇ ਅਤੇ ਭੁੱਖ ਨਾਲ ਨਿਢਾਲ ਪਏ ਸਿੰਘਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ।

ਅਮੀਨ ਗੜ, ਸਰਹੰਦ ਤੇ ਲੋਹਗੜ ਵਾਲੀ ਖੇਡ ਏਥੇ ਭੀ ਖੇਡੀ ਗਈ। ਗੜੀ ਦੇ ਸਾਹਮਣੇ ਹਾਥੀ ਲਿਆ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਸ ਦੀ ਪਿੱਠ ਤੇ ਰੱਖੇ ਲੋਹੇ ਦੇ ਪਿੰਜਰੇ ਵਿਚ ਬਿਠਾ ਕੇ ਤਾਲਾ ਮਾਰ ਦਿੱਤਾ ਗਿਆ। ਅਮੀਨ ਗੜ ਤੇ ਸਰਹੰਦ ਵਾਂਗ ਤਿੰਨ ਸੌ ਸਿੰਘਾਂ ਦੇ ਸਿਰ ਏਥੇ ਭੀ ਪੰਜਾਂ ਗੱਡਿਆਂ ਵਿਚ ਲੱਦੇ ਗਏ ਅਤੇ ਫਰੁਖਸ਼ੀਅਰ ਦੀ ਭੇਟਾ ਚੜਾਉਣ ਲਈ ਇਹ ਜਲੂਸ ਦਿੱਲੀ ਨੂੰ ਤੁਰਿਆ।

ਹਾਜੀ ਮੌਲਾ ਬਖ਼ਸ਼, ਲਾਲ ਖਾਨ, ਮੌਲਾਨਾ ਬਰਕਤਉੱਲਾ, ਮੌਲਾਨਾ ਬਸ਼ੀਰ ਅਹਿਮਦ ਅਤੇ ਉਹਨਾਂ ਦੇ ਨਾਲ ਸ਼ੌਕਤ ਹਯਾਤ ਦੇ ਭੇਸ ਵਿਚ ਕਰਤਾਰ ਸਿੰਘ ਤੇ ਸ਼ਬਨਮ ਦੇ ਭੇਸ ਵਿਚ ਤਾਰਾ ਵੀ ਇਸ ਸਮੇਂ ਬਟਾਲੇ ਪੁੱਜੇ ਹੋਏ ਸਨ। ਉਹ ਇਹ ਪਤਾ ਕਰਨ ਆਏ ਸਨ ਕਿ ਬਾਬਾ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਛੁਡਾਉਣ ਲਈ ਕੋਈ ਰਸਤਾ ਨਿਕਲ ਸਕਦਾ ਹੈ ਕਿ ਨਹੀਂ, ਪ੍ਰੰਤੂ ਬਟਾਲੇ ਪੁੱਜੇ ਤਾਂ ਸਰਕਾਰੀ ਢੰਡੋਰਚੀ ਇਹ ਢੰਡੋਰਾ ਪਿੱਟ ਰਿਹਾ ਸੀ ਕਿ ਕਾਫ਼ਰ ਸਿੱਖਾਂ ਦਾ ਜਰਨੈਲ ਆਪਣੇ ਤਿੰਨ ਸੌ ਸਾਥੀਆਂ ਦੇ ਜਲੂਸ ਨਾਲ ਦਿੱਲੀ ਨੂੰ ਜਾ ਰਿਹਾ ਹੈ। ਸਾਰੇ ਲੋਕ ਇਹ ਨਜ਼ਾਰਾ ਵੇਖਣ ਲਈ ਵੱਡੀ ਸੜਕ ਤੇ ਪੁੱਜ ਜਾਣ।

ਉਹ ਭੀ ਸੜਕ ਤੇ ਇਕ ਨਵੇਕਲੀ ਥਾਂ ਤੇ ਖੜੇ ਹੋ ਗਏ। ਸਿਰਾਂ ਦੇ ਤਿੰਨਾਂ ਗੱਡਿਆਂ ਦੇ ਪਿੱਛੇ ਬਾਬਾ ਜੀ ਦਾ ਹਾਥੀ ਸੀ ਅਤੇ ਸਿਰਾਂ ਦੇ ਦੋ ਗੱਡੇ ਪਿੱਛੇ ਸਨ। ਸ਼ਾਹੀ ਫ਼ੌਜ ਦੇ ਹਜ਼ਾਰਾਂ ਜਵਾਨ ਇਸ ਜਲੂਸ ਦੀ ਨਿਗਰਾਨੀ ਲਈ ਅੱਗੇ ਪਿੱਛੇ ਮਾਰਚ ਕਰ ਰਹੇ ਸਨ।

ਉਹਨਾਂ ਵੇਖਿਆ ਬਾਬਾ ਬੰਦਾ ਸਿੰਘ ਬਹਾਦੁਰ ਦੇ ਬੁੱਲਾਂ ਤੇ ਹਾਲਾਂ ਭੀ ਮੁਸਕਰਾਹਟ ਸੀ। ਉਹਨਾਂ ਦੇ ਚੇਹਰੇ ਤੋਂ ਹਾਲਾਂ ਭੀ ਨੂਰ ਬਰਸ ਰਿਹਾ ਸੀ।

'ਆਜ਼ਾਦੀ ਦੇ ਮੁੱਲ ਦੀ ਇਕ ਹੋਰ ਕਿਸ਼ਤ ਤਾਰੀ ਜਾ ਰਹੀ ਹੈ।' ਤਾਰਾ ਨੇ ਕਿਹਾ।

'ਪਰ ਇਹ ਆਖ਼ਰੀ ਨਹੀਂ ਹੋਵੇਗੀ ਹਾਲਾਂ ਪਤਾ ਨਹੀਂ ਕਿਤਨੀਆਂ ਕਿਸ਼ਤਾਂ ਬਾਕੀ ਹੋਣਗੀਆਂ ਤੇ ਕਦ ਕਦ ਤਾਰਨੀਆਂ ਪੈਣਗੀਆਂ।' ਕਰਤਾਰ ਸਿੰਘ ਨੇ ਕਿਹਾ। ਇਸ ਸਮੇਂ ਇਹਨਾਂ ਸਾਰਿਆਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ। ਵੱਡੀ ਸੜਕ ਦੇ ਦੋਹਾਂ ਪਾਸਿਆਂ ਦੇ ਖੜੇ ਹੋਰ ਹਜ਼ਾਰਾਂ ਲੋਕ ਭੀ ਰੋ ਰਹੇ ਸਨ।

ਜਲੂਸ ਨਿਕਲ ਗਿਆ। ਇਸ ਦੇ ਪਿੱਛੋਂ ਸਾਥੀਆਂ ਤੋਂ ਛੁੱਟੀ ਲੈ ਕੇ ਹਉਕੇ ਭਰਦੇ ਤੇ ਹੰਝੂ ਵਹਾਉਂਦੇ ਕਰਤਾਰ ਸਿੰਘ ਤੇ ਤਾਰਾ ਜੰਮੂ ਨੂੰ ਤੁਰ ਗਏ। ਇਹੋ ਹੀ ਇਹਨਾਂ ਲਈ ਬਾਬਾ ਬੰਦਾ ਸਿੰਘ ਬਹਾਦਰ ਦਾ ਆਖ਼ਰੀ ਹੁਕਮ ਸੀ।

(ਚਲਦਾ...)

# ਇਹ ਮੇਰਾ ਨਾਂ

- ਸਾਧੂ ਬਿਨਿੰਗ

ਸਵੇਰੇ ਆਪਣੇ ਪੋਤੇ ਦੀ ਕਾਰ ਵਿੱਚ ਰੇਡੀਓ ’ਤੇ ਸੁਣੀ ਇਹ ਗੱਲ ਕਿ ‘ਬੰਦੇ ਦਾ ਨਾਂ ਤੇ ਜਨਮ ਤਰੀਕ ਉਹਦੀ ਹੋਂਦ ਦੀਆਂ ਦੋ ਬਹੁਤ ਹੀ ਮੁੱਢਲੀਆਂ ਗੱਲਾਂ ਹੁੰਦੀਆਂ ਹਨ’ ਮੇਰੇ ਕੰਨਾਂ ਵਿੱਚ ਗੂੰਜ ਰਹੀ ਹੈ। ਮੇਰੇ ਲਈ ਤਾਂ ਇਹ ਦੋਵੇਂ ਚੀਜ਼ਾਂ ਹੀ ਰਲਗੱਡ ਜਿਹੀਆਂ ਰਹੀਆਂ ਹਨ ਸਦਾ। ਮਾਂ ਮੇਰਾ ਜਨਮ ਕਿਸੇ ਹੋਰ ਮਹੀਨੇ ਹੋਇਆ ਦੱਸਦੀ ਰਹੀ ਤੇ ਮੇਰੇ ਪੇਪਰ ਕੋਈ ਹੋਰ ਹੀ ਮਹੀਨਾ ਦਰਸਾਉਂਦੇ ਰਹੇ। ਇੰਨਾ ਸ਼ੁਕਰ ਹੈ ਕਿ ਸਾਲ ਉਹੀ ਆ, ਕਈ ਮੇਰੇ ਵਰਗਿਆਂ ਦੇ ਤਾਂ ਸਾਲ ਵੀ ਇੱਧਰ ਉੱਧਰ ਹੋਏ ਪਏ ਨੇ।

ਬੇਬੇ ਮੇਰੀ ਨੇ, ਦੱਸਦੇ ਆ, ਮੇਰਾ ਨਾਂ ਰੱਖਿਆ ਸੀ ਬਹਾਦਰ ਸਿੰਘ। ਉਹ ਜਿੰਨਾ ਚਿਰ ਜਿਉਂਦੀ ਰਹੀ ਆਪਣੇ ‘ਸੌ ਸੁੱਖਾਂ ਬਾਅਦ ਮਿਲੇ’ ਜੇਠੇ ਪੋਤੇ ਨੂੰ, ਜਾਣੀ ਕਿ ਮੈਨੂੰ, ਇਸੇ ਨਾਂ ਨਾਲ ਬੁਲਾਉਂਦੀ ਰਹੀ। ਪਰ ਪੇਪਰਾਂ ਵਿੱਚ ਮੇਰਾ ਨਾਂ ਗੁਰਮੁਖ ਸਿੰਘ ਲਿਖਿਆ ਗਿਆ ਤੇ ਬਾਕੀ ਸਾਰੀ ਦੁਨੀਆ ਮੈਨੂੰ ਇਸੇ ਨਾਂ ਨਾਲ ਹੀ ਜਾਣਦੀ ਹੈ। ਖ਼ੈਰ ਜਿੱਦਾਂ ਹੁੰਦਾ ਹੀ ਆ, ਇਸ ਸਾਰੇ ਪਿੱਛੇ ਵੀ ਇੱਕ ਕਹਾਣੀ ਹੈ।

ਜਦੋਂ ਮੈਂ ਨਿੱਕਾ ਜਿਹਾ ਸੀ ਤਾਂ ਜੀਵਨ ਦੀ ਤੋਰ ਬੜੀ ਮਜ਼ੇਦਾਰ ਹੁੰਦੀ ਸੀ। ਬੱਸ ਮੌਜਾਂ ਹੀ ਮੌਜਾਂ। ਸਵੇਰੇ ਮਰਜ਼ੀ ਨਾਲ ਉੱਠਣਾ। ਚੁੱਲੇ ਲਾਗੇ ਬੈਠ ਕੇ ਚਾਹ ਦੀ ਬਾਟੀ ਪੀ ਕੇ ਸੁਸਤੀ ਜਿਹੀ ਉਤਾਰਨ ਲਈ ਕਈ ਕਈ ਮਿੰਟ ਸ਼ੌਕ ਵਜੋਂ ਹੀ ਸਿਰ, ਢਿੱਡ ਜਾਂ ਚਿੱਤੜਾਂ ਨੂੰ ਖਨੂੰਹੀ ਜਾਣਾ। ਜੇ ਲੱਗਾ ਪਈ ਬੀਬੀ ਜਾਂ ਬੇਬੇ ਕੋਲ ਧਿਆਨ ਦੇਣ ਦਾ ਟੈਮ ਹੈਗਾ, ਇਸ ਗੱਲ ਦਾ ਕੁਦਰਤੋਂ ਅੰਦਾਜ਼ਾ ਜਿਹਾ ਹੋ ਜਾਂਦਾ ਸੀ, ਤਾਂ ਐਵੀਂ ਬੇਮਤਲਬ ਜਿਹਾ ਰੋਣਾ ਸ਼ੁਰੂ ਕਰ ਦੇਣਾ।

ਪਤਾ ਤਾਂ ਉਨਾਂ ਨੂੰ ਵੀ ਹੁੰਦਾ ਹੀ ਸੀ ਪਈ ਮੇਰੇ ਸਵੇਰ ਸਾਰ ਰੋਣ ਵਿੱਚ ਕੋਈ ਅਸਲੀਅਤ ਤਾਂ ਹੈ ਹੀ ਨਹੀਂ ਪਰ ਫੇਰ ਵੀ ਜੇ ਕਿਤੇ ਬੇਬੇ ਕੋਲ ਟੈਮ ਹੋਣਾ ਤਾਂ ਉਹਨੇ ਚੁੱਕ ਲੈਣਾ। ਬੀਬੀ ਕੋਲ ਤਾਂ ਸਵੇਰ ਵੇਲੇ ਟੈਮ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਬੇਬੇ ਨੇ ਮੇਰੇ ਨਿੱਕੇ ਜਿਹੇ ਢਿੱਡ ’ਤੇ ਹੱਥ ਫੇਰ ਕੇ ਕਹਿਣਾ, ‘ਕੀ ਹੋਇਆ ਮੇਰੇ ਪੁੱਤ ਨੂੰ ? ਹੈਂ ਕਿਉਂ ਰੋਂਦੀ ਆ ਮੇਰੀ ਨਿੱਕੀ ਜਿਹੀ ਡਿੱਡੀ ਸਵੇਰੇ ਸਵੇਰੇ ? ਚਾਹ ਥੋੜੀ ਮਿਲੀ ਆ ਅੱਜ ਮੇਰੇ ਬਹਾਦਰ ਸਿਓਂ ਨੂੰ ?’ ਖ਼ੁਸ਼ੀ ਤਾਂ ਇਸੇ ਗੱਲ ਦੀ ਬਹੁਤ ਹੁੰਦੀ ਸੀ ਪਈ ਬੇਬੇ ਨੇ ਚੁੱਕ ਲਿਆ। ਇਸ ਖ਼ੁਸ਼ੀ ਵਿੱਚ ਥੋੜਾ ਜਿਹਾ ਜਿੱਤ ਦਾ ਵੀ ਰਲਾਅ ਹੁੰਦਾ ਸੀ। ਨਾਲ ਚਾਹ ਦੀ ਹੋਰ ਸੁਲਾ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਸੀ। ਆਪਾਂ ਸਿਰ ਥੱਲੇ ਨੂੰ ਮਾਰ ਦੇਣਾ। ਬਾਟੀ ਚਾਹ ਦੀ ਹੋਰ ਮਿਲ ਜਾਣੀ।

ਉੱਦਾਂ ਜੇ ਬੇਬੇ ਨੇ ਕੁਛ ਹੋਰ ਵੀ ਕਹਿ ਦਿੱਤਾ, ਜਿੱਦਾਂ ਪਈ ‘ਬਿਸਕੁਟ ਲੈਣਾ ?’ ਤਾਂ ਆਪਣਾ ਸਿਰ ਉਸੇ ਦਿਸ਼ਾ ਵਿੱਚ ਹਿੱਲਣਾ ਹੁੰਦਾ ਸੀ, ਸਗੋਂ ਹੋਰ ਜੋਸ਼ ਨਾਲ। ਸਾਡੇ ਘਰ ਦੀ ਪਿਛਲੀ ਕੋਠੜੀ ਵਿੱਚ ਇੱਕ ਨਿੱਕੀ ਜਿਹੀ ਪੀਪੀ ਵਿੱਚ ਬੇਬੇ ‘ਆਏ ਗਏ ਲਈ’ ਬਿਸਕੁਟ ਰੱਖਦੀ ਹੁੰਦੀ ਸੀ। ਇੱਕ ਦਿਨ ਬੀਬੀ ਨੇ ਕਿਸੇ ਗੱਲੋਂ ਖਿਝ ਕੇ ਮੈਨੂੰ ਉਸ ਕੋਠੜੀ ਵਿੱਚ ਹੁੜ ਦਿੱਤਾ। ਨੇਰੇ ਵਿੱਚ ਹੱਥ ਪੈਰ ਮਾਰਦੇ ਦੇ ਮੇਰੇ ਗੋਡੇ ਵਿੱਚ ਉਹ ਪੀਪੀ ਲੱਗ ਗਈ ਤੇ ਉਹਦੇ ਟੁੱਟੇ ਹੋਏ ਕੰਢੇ ਨੇ ਗੋਡੇ ਵਿੱਚੋਂ ਲਹੂ ਕੱਢ ਦਿੱਤਾ। ਪਰ ਫੇਰ ਮੈਨੂੰ ਵਰਾਉਣ ਲਈ ਤੇ ਖ਼ਬਰੇ ਪੀਪੀ ਨੂੰ ਸਜ਼ਾ ਦੇਣ ਲਈ, ਬੇਬੇ ਨੇ ਦੋ ਤਿੰਨ ਬਿਸਕੁਟ ਮੈਨੂੰ ਦੇ ਦਿੱਤੇ। ਬਿਸਕੁਟਾਂ ਨੇ ਜੋ ਸੁਆਦ ਦਿੱਤਾ ਸੀ, ਮੈਂ ਹਾਣੀ ਨਿਆਣਿਆਂ ਨੂੰ ਦੱਸ ਦੱਸ ਕੇ ਉਨਾਂ ਦੇ ਮੂੰਹਾਂ ਵਿੱਚ ਕਈ ਦਿਨ ਲਾਲ਼ਾਂ ਵਗਾਉਂਦਾ ਰਿਹਾ।

ਸੋ ਜੇ ਕਿਤੇ ਬੇਬੇ ਰੋਂਦੇ ਨੂੰ ਚੁੱਕ ਕੇ ਬਿਸਕੁਟਾਂ ਦੀ ਸੁਲਾ ਮਾਰ ਲੈਂਦੀ ਤਾਂ ਆਪਾਂ ਪਲ ਵਿੱਚ ਮੰਨ ਜਾਂਦੇ ਤੇ ਚੇਤਾ ਹੀ ਨਾ ਰਹਿੰਦਾ ਪਈ ਰੋਣਾ ਕਾਹਦੇ ਲਈ ਸ਼ੁਰੂ ਕੀਤਾ ਸੀ।

ਪਰ ਇੱਦਾਂ ਹੁੰਦੀ ਬਹੁਤ ਘੱਟ ਸੀ। ਸਵੇਰ ਨੂੰ ਨਾ ਬੇਬੇ ਨੂੰ ਤੇ ਨਾ ਹੀ ਕਦੇ ਬੀਬੀ ਨੂੰ ਵਿਹਲ ਹੁੰਦੀ ਸੀ ਪਈ ਮੈਨੂੰ ਚੁੱਕ ਲੈਣ। ਬੀਬੀ ਨੂੰ ਮੈਥੋਂ ਛੋਟੀ ਭੈਣ ਤੇ ਉਹਦੇ ਤੋਂ ਛੋਟਾ ਭਰਾ ਹੀ ਨਹੀਂ ਸੀ ਛੱਡਦੇ ਸਵੇਰੇ ਕਦੇ। ਨਾਲੇ ਉਹਨੇ ਖੂਹ ਨੂੰ ਚਾਹ ਤੇ ਰੋਟੀਆਂ ਲੈ ਕੇ ਜਾਣੀਆਂ ਹੁੰਦੀਆਂ। ਪਹਿਲਾਂ ਤੜਕੇ ਉਹ ਦੋ ਮਹੀਆਂ ਚੋ ਕੇ ਲਿਆਉਂਦੀ। ਮੀਲ ਭਰ ‘ਤੇ ਸਾਡਾ ਖੂਹ ਸੀ। ਜਿੱਦਾਂ ਬੇਬੇ ਤੇ ਬੀਬੀ ਆਪ ਹੀ ਕਹਿੰਦੀਆਂ ਹੁੰਦੀਆਂ ਸੀ ਪਈ ਉਨਾਂ ਕੋਲ ਤਾਂ ‘ਮਰਨ ਦੀ ਵਿਹਲ ਨਹੀਂ’, ਸਾਨੂੰ ਮਲੰਗਾਂ ਨੂੰ ਕੌਣ ਚੁੱਕੇ ਤੇ ਕੌਣ ਵਰਾਵੇ।

ਹਾਲਾਤ ਨੇ ਸਾਨੂੰ ਵੀ ਫੱਕਰਪੁਣਾ ਸਿਖਾ ਦਿੱਤਾ। ਚਾਹ ਪੀਣੀ, ਢਿੱਡ ’ਤੇ ਫੇਰਨਾ ਹੱਥ ਤੇ ਉੱਠ ਪੈਣਾ ਚੜਦੇ ਦਿਨ ਨਾਲ ਸਿੱਧੀ ਟੱਕਰ ਲੈਣ। ਜੇ ਰਾਤ ਦੀ ਨਿੱਕੀ ਜਿਹੀ ਕੱਛੀ ਪਾਈ ਹੁੰਦੀ ਤਾਂ ਉਹਦੇ ‘ਚ, ਨਹੀਂ ਤਾਂ ਨਿੱਕੀਆਂ ਨਿੱਕੀਆਂ ਰੰਗ ਬਰੰਗੀਆਂ ਘੁੰਗਰੀਆਂ ਵਾਲੀ ਯਾਰਾਂ ਦੀ ਤੜਾਗੀ। ਸੁੱਤੇ ਉੱਠਦਿਆਂ ਪਹਿਲਾ ਕੰਮ ਹੁੰਦਾ ਸੀ ਹੱਥ ਵਿੱਚ ਛਿਟੀ ਜਿਹੀ ਫੜ ਕੇ ਵਿਹੜੇ ਵਿੱਚ ਗੇੜਾ ਮਾਰਨਾ। ਜਿੱਦਾਂ ਪੁਲਿਸ ਦਾ ਛੋਟਾ ਅਫ਼ਸਰ ਵੱਡੇ ਅਫ਼ਸਰ ਦੀ ਗੈਰ ਹਾਜ਼ਰੀ ਵਿੱਚ ਆਪਣੀ ਚੌਧਰ ਦਿਖਾਉਣ ਲਈ ਠਾਣੇ ਵਿੱਚ ਗੇੜਾ ਮਾਰਦਾ ਹੁੰਦਾ ਸੀ ਨਾ, ਐਨ ਉਸੇ ਤਰਾਂ। ਜੇ ਕੁੱਕੜੀ ਮੋਹਰੇ ਆ ਗਈ ਤਾਂ ਹੱਥ ਦੀ ਛਿਟੀ ਨੇ ਉਹਦੇ ਵਲ ਉੱਠਣਾ ਤੇ ਜੇ ਬਿੱਲੀ ਦਿਸ ਪਈ ਤਾਂ ਉਹਦੀ ਸ਼ਾਮਤ। ਚਿੜੀਆਂ ਤੇ ਸਾਰਕਾਂ ਦੁਹਾਈਆਂ ਪਾਉਂਦੀਆਂ ਉੱਡ ਜਾਂਦੀਆਂ ਹੁੰਦੀਆਂ ਸੀ ਮੈਨੂੰ ਦੇਖ ਕੇ। ਜਮਾਨੇ ਜਮਾਨੇ ਦੀਆਂ ਗੱਲਾਂ, ਸਾਡੇ ਆਪਣੇ ਵਿਹੜੇ ਵਿੱਚ ਉਨਾਂ ਦਿਨਾਂ ਵਿੱਚ ਸਾਡੀ ਤੜਾਗੀ ਵਿੱਚ ਹੀ ਕਈ ਕਈ ਫੀਤੀਆਂ ਲੱਗੀਆਂ ਵਾਲੇ ਅਫ਼ਸਰਾਂ ਜਿੰਨੀ ਟੌਹਰ ਹੁੰਦੀ ਸੀ। ਪਰ ਫੇਰ ਤੜਾਗੀ ਵਾਲੀ ਆਜ਼ਾਦੀ ਤਾਂ ਜਾਂਦੀ ਲੱਗੀ ਕਿਉਂਕਿ ਸੁੱਤੇ ਉੱਠਦੇ ਦੇ ਹੀ ਬੀਬੀ ਜਾਂ ਬੇਬੇ ਨੇ ਕੁਝ ਨਾ ਕੁਝ ਲੱਤਾਂ ਵਿੱਚ ਅੜਾ ਦੇਣਾ। ਜੇ ਗਰਮੀਆਂ ਹੋਣ ਤਾਂ ਨਿੱਕੀ ਜਿਹੀ ਕੱਛੀ ਤੇ ਜੇ ਸਰਦੀਆਂ ਹੋਣ ਤਾਂ ਲੰਡੀ ਜਿਹੀ ਪੰਜਾਮੀ ਜਿਹਦੇ ਥੱਲੇ ਪਿੱਛੇ ਐਮਰਜੈਂਸੀ ਵੇਲੇ ਲਈ ਮਘੋਰਾ ਰੱਖਿਆ ਹੁੰਦਾ ਸੀ।

ਖ਼ੈਰ, ਛਿਟੀ ਦੇ ਸਹਾਰੇ ਵਿਹੜੇ ਵਿੱਚ ਆਪਣੀ ਸਰਦਾਰੀ ਕਾਇਮ ਕਰਕੇ ਫੇਰ ਮੈਂ ਗਲ਼ੀ ਵਿੱਚ ਗੇੜਾ ਦੇਣ ਚਲੇ ਜਾਣਾ। ਸਾਡੇ ਘਰ ਦਾ ਬੂਹਾ ਚੜਦੇ ਵਲ ਨੂੰ ਖੁੱਲਦਾ ਸੀ। ਸੱਜੇ ਪਾਸੇ, ਨਾਲ ਲਗਦਾ ਘਰ ‘ਤਾਂਗੇ ਆਲਿਆਂ’ ਦਾ ਸੀ। ਉਹ ਦੋ ਭਰਾ ਸਿਗੇ ਤੇ ਸਿਗੇ ਵੀ ਸਾਡੇ ਸਕਿਆਂ ਵਿੱਚੋਂ ਪਰ ਸਾਡੇ ਟੱਬਰ ਨਾਲ ਬਹੁਤੀ ਬੋਲ ਚਾਲ ਨਹੀਂ ਸੀ। ਵੱਡੇ ਦਾ ਨਾਂਅ ਸੀ ਭਗਤਾ। ਉਹ ਖੇਤੀ ਕਰਦਾ ਸੀ ਤੇ ਵਿਆਹਿਆ ਹੋਇਆ ਸੀ। ਆਪਣੇ ਨਾਂ ਵਾਂਗ ਪੂਰਾ ਭਗਤ ਕਿਸਮ ਦਾ ਬੰਦਾ ਸੀ ਉਹੋ। ਨਾ ਕਿਸੇ ਨਾਲ ਵਾਧੂ ਨਾ ਘਾਟੂ, ਬੱਸ ਆਪਣੇ ਕੰਮ ਨਾਲ ਮਤਲਬ। ਉਹਦੇ ਬਾਰੇ ਪਿੰਡ ਵਿੱਚ ਅਕਸਰ ਚਰਚਾ ਚਲਦੀ ਪਈ ਉਹ ਬੰਦਾ ਸੱਚੀਂ ਭਗਤ ਕਿਸਮ ਦਾ ਹੋਣ ਕਰਕੇ ਉਹਦਾ ਨਾਂਅ ਭਗਤਾ ਸੀ ਜਾਂ ਉਹਦਾ ਨਾਂਅ ਭਗਤਾ ਹੋਣ ਕਰਕੇ ਉਹ ਭਗਤ ਬਣ ਗਿਆ ਸੀ। ਭਗਤਾ ਦਿਨੇ ਨੂੰ ਬਹੁਤਾ ਖੂਹ ’ਤੇ ਹੀ ਕੰਮ ਕਾਰ ਕਰਦਾ ਰਹਿੰਦਾ। ਬੱਸ ਰਾਤ ਪਈ ’ਤੇ ਘਰ ਆਉਂਦਾ ਤੇ ਸਵੇਰੇ ਤੜਕਿਉਂ ਖੂਹ ਨੂੰ ਚਲੇ ਜਾਂਦਾ। ਇਸ ਗੱਲੋਂ ਉਹ ਬਿਲਕੁਲ ਮੇਰੇ ਭਾਈਏ ਵਰਗਾ ਹੀ ਸੀ। ਇਸੇ ਕਰਕੇ ਮੈਨੂੰ ਅਜੇ ਤਕ ਵੀ ਭਗਤੇ ਦਾ ਚੇਤਾ ਨਹੀਂ ਭੁੱਲਿਆ ਭਾਵੇਂ ਮੈਂ ਉਹਨੂੰ ਦੇਖਿਆ ਬਹੁਤ ਘੱਟ ਸੀ।

ਤੇ ਭਗਤੇ ਤੋਂ ਛੋਟਾ ਤਾਰੂ ਤਾਂਗਾ ਵਾਹੁੰਦਾ ਸੀ। ਪਹਿਲਾਂ ਉਨਾਂ ਦਾ ਇੱਕ ਛੜਾ ਚਾਚਾ ਤਾਂਗਾ ਵਾਹੁੰਦਾ ਰਿਹਾ ਸੀ ਤੇ ਕਿਤੇ ਉਦੋਂ ਦੀ ਹੀ ਉਨਾਂ ਦੀ ਇਹ ਅੱਲ ਪੈ ਗਈ ਸੀ ‘ਤਾਂਗੇ ਆਲੇ।’ ਤਾਰੂ ਕੱਦ ਦਾ ਕਾਫ਼ੀ ਮਧਰਾ ਸੀ। ਸਾਰੇ ਜਾਣਦੇ ਸੀ ਪਈ ਪਿੰਡ ਵਿੱਚ ਇੱਕ ਪਾਸੇ ਲੰਬੜਾਂ ਦਾ ਕੈਲੋ ਸਭ ਤੋਂ ਉੱਚਾ ਸੀ ਤੇ ਦੂਜੇ ਪਾਸੇ ਸੀ ਤਾਂਗੇ ਆਲਿਆਂ ਦਾ ਤਾਰੂ। ਪਤਲਾ ਜਿਹਾ ਤੇ ਨਿੱਕਾ ਜਿਹਾ ਤਾਰੂ ਵੈਲੀ ਬੰਦਾ ਸੀ ਪਰ ਆਪਣੇ ਚਾਚੇ ਵਾਂਗ ਛੜਾ ਹੀ ਰਹਿ ਗਿਆ ਸੀ। ਡੋਡੇ ਤੇ ਫੀਮ ਉਹਦੇ ਸ਼ੌਕ ਸਨ ਤੇ ਬਣ ਠਣ ਕੇ ਰਹਿਣਾ ਜਨੂੰਨ। ਆਪਣੀ ਮਾੜਕੂ ਜਿਹੀ ਘੋੜੀ ਦੀ ਦੇਖ ਰੇਖ ਧੀਆਂ ਪੁੱਤਾਂ ਵਾਂਗ ਕਰਦਾ।

ਮੇਰੇ ਨਾਲ ਚਾਚੇ ਤਾਰੂ ਦੀ ਬਣਦੀ ਵੀ ਬਹੁਤ ਸੀ। ਮੇਰੀ ਬੇਬੇ ਤੋਂ ਬਿਨਾਂ ਉਹੀ ਇੱਕ ਜੀਅ ਸੀ ਜਿਹੜਾ ਮੈਨੂੰ ਮੇਰੇ ਬੇਬੇ ਵਾਲੇ ਨਾਂ ਨਾਲ ਬੁਲਾਉਂਦਾ ਹੁੰਦਾ ਸੀ। ਮੈਨੂੰ ਦੂਰੋਂ ਦੇਖ ਕੇ ਉਹਨੇ ਵਾਜ ਮਾਰਨੀ, ‘ਉਏ ਆ ਬਈ ਬਹਾਦਰਾ, ਅੱਜ ਕਿੱਧਰ ਦੀਆਂ ਤਿਆਰੀਆਂ ?’ ਚਾਚੇ ਤਾਰੂ ਨੂੰ ਪਤਾ ਤਾਂ ਹੁੰਦਾ ਸੀ ਪਈ ਮੈਂ ਕਿਹੜਾ ਤਸੀਲੇ ਤਰੀਕ ’ਤੇ ਜਾਣਾ। ਵੱਧ ਤੋਂ ਵੱਧ ਬੋੜੀ ਖੂਹੀ ਸਾਡੀ ਮੰਜ਼ਲੇ-ਮਕਸੂਦ ਹੁੰਦੀ ਸੀ ਉਨਾਂ ਦਿਨਾਂ ਵਿਚ। ਪਰ ਜਦੋਂ ਉਹਨੇ ਮੈਨੂੰ ਇੱਦਾਂ ਪੁੱਛਣਾ ਤਾਂ ਮੈਨੂੰ ਇਹ ਗੱਲ ਚੰਗੀ ਬਹੁਤ ਲੱਗਣੀ। ਇਸੇ ਕਰਕੇ ਮੈਨੂੰ ਚਾਚਾ ਤਾਰੂ ਸਾਰਿਆਂ ਨਾਲੋਂ ਚੰਗਾ ਲਗਦਾ ਸੀ। ਕਦੇ ਕਦੇ ਉਹ ਮੈਨੂੰ ਤਾਂਗੇ ’ਤੇ ਝੂਟਾ ਵੀ ਦੇ ਦਿੰਦਾ ਹੁੰਦਾ ਸੀ।

ਪਰ ਮੇਰੀ ਚਾਚੇ ਤਾਰੂ ਦੇ ਕੁੱਤੇ ਨਾਲ ਗੜਬੜ ਰਹਿੰਦੀ ਸੀ। ਮਾੜੂ ਨਾਂ ਦਾ ਪਤਲਾ ਜਿਹਾ, ਮਰਿਆ ਜਿਹਾ ਕੁੱਤਾ ਸੀ ਉਨਾਂ ਦਾ। ਘੋੜੀ ਤੇ ਕੁੱਤਾ ਹੀ ਨਹੀਂ, ਉਨਾਂ ਦੇ ਬਾਕੀ ਪਸ਼ੂ ਤੇ ਉਹ ਆਪ ਵੀ ਸਾਰੇ ਪਤਲੇ ਜਿਹੇ ਹੀ ਸੀ। ਪਿੰਡ ਦੇ ਕਈ ਨਘੋਚੀ ਕਿਸਮ ਦੇ ਬੰਦੇ ਕਈ ਵਾਰੀ ਕਹਿੰਦੇ ਹੁੰਦੇ ਸੀ ਪਈ ਇਨਾਂ ਦੀ ਅੱਲ ਤਾਂ ‘ਪਤਲਿਆਂ ਦੇ’ ਜਾਂ ‘ਛੜਿਆਂ ਦੇ’ ਹੋਣੀ ਚਾਹੀਦੀ ਸੀ ‘ਤਾਂਗੇ ਆਲਿਆਂ’ ਦੀ ਨਹੀਂ। ਪਰ ਪਿੰਡ ਦੇ ਸਿਆਣੇ ਲੋਕ ਅੱਲ ਉਹ ਪਾਉਂਦੇ ਆ ਜਿਹੜੀ ਟੱਬਰ ਦੀ ਵਿਲੱਖਣਤਾ ਦੱਸੇ। ਹੁਣ ਦੋ ਦੋ ਖੱਤਿਆਂ ਵਾਲੇ ਕਈਆਂ ਟੱਬਰਾਂ ਵਿੱਚ ਪਤਲੇ ਬੰਦਿਆਂ ਦੀਆਂ ਤਾਂ ਕਤਾਰਾਂ ਲੱਗੀਆਂ ਹੁੰਦੀਆਂ ਤੇ ਇੱਦਾਂ ਦੇ ਪੰਜਾਂ ਸੱਤਾਂ ਘਰਾਂ ਵਿੱਚ ਛੜਿਆ ਦਾ ਹੋਣਾ ਤਾਂ ਇੱਦਾਂ ਹੀ ਕੁਦਰਤੀ ਹੁੰਦਾ ਜਿੱਦਾਂ ਛੱਪੜ ਵਿੱਚ ਡੱਡੂਆਂ ਦਾ ਹੋਣਾ। ਪਰ ਸਾਰੇ ਪਿੰਡ ਵਿੱਚ ਤਾਂਗੇ ਆਲਾ ਇਹ ਇੱਕੋ ਘਰ ਸੀ।

ਮੇਰੀ ਬੇਬੇ ਕਹਿੰਦੀ ਸੀ ਪਈ ਤਾਰੂ ਕਾ ਮਾੜੂ ਕੁੱਤਾ ਮੇਰਾ ਹਾਣੀ ਆਂ। ਜਦੋਂ ਮੈਂ ਜੰਮਿਆਂ ਸੀ ਉਦੋਂ ਕੁ ਹੀ ਕਿਤੇ ਉਹ ਕਤੂਰਾ ਤਾਰੂ ਕੇ ਘਰੀਂ ਆ ਗਿਆ ਸੀ। ਤਾਰੂ ਨੇ ਰੋਟੀ ਖਾਂਦੇ ਨੇ ਉਹਨੂੰ ਵੀ ਬੁਰਕੀ ਸੁੱਟ ਦੇਣੀ। ਬੱਸ ਇੱਦਾਂ ਹੀ ਕਿਤੇ ਤਾਰੂ ਦੀ ਤੇ ਮਾੜੂ ਦੀ ਸਾਂਝ ਪੈ ਗਈ। ਕੁੱਤਾ ਬਹੁਤ ਮਾੜਾ ਸੀ ਤੇ ਨਾਂ ਵੀ ਉਹਦਾ ਮਾੜੂ ਹੀ ਸੀ। ਜਿੰਨਾ ਇਸ ਕੁੱਤੇ ਦਾ ਨਾਂ ਉਹਦੇ ਫਿੱਟ ਸੀ ਇੰਨਾ ਨਾਂ ਕਿਸੇ ਦੇ ਮੇਚ ਆਉਂਦਾ ਮੈਂ ਮੁੜਕੇ ਨਹੀਂ ਦੇਖਿਆ ਕਦੀ। ਉਹਦੇ ਅਕਸਰ ਖਸ ਪਈ ਰਹਿੰਦੀ। ਵਿਚਾਰਾ ਸਵੇਰ ਨੂੰ ਚੜਦੇ ਸੂਰਜ ਦਾ ਨਿੱਘ ਮਾਣਨ ਲਈ ਸਾਡੇ ਬੂਹੇ ਦੇ ਬਾਹਰ ਕੰਧ ਨਾਲ ਲੱਗ ਕੇ ਬੈਠਾ ਹੁੰਦਾ। ਮੈਂ ਨਿਕਲਦਿਆਂ ਹੀ ਦੋ ਤਿੰਨ ਛਿਟੀਆਂ ਜੜਨੀਆਂ ਉਹਦੇ। ਉਹਨੇ ਚਊਂ ਚਊਂ ਕਰਦੇ ਨੇ ਦੌੜਨਾ। ਬੜਾ ਆਨੰਦ ਆਉਣਾ।

ਇਹ ਕੰਮ ਉਦਾਂ ਮੈਨੂੰ ਆਲਾ ਦੁਆਲਾ ਦੇਖ ਕੇ ਕਰਨਾ ਪੈਂਦਾ ਸੀ। ਇੱਕ ਦਿਨ ਜਦੋਂ ਮੈਂ ਅੰਦਰੋਂ ਨਿਕਲ ਕੇ ਕੁੱਤੇ ਦੇ ਅਜੇ ਪਹਿਲੀ ਹੀ ਛਿਟੀ ਮਾਰੀ ਸੀ ਤੇ ਉਹਨੇ ਵਿਚਾਰੇ ਨੇ ਆਪਣੀ ਪਤਲੀ ਤੇ ਮਰੀ ਜਿਹੀ ਆਵਾਜ਼ ਵਿੱਚ ਚਊਂ ਚਊਂ ਸ਼ੁਰੂ ਹੀ ਕੀਤੀ ਸੀ ਤਾਂ ਉਸੇ ਵੇਲੇ ਕਿਤੇ ਬਾਹਰੋਂ ਕੂੜਾ ਸਿੱਟ ਕੇ ਮੁੜੀ ਆਉਂਦੀ ਬੀਬੀ ਨੇ ਦੇਖ ਲਿਆ ਇਹ ਤਮਾਸ਼ਾ। ਉਹਨੇ ਖੱਬੇ ਹੱਥ ਵਿੱਚ ਕੂੜੇ ਵਾਲਾ ਖ਼ਾਲੀ ਟੋਕਰਾ ਲਟਕਾਇਆ ਹੋਇਆ ਸੀ ਤੇ ਸੱਜੇ ਹੱਥ ਨਾਲ ਚੁੰਨੀ ਦਾ ਲੜ ਮੂੰਹ ਅੱਗੇ ਕੀਤਾ ਹੋਇਆ ਸੀ, ਜਾਣੀ ਘੁੰਡ ਕੱਢਿਆ ਹੋਇਆ ਸੀ। ਸਾਡੀ ਬੀਬੀ ਵਿਚਾਰੀ ਨੂੰ ਸਵੇਰੇ ਘੁੰਡ ਜ਼ਰੂਰ ਕੱਢਣਾ ਪੈਂਦਾ ਸੀ। ਸਾਡਾ ਘਰ ਪਿੰਡ ਦੇ ਬਾਹਰਵਾਰ ਹੋਣ ਕਰਕੇ ਬਾਬੇ ਦਾਸੂ ਦੇ ਗੁਰਦਵਾਰੇ ਨੂੰ ਜਾਣ ਵਾਲੇ ਕਈ ਬੁੜੇ ਏਧਰੋਂ ਹੀ ਲੰਘਦੇ ਹੁੰਦੇ ਸੀ। ਜਦੋਂ ਕਿਤੇ ਪਿੰਡ ਵਿੱਚ ਘੁੰਡ ਕੱਢਣ ਦਾ ਰਿਵਾਜ ਪਿਆ ਹੋਊ, ਉਦੋਂ ਤੋਂ ਹੀ ਪਿੰਡ ਦੇ ਬੁੜਿਆਂ ਲਈ ਇਹ ਜ਼ਰੂਰੀ ਹੁੰਦਾ ਸੀ ਪਈ ਘੁੰਡ ਕੱਢਣ ਵਾਲੀ ਦਾ ਮੂੰਹ ਹਰ ਹੀਲੇ ਦੇਖਣ ਦੀ ਕੋਸ਼ਿਸ਼ ਕਰਨੀ। ਇਸ ਕੰਮ ਵਿੱਚ ਕਾਮਯਾਬੀ ਦਾ ਅਰਥ ਹੁੰਦਾ ਸੀ ਦੁਪਹਿਰੋਂ ਬਾਅਦ ਪਿੰਡ ਦੇ ਦਰਵਾਜ਼ੇ ਬੈਠ ਕੇ ਦੂਜਿਆਂ ’ਤੇ ਆਪਣਾ ਰੋਅਬ ਪਾਉਣਾ।

ਮੇਰੀ ਮਾੜੀ ਕਿਸਮਤ ਨੂੰ ਤੇ ਮਾੜੂ ਦੀ ਚੰਗੀ ਕਿਸਮਤ ਨੂੰ ਉਸ ਵੇਲੇ ਗਲ਼ੀ ਵਿੱਚ ਕੋਈ ਬੁੜਾ ਹੈ ਨਹੀਂ ਸੀ। ਬੀਬੀ ਨੇ ਘੁੰਡ ਛੱਡ ਕੇ ਸੱਜੇ ਹੱਥ ਨਾਲ ਮੇਰੀ ਛਿਟੀ ਖੋਹ ਕੇ ਚੰਗੀ ਖਿੱਚ ਕੇ ਮੇਰੇ ਗਿੱਟਿਆਂ ਵਿੱਚ ਲਾਈ, ‘ਮਰ ਜਾਣਿਆ ਘੀਚਰਾ ਜਿਹਾ, ਇਸ ਪਤੰਦਰ ਨੂੰ ਕਿਉਂ ਤੰਗ ਕਰਦਾ ਰਹਿੰਨਾ ਸਵੇਰੇ ਸਵੇਰੇ ?’ ਬੀਬੀ ਨੇ ਅਜੇ ਇੱਕੋ ਛਿਟੀ ਮਾਰੀ ਸੀ, ਆਪਾਂ ਗਲ਼ੀ ਦੇ ਗੱਭੇ ਬਣੀ ਗੰਦੀ ਨਾਲੀ ਉੱਪਰ ਦੀ ਛੜੱਪਾ ਮਾਰ ਕੇ ਗਲ਼ੀ ਦੇ ਮੋੜ ’ਤੇ ਬੋੜੀ ਖੂਹੀ ’ਤੇ ਜਾ ਖੜੇ ਹੋਏ। ਬੀਬੀ ਗਾਲ਼ਾਂ ਦਿੰਦੀ ਘਰ ਅੰਦਰ ਜਾ ਵੜੀ।

ਖ਼ੈਰ, ਮਾੜੂ ਨਾਲ ਮਿਲਣੀ ਤੋਂ ਬਾਅਦ ਸਵੇਰ ਵੇਲੇ ਕਿਸੇ ਨਾ ਕਿਸੇ ਤਰਾਂ ਪਹੁੰਚਣਾ ਬੋੜੀ ਖੂਹੀ ’ਤੇ ਹੀ ਹੁੰਦਾ ਸੀ। ਉਦੋਂ ਤਕ ਕੋਈ ਨਾ ਕੋਈ ਆਪਣਾ ਯਾਰ ਬੇਲੀ ਪਹਿਲਾਂ ਹੀ ਪਹੁੰਚਿਆ ਹੁੰਦਾ ਸੀ ਉੱਥੇ। ਨਲਕਿਆਂ ਵਾਲੇ ਇੱਕ ਦੋ ਘਰਾਂ ਤੋਂ ਬਿਨਾਂ ਬਾਕੀ ਸਾਰੇ ਪਾਣੀ ਬੋੜੀ ਖੂਹੀ ਤੋਂ ਹੀ ਭਰਦੇ ਸੀ। ਬੋੜੀ ਖੂਹੀ ਦਾ ਪਾਣੀ ਕਦੇ ਕਦੇ ਗਰਮੀਆਂ ਨੂੰ ਥੱਲੇ ਚਲੇ ਜਾਂਦਾ ਸੀ, ਨਹੀਂ ਤਾਂ ਕਾਫ਼ੀ ਉੱਤੇ ਹੀ ਹੁੰਦਾ। ਬਰਸਾਤਾਂ ਦੁਆਲ਼ੇ ਤਾਂ ਅਸੀਂ ਅੱਕਾਂ ਦੇ ਲੰਮੇ ਡੰਡੇ ਲੈ ਕੇ ਖੂਹੀ ਵਿੱਚ ਡਿੱਗੇ ਚੂਹਿਆਂ ਨਾਲ ਛੇੜਖ਼ਾਨੀ ਵੀ ਕਰ ਲੈਂਦੇ ਹੁੰਦੇ ਸੀ। ਕਹੀ ਵਾਰੀ ਜੇ ਕੋਈ ਅਜੇ ਜਿਉਂਦਾ ਚੂਹਾ ਹੋਣਾ ਤਾਂ ਸਾਡੇ ਲਈ ਤਾਂ ਇਹ ਖ਼ਬਰ ਨੇੜਲੇ ਸ਼ਹਿਰ ਆਈ ਸਰਕਸ ਜਿੰਨੀ ਹੀ ਵਧੀਆ ਹੁੰਦੀ ਸੀ। ਖੂਹੀ ’ਤੇ ਉਨਾ ਚਿਰ ਨਿਆਣਿਆਂ ਦੀਆਂ ਰੌਣਕਾਂ ਰਹਿਣੀਆਂ ਜਿੰਨਾ ਚਿਰ ਕਿਸੇ ਸਿਆਣੇ ਨੇ ਆ ਕੇ ਉੱਚੀ ਉੱਚੀ ਗਾਲ਼ਾਂ ਕੱਢ ਕੇ ਸਾਰਿਆਂ ਨੂੰ ਦੁੜਾਉਣਾ ਨਾ। ਬੋੜੀ ਖੂਹੀ ’ਤੇ ਉਸ ਵੇਲੇ ਸਵੇਰੇ ਸਵੇਰੇ ਸਕੂਲ ਖੁੱਲਣ ਤੋਂ ਪਹਿਲਾਂ ਸਾਥੋਂ ਵੱਡੀ ਉਮਰ ਦੇ ਮੁੰਡੇ ਕੁੜੀਆਂ ਹੀ ਹੁੰਦੇ ਸੀ ਪਾਣੀ ਭਰਨ ਵਾਲੇ। ਉਨਾਂ ਨੂੰ ਕੱਚੀ ਨੀਂਦੋਂ ਉਠਾ ਕੇ ਘਰਦਿਆਂ ਨੇ ਗਾਲ਼ਾਂ ਕੱਢ ਕੱਢ ਕੇ ਭੇਜਿਆ ਹੁੰਦਾ ਸੀ। ਖੂਹੀ ’ਤੇ ਆ ਕੇ ਉਹ ਆਪਣੀ ਖਿਝ ਇੱਕ ਦੂਜੇ ਉੱਪਰ ਲਾਹੁੰਦੇ। ਉਨਾਂ ਦੀਆਂ ਲੜਾਈਆਂ ਸਾਡੇ ਸਵੇਰੇ ਕਨੇਡਾ ਵਿਚਲੇ ਨਿਆਣਿਆਂ ਦੇ ਕਾਰਟੂਨਾਂ ਨਾਲੋਂ ਵੀ ਜ਼ਿਆਦਾ ਅਨੰਦ ਵਾਲੀਆਂ ਹੁੰਦੀਆਂ ਸੀ।

ਬੋੜੀ ਖੂਹੀ ਤੋਂ ਬਾਅਦ ਮੈਂ ਤੇ ਮੇਰੇ ਖ਼ਾਸ ਆੜੀ, ਲੰਗਿਆਂ ਦੇ ਭਜੀ ਨੇ ਗਲ਼ੀਆਂ ਵਿੱਚ ਗੇੜੇ ਕੱਢਣੇ ਤੇ ਹੌਲੀ ਹੌਲੀ ਸਕੂਲ ਖੁੱਲਣ ਤਕ ਅਸੀਂ ਵੀ ਸਕੂਲ ਲਾਗੇ ਪਹੁੰਚ ਜਾਣਾ। ਸਕੂਲ ਪਿੰਡ ਦੇ ਨਾਲ ਹੀ ਸੀ ਵੱਡੇ ਥੜੇ ਦੇ ਦੂਜੇ ਪਾਸੇ ਪਰ ਸਾਨੂੰ ਨਿਆਣਿਆਂ ਨੂੰ ਪਿੰਡ ਤੋਂ ਕਾਫ਼ੀ ਦੂਰ ਲਗਦਾ ਹੁੰਦਾ ਸੀ। ਸਕੂਲ ਅੰਦਰ ਜਾਣ ਤੋਂ ਪਹਿਲਾਂ ਥੜੇ ਦੇ ਓਹਲੇ ਮੁੰਡਿਆਂ ਨੇ ਆਪਣੇ ਬਸਤੇ ਰੱਖ ਕੇ ਬੰਟਿਆਂ ਨਾਲ ਖੇਡਣਾ। ਅਸੀਂ ਆਪਣੀਆਂ ਤੜਾਗੀਆਂ ਵਿੱਚ ਗੂਠੇ ਅੜਾ ਕੇ ਉਨਾਂ ਦੀ ਹਰ ਹਰਕਤ, ਹਰ ਅਦਾ ਨੂੰ, ਬਹੁਤ ਹੀ ਧਿਆਨ ਨਾਲ ਦੇਖਣਾ ਜਿੱਦਾਂ ਗੌਲਫ ਦੇ ਸ਼ੁਕੀਨ ਟਾਈਗਰ ਵੁੱਡ ਨੂੰ ਦੇਖਦੇ ਹੋਣ। ਘੰਟੀ ਵੱਜਣ ’ਤੇ ਸਾਰੇ ਨਿਆਣਿਆਂ ਨੇ ਆਪੋ ਆਪਣੇ ਬਸਤੇ ਚੁੱਕ ਕੇ ਸਕੂਲ ਵੱਲ ਨੂੰ ਦੌੜ ਜਾਣਾ ਤੇ ਅਸੀਂ ਵਿਹਲੇ ਜਿਹੇ ਹੋ ਜਾਣਾ। ਜੇ ਕਿਤੇ ਇੱਕ ਅੱਧ ਬੰਟਾ ਸਾਡੇ ਵੀ ਹੱਥ ਆ ਜਾਂਦਾ ਤਾਂ ਅਸੀਂ ਥੋੜੀ ਦੇਰ ਉਹਦੇ ਨਾਲ ਵੱਡਿਆਂ ਦੀ ਰੀਸੇ ਆਪਣੇ ਬੰਟੇ ਖੇਡਣ ਦੇ ਹੁਨਰ ਨੂੰ ਤਿੱਖਾ ਕਰਦੇ। ਕਦੇ ਕਦੇ ਜੇ ਕਿਤੇ ਸਕੂਲ ਤੋਂ ਪਹਿਲਾਂ ਸਕੂਲ ਦਾ ਵੱਡਾ ਮਾਸਟਰ ਨਿਆਣਿਆਂ ਨੂੰ ਗਲ਼ੀ ਵਿੱਚ ਤੁਰਿਆ ਆਉਂਦਾ ਦਿਸ ਪੈਂਦਾ ਤਾਂ ਉਹ ਡਰਦੇ ਆਪਣੇ ਬਸਤੇ ਚੁੱਕ ਕੇ ਦੌੜਨ ਦੀ ਕਰਦੇ ਤੇ ਉਨਾਂ ਦੇ ਦੋ ਚਾਰ ਬੰਟੇ ਖੁੱਤੀ ਵਿੱਚ ਤੇ ਆਲ਼ੇ ਦੁਆਲੇ ਪਏ ਰਹਿ ਜਾਂਦੇ। ਇਸ ਮੁਫ਼ਤ ਵਿੱਚ ਮਿਲੀ ਲੁੱਟ ਲਈ ਸਾਡੀ ਛੋਟਿਆਂ ਦੀ ਬਹੁਤੀ ਵਾਰੀ ਜੁੱਤੀ ਖੜਕਦੀ। ਅਸੀਂ ਉਨਾਂ ਚਿਰ ਗੁੱਥ-ਮ-ਗੁੱਥਾ ਹੁੰਦੇ ਰਹਿੰਦੇ ਜਿਨਾਂ ਚਿਰ ਕੋਈ ਸਿਆਣਾ ਆ ਕੇ ਦਬਕਾ ਨਾ ਮਾਰਦਾ।

ਇਨਾਂ ਗਤੀਵਿਧੀਆਂ ਤੋਂ ਵਿਹਲੇ ਹੋ ਕੇ ਸਵੇਰ ਦੇ ਗਿਆ ਭੁੱਖ ਲੱਗੀ ’ਤੇ ਘਰ ਮੁੜਨਾ। ਪਰ ਜਿੱਦਾਂ ਕਹਿੰਦੇ ਹੁੰਦੇ ਆ ਕਿ ਭਲੇ ਦਿਨ ਸਦਾ ਨਹੀਂ ਰਹਿੰਦੇ। ਇੱਕ ਦਿਨ ਸਾਡੇ ਵੀ ਇਨਾਂ ਖ਼ੂਬਸੂਰਤ ਦਿਨਾਂ ਦਾ ਅੰਤ ਹੋ ਗਿਆ ਤੇ ਅੰਤ ਕਰਨ ਵਾਲਾ ਸੀ ਮੇਰਾ ‘ਕਾਲੀ ਤਾਇਆ।’

ਸਾਡਾ ਇਹ ਤਾਇਆ ਆਪ ਤਾਂ ਛੜਾ ਛਾਂਟ ਹੀ ਸੀ ਪਰ ਉਹਨੂੰ ਨਿਆਣਿਆਂ ਦਾ ਬੜਾ ਫ਼ਿਕਰ ਰਹਿੰਦਾ। ਉਹ ਬੰਦਾ ਬੜਾ ਰੰਗੀਲਾ ਸੀ। ਜਵਾਨੀ ਦੇ ਦਿਨਾਂ ਵਿੱਚ ਥੋੜਾ ਬਹੁਤਾ ਘੁਲਦਾ ਵੀ ਰਿਹਾ ਸੀ ਤੇ ਮੇਲਿਆਂ, ਛਿੰਝਾਂ ’ਤੇ ਜਾਣ ਦਾ ਤੇ ਖਾਣ ਪੀਣ ਦਾ ਪੂਰਾ ਸ਼ੌਕੀਨ। ਘਰ ਦੀ ਜ਼ਮੀਨ ਥੋੜੀ ਤੇ ਉੱਤੋਂ ਚਾਰ ਭਰਾ, ਤੇ ਤਾਇਆ ਵਿਆਹ ਦੀ ਦੌੜ ਵਿੱਚ ਫਾਡੀ ਰਹਿ ਗਿਆ। ਪਿੰਡ ਦੇ ਇੱਕ ਕਦੇ ਕਦਾਈਂ ਦਿਸਣ ਵਾਲੇ ਅਕਾਲੀ ਲੀਡਰ ਦੇ ਅਸਰ ਥੱਲੇ ਤਾਇਆ ‘ਕਾਲੀ’ ਬਣ ਗਿਆ। ਉਹਨੇ ਨੀਲੀ ਪੱਗ ਬੰਨਣੀ ਸ਼ੁਰੂ ਕਰ ਦਿੱਤੀ ਤੇ ਅੰਮ੍ਰਿਤ ਛਕ ਲਿਆ। ਪਹਿਲਾਂ ਸਾਰੀ ਉਮਰ ਉਹ ਛਿੱਬੀ ਰਿਹਾ ਸੀ ਤੇ ਫੇਰ ਅੰਮ੍ਰਿਤ ਛੱਕ ਕੇ ਬਣ ਗਿਆ ਸਰਦਾਰ ਸ਼ਿਵ ਸਿੰਘ। ਉੱਦਾਂ ਸਿੰਘ ਸਜਣ ਤੋਂ ਪਹਿਲਾਂ ਵੀ ਉਹ ਪਾਕਿਸਤਾਨ ਬਣਨ ਵੇਲੇ ਆਲ਼ੇ ਦੁਆਲ਼ੇ ਦੇ ਸਿੰਘਾਂ ਨਾਲ ਰਲ ਕੇ ਦੁਸ਼ਮਣਾਂ ਨੂੰ ਸੋਧਣ ਵਿੱਚ ਹਿੱਸਾ ਲੈਂਦਾ ਰਿਹਾ ਸੀ। ਫੇਰ ਉਹ ਪੰਥ ਦਾ ਜ਼ਿਆਦਾ ਫ਼ਿਕਰ ਕਰਨ ਲੱਗ ਪਿਆ। ਉਹਦਾ ਵਿਚਾਰ ਸੀ ਪਈ ਨਿਆਣਿਆਂ ਨੂੰ ਪੜਾਉਣਾ ਲਿਖਾਉਣਾ ਚਾਹੀਦਾ ਤਾਂ ਕਿ ਸਿਆਣੇ ਹੋ ਕੇ ਪੰਥ ਦੀ ਰਖਵਾਲੀ ਕਰਨ।

ਜਿੱਦਾਂ ਮੇਰੀ ਚਾਚੇ ਕੇ ਮਾੜੂ ਨਾਲ ਦਾਲ਼ ਨਹੀਂ ਸੀ ਗਲ਼ਦੀ, ਇੱਦਾਂ ਹੀ ਸਾਡੇ ਤਾਏ ਦੀ ਤੇ ਚਾਚੇ ਤਾਰੂ ਦੀ ਆਪਸ ਵਿੱਚ ਬਹੁਤੀ ਨਹੀਂ ਸੀ ਬਣਦੀ। ਇੱਕ ਵਾਰੀ ਮੇਰੇ ਤਾਏ ਨੇ ਬੇਬੇ ਨੂੰ ਕਿਹਾ ਪਈ ਆਹ ਨਿੱਕੇ ਦੇ ਹੁਣ ਵਾਲ ਨਹੀਂ ਮੁਨਾਉਣੇ। ਇਹਨੂੰ ਸਿੰਘ ਬਣਾਉਣਾ ਆਂ। ਚਾਚਾ ਤਾਰੂ ਆਪ ਤਾਂ ਦੂਏ ਤੀਏ ਦਾਸ ਨਾਈ ਕੋਲੋਂ ਕਦੇ ਵਾਲ ਤੇ ਕਦੇ ਦਾਹੜੀ ਮੁਨਾਉਣ ਤੁਰਿਆ ਹੀ ਰਹਿੰਦਾ ਸੀ। ਕਦੇ ਕਦੇ ਮੈਨੂੰ ਵੀ ਨਾਲ ਲੈ ਜਾਂਦਾ ਹੁੰਦਾ ਸੀ ਮੇਰੀ ਹਜਾਮਤ ਕਰਾਉਣ। ਇੱਕ ਦਿਨ ਜਦ ਉਹਨੇ ਮੈਨੂੰ ਨਾਲ ਲਿਜਾਣ ਲਈ ‘ਵਾਜ ਮਾਰੀ ਤਾਂ ਮੇਰੀ ਬੇਬੇ ਨੇ ਕਿਹਾ, ‘ਵੇਅ ਤਾਰੂ ਭਾਈ, ਇਹਨੂੰ ਨਾ ਲੈ ਕੇ ਜਾਈਂ। ਇਹਦਾ ਤਾਇਆ ਕਹਿੰਦਾ ਪਈ ਹੁਣ ਮੁੰਡੇ ਦੀ ਹਜਾਮਤ ਨਹੀਂ ਕਰਾਉਣੀ। ਇਹਨੂੰ ਸਿੰਘ ਬਣਾਉਣਾ ਆਂ।’

ਸੁਣ ਕੇ ਤਾਰੂ ਚਾਚਾ ਕਹਿੰਦਾ, ‘ਤਾਈ, ਤੇਰੇ ਕਾਲੀ ਪੁੱਤ ਦਾ ਤਾਂ ਸਿਰ ਹਿੱਲ ਗਿਆ ਲਗਦਾ। ਅਜੇ ਇਹ ਰੀਣ ਭਰ ਤਾਂ ਹੈਗਾ। ਇਹਨੂੰ ਕੀ ਪਤਾ ਸਿੱਖੀ ਕੀ ਹੁੰਦੀ ਆ ਤੇ ਕੇਸ ਕੀ ਹੁੰਦੇ ਆ। ਤਾਈ, ਨਾ ਤੇਰੇ ਕੋਲ, ਨਾ ਭਾਬੀ ਕੋਲ ਇਹਦਾ ਮੂੰਹ ਧੋਣ ਲਈ ਕਦੇ ਟੈਮ ਤਾਂ ਹੁੰਦਾ ਨਹੀਂ। ਇਹਨੂੰ ਨਲਾਉਣ ਲਈ ਤੇ ਗੁੱਟੀਆਂ ਕਰਨ ਲਈ ਤੁਹਾਨੂੰ ਕਿੱਥੇ ਵਿਹਲ ਮਿਲਣ ਲੱਗੀ ਆ। ਮਹੀਨੇ ਵਿੱਚ ਇਹਦਾ ਸਿਰ ਜੂੰਆਂ ਨਾਲ ਭਰ ਜਾਣਾ। ਕੋਈ ਅਕਲ ਦੀ ਗੱਲ ਕਰੋ।’

ਬੇਬੇ ਹੌਲ਼ੀ ਜਿਹੀ ਕਹਿਣ ਲੱਗੀ, ‘ਪੁੱਤ ਤੇਰੀ ਗੱਲ ਤਾਂ ਹੈਗੀ ਆ ਠੀਕ, ਪਰ ਹੁਣ ਘਰ ਦੇ ਬੰਦੇ ਕਹਿਣ ਤਾਂ ਫੇਰ ਕਰਨਾ ਤਾਂ ਪਊਗਾ ਈ।’

‘ਉਹ ਤੂੰ ਰਹਿਣ ਦੇ ਤਾਈ। ਮੈਂ ਕਰ ਲਊਂਗਾ ਵੱਡੇ ਭਾਈ ਕਾਲੀ ਨਾਲ ਆਪੇ ਗੱਲ। ਨਾਲੇ ਜੇ ਇਹਨੇ ਕੇਸ ਰੱਖਣੇ ਹੋਏ, ਆਪੇ ਬੜਾ ਹੋ ਕੇ ਰੱਖ ਲਊਗਾ।’ ਫੇਰ ਚਾਚਾ ਮੈਨੂੰ ਕਹਿਣ ਲੱਗਾ, ‘ਚੱਲ ਬਈ ਸ਼ੇਰ ਬਹਾਦਰ ਉੱਠ।’

ਮੇਰਾ ਸਿਰ ਮਨਾਉਣ ਨੂੰ ਤਾਂ ਕਦੇ ਵੀ ਜੀਅ ਨਹੀਂ ਸੀ ਕਰਦਾ ਹੁੰਦਾ। ਹਜਾਮਤ ਕਰਾਉਂਦਾ ਬਹੁਤਾ ਟੈਮ ਤਾਂ ਮੈਂ ਦਾਸ ਬਾਬੇ ਮੂਹਰੇ ਬੈਠਾ ਰੋਂਦਾ ਹੀ ਰਹਿੰਦਾ ਸੀ। ਪਰ ਚਾਚਾ ਤਾਰੂ ਮੈਨੂੰ ਮਗਰੋਂ ਆਣੀ ਪ੍ਰੀਤਮ ਦੀ ਹੱਟੀ ਤੋਂ ਮਿੱਠੀਆਂ ਗੋਲ਼ੀਆਂ ਲੈ ਦਿੰਦਾ ਹੁੰਦਾ ਸੀ। ਗੋਲ਼ੀਆਂ ਦੇ ਲਾਲਚ ਨੂੰ ਮੈਂ ਪੈਰ ਜਿਹੇ ਮੱਲਦਾ ਉਹਦੇ ਮਗਰ ਤੁਰ ਪਿਆ।

ਬਾਕੀ ਸਫ਼ਾ 30 ’ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਕਿਸਾਨ ਅੰਦੋਲਨ: ਟਰਾਲੀਆਂ ਆਉਂਦੀਆਂ ਨੇ..

- ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ

ਟਰੈਕਟਰ ਟਰਾਲੀਆਂ ਨਾਲ ਮੇਰਾ ਮੋਹ ਕਦੇ ਨਹੀਂ ਸੀ ਪਿਆ। ਸ਼ਾਇਦ ਇਸ ਕਰਕੇ ਵੀ, ਕਿ ਮੇਰਾ ਵਾਹ ਪਿੰਡਾਂ ਨਾਲ ਨਹੀਂ ਪਿਆ ਅਤੇ ਕਿਰਸਾਨੀ ਜੀਵਨ ਨਾਲ ਤਾਂ ਬਿਲਕੁੱਲ ਨਹੀਂ। ਗੁਰਬਾਣੀ ਜਾਂ ਗੁਰ ਇਤਿਹਾਸ ਪੜਦੇ ਕਿਸਾਨ ਦੇ ਜੀਵਨ ਬਾਰੇ ਮਾੜੀ ਮੋਟੀ ਜਾਣਕਾਰੀ ਜ਼ਰੂਰ ਸੀ। ਇਹ ਵੀ ਸੱਚ ਹੈ ਕਿ, ਮੇਰਾ ਮੋਹ ਜ਼ਰੂਰ ਪਿੰਡਾਂ ਨਾਲ ਜੁੜਿਆ ਰਿਹਾ ਹੈ। ਆਪਣੇ ਮਾਸੀ ਦੇ ਪਿੰਡ ਨੌਸ਼ਹਿਰਾ ਢਾਲਾ, ਭੂਆ ਦਾ ਪਿੰਡ ਗਉਂਸਪੁਰਾ/ਉਮਰਪੁਰਾ ਦਸਵੀਂ ਜਮਾਤ ਤੋਂ ਪਹਿਲਾਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੜੇ ਚਾਵਾਂ ਨਾਲ ਜਾਂਦਾ ਰਿਹਾ। ਇਹ ਨਹੀਂ ਕਿ ਮੈਂ ਸ਼ਹਿਰੀ ਹਾਂ, ਪੱਟੀ ਇੱਕ ਕਸਬਾਨੁਮਾ ਇਲਾਕਾ ਹੈ, ਆਲ਼ੇ ਦੁਆਲੇ ਬਹੁਤ ਸਾਰੇ ਪਿੰਡ ਨੇ, ਅਤੇ ਪਿੰਡਾਂ ਦੇ ਖੁੱਲੇ ਡੁੱਲੇ ਸੁਭਾਅ ਦਾ ਅਸਰ ਮੇਰੇ ਤੇ ਪੂਰਾ ਰਿਹਾ ਹੈ।

ਖ਼ੈਰ! ਵਿਸ਼ੇ ਵੱਲ ਹੁੰਦੇ ਹਾਂ। ਟਰੈਕਟਰ-ਟਰਾਲੀ ਖੇਤਾਂ ਦੀ ਸ਼ਾਨ ਮੰਨੇ ਜਾਂਦੇ ਹਨ ਅਤੇ ਹੈ ਵੀ ਇਹ ਸੱਚ। ਬਲਦਾਂ ਦੇ ਜੋੜਿਆਂ ਤੋਂ ਟਰੈਕਟਰਾਂ ਤੱਕ ਪਹੁੰਚਾਉਣਾ ਹੀ ਮਸ਼ੀਨੀ ਯੁੱਗ ਦਾ ਕਮਾਲ ਸੀ। ਭਾਵੇਂ ਕਿ ਅਜੋਕੇ ਦੌਰ ਵਿੱਚ ਤਾਂ ਹੋਰ ਵੀ ਬਹੁਤ ਸਾਰੀਆਂ ਤਕਨੀਕਾਂ ਅਤੇ ਖੇਤੀ ਕਰਨੀ ਦੇ ਮਸ਼ੀਨੀ ਸਾਧਨ ਉਪਲਬਧ ਹੋ ਚੁੱਕੇ ਹਨ। ਸ਼ਹਿਰਾਂ ਵਿੱਚ ਸਜੇ ਹੋਏ ਸੁਹਣੇ ਸੁਹਣੇ ਟਰੈਕਟਰ ਟਰਾਲੀਆਂ ਤਾਂ ਖ਼ਾਸ ਤੌਰ ਤੇ ਗੁਰਪੁਰਬਾਂ ਮੌਕੇ ਕੱਢੇ ਜਾਣ ਵਾਲੇ ਨਗਰ ਕੀਰਤਨਾਂ ਵਿੱਚ ਹੀ ਦੇਖੇ ਜਾਂਦੇ ਹਨ ਜਾਂ ਫਿਰ ਬਹੁਤ ਪੁਰਾਣੀ ਕਿਸਮ ਦੇ ਕਬਾੜ ਵਰਗੀਆਂ ਕੁੱਝ ਟਰਾਲੀਆਂ ਸ਼ਹਿਰਾਂ ਵਿੱਚ ਕਿਸੇ ਨਵੀਂ ਬਣ ਰਹੀ ਹੈ ਇਮਾਰਤ ਲਈ ਸਮਾਨ ਢੋਂਹਦੀ ਨਜ਼ਰ ਆਉਂਦੀ ਹੈ। ਇਸ ਤੋਂ ਜ਼ਿਆਦਾ ਇਸਦੇ ਫ਼ਾਇਦੇ ਤੇ ਮਹੱਤਤਾ ਦਾ ਸ਼ਾਇਦ ਹੀ ਸ਼ਹਿਰੀਆਂ ਨੂੰ ਬਹੁਤਾ ਪਤਾ ਹੋਵੇ।

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਨੂੰ ਪੰਜਾਬੀ ਕਿਸਾਨਾਂ ਵੱਲੋਂ ਆਹਡਾ ਲਾਇਆ ਨੂੰ ਵੀ ਛੇ ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ। ਇੱਕ ਸ਼ਕਤੀਸ਼ਾਲੀ ਵਿਰੋਧੀ ਪਾਰਟੀ ਨਾ ਹੋਣ ਕਰਕੇ ਮੌਜੂਦਾ ਹਾਕਮ ਆਪਣੇ ਆਪ ਨੂੰ ਤਾਨਾਸ਼ਾਹ ਸਮਝਦਾ ਹੈ ਅਤੇ ਇੱਕ ਧਰਮ ਨਿਰਪੱਖ/ਲੋਕਤੰਤਰੀ ਦੇਸ਼ ਵਿੱਚ ਇੱਕ ਰਾਸ਼ਟਰਵਾਦ ਦੇ ਨਾਂ ਹੇਠ ਘੱਟ ਗਿਣਤੀਆਂ ਨੂੰ ਹਾਸ਼ੀਏ ਵੱਲ ਧੱਕਣ ਅਤੇ ਬਹੁਗਿਣਤੀ ਲੋਕਾਂ ਅੰਦਰ ਧਾਰਮਕ ਕੱਟੜਤਾ/ਫਿਰਕੂਵਾਦ ਰਾਹੀਂ ਆਪਣਾ ਭਵਿੱਖੀ ਰਾਜ ਭਾਗ ਸੰਭਾਲਣ ਦੇ ਸੁਪਨੇ ਲੈ ਰਿਹਾ ਹੈ। ਪਰ ਜਿਸ ਢੰਗ ਨਾਲ ਪੰਜਾਬ ਦੇ ਕਿਸਾਨਾਂ ਨੇ ਇਸ ਹਾਕਮ ਦੇ ਘੋੜੇ ਦੀ ਲਗਾਮ ਨੂੰ ਫੜ ਕੇ ਰੋਕਿਆ ਜਾ ਰਿਹਾ, ਉਸ ਨੂੰ ਪੂਰੀ ਦੁਨੀਆ ਦੇਖ ਰਹੀ ਹੈ।

276-27 ਨਵੰਬਰ ਤੋਂ ਦਿੱਲੀ ਵਿੱਚ ਟਰਾਲੀਆਂ ਦਾ ਜੋ ਗਾਹ ਪਾਇਆ ਅਤੇ ਟਰੈਕਟਰਾਂ ਨਾਲ ਪ੍ਰਸ਼ਾਸਨ ਦੇ ਲਗਾਏ ਬੈਰੀਗੇਟਾਂ ਨੂੰ ਚੱਕ ਕੇ ਪਿੱਛੇ ਕੀਤਾ, ਬਿਲਕੁਲ ਐਵੇਂ ਹੀ ਸੀ, ਜਿਵੇਂ ਇਤਿਹਾਸ ਵਿੱਚ ਨਾਦਰਸ਼ਾਹ, ਅਬਦਾਲੀ ਵਰਗਿਆਂ ਤੋਂ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਕੀਤਾ ਗਿਆ ਸੀ। ਮੈਂ ਇੱਕ ਹਫ਼ਤੇ ਤੋਂ ਵੱਧ ਦਾ ਸਮਾਂ ਇਸ ਮੋਰਚੇ ਵਿੱਚ ਬਤੀਤ ਕਰਕੇ ਆਇਆ ਅਤੇ ਹੁਣ ਫਿਰ ਵਾਪਸ ਜਾਣ ਦੀ ਤਿਆਰੀ ਹੈ ਅਤੇ ਇਸ ਮੌਕੇ ਚਾਰੇ ਪਾਸੇ ਟਰੈਕਟਰ-ਟਰਾਲੀਆਂ ਦੀ ਭਰਮਾਰ ਵੇਖਣ ਨੂੰ ਮਿਲੀ। ਇਤਿਹਾਸ ਪੜਦੇ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹੋਇਆ ਕਰਦੀਆਂ ਸੀ, ਪਰ ਅੱਜ ਮੌਜੂਦਾ ਮਸ਼ੀਨੀ ਘੋੜੇ ਟਰੈਕਟਰ ਟਰਾਲੀਆਂ ਵਿੱਚ ਸੱਚਮੁੱਚ ਦੇ ਘਰ ਬਣੇ ਦੇਖੇ। ਸਾਫ਼-ਸਫ਼ਾਈ ਵੱਲ ਖ਼ਾਸ ਧਿਆਨ ਰੱਖਿਆ ਜਾ ਰਿਹਾ ਹੈ ਤਾਂ ਕਿ ਗੰਦਗੀ ਵਗ਼ੈਰਾ ਫੈਲਣ ਨਾਲ ਕਿਸੇ ਦੀ ਮਹਾਮਾਰੀ ਇਸ ਅੰਦੋਲਨ ਨੂੰ ਫਿੱਕਾ ਨਾ ਕਰ ਦੇਵੇ। ਟਰਾਲੀਆਂ ਵਿੱਚ ਐਲ.ਈ.ਡੀ ਲਾਈਟਾਂ, ਮੋਬਾਇਲ ਚਾਰਜ ਕਰਨ ਦੀ ਸਹੂਲਤ, ਗੱਦੇ, ਰਜਾਈਆਂ ਆਦਿ ਬਜ਼ੁਰਗਾਂ ਦੇ ਆਰਾਮ ਕਰਨ ਲਈ ਵਿਛਾਏ ਹੋਏ ਹਨ। ਕੁੱਝ ਨੌਜਵਾਨਾਂ ਨੇ ਟਰਾਲੀਆਂ ਉੱਪਰ ਸੋਲਰ ਸਿਸਟਮ ਵੀ ਲਗਾਇਆ ਹੈ ਤਾਂ ਕਿ ਰਾਤ-ਬਰਾਤੇ ਬੱਤੀ ਜਾਣ ਤੇ ਬਜ਼ੁਰਗਾਂ ਜਾਂ ਆਂਢੀ-ਗੁਆਂਢੀਆਂ ਟਰਾਲੀ ਵਾਲਿਆਂ ਨੂੰ ਮੁਸ਼ਕਲ ਨਾ ਆਵੇ।

ਸਾਰਾ ਦਿਨ ਲੱਖਾਂ ਦੀ ਗਿਣਤੀ ਵਿੱਚ ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਤੋਂ ਸਰਕਾਰੀ ਨੀਤੀਆਂ ਤੋਂ ਸਤਾਏ ਕਿਸਾਨ ਅਤੇ ਕਿਸਾਨਾਂ ਦਾ ਸਮਰਥਨ ਕਰਨ ਲਈ ਲੋਕ ਆਉਂਦੇ ਹਨ, ਜਾਂਦੇ ਹਨ। ਦਿਨ-ਰਾਤ ਇਹ ਆਉਣ-ਜਾਣ ਲੱਗਿਆ ਰਹਿੰਦਾ ਹੈ। ਉੱਥੇ ਸਮੁੱਚੇ ਪੰਜਾਬੀ-ਹਰਿਆਣਵੀ ਭਾਈਚਾਰੇ ਵੱਲੋਂ ਸੰਘਰਸ਼ੀ ਯੋਧਿਆਂ ਦੀਆਂ ਸਹੂਲਤਾਂ ਲਈ ਕੀਤੀਆਂ ਜਾ ਰਹੀਆਂ ਅਣਥੱਕ ਸੇਵਾਵਾਂ ਆਪਣੇ ਮਿਸਾਲ ਆਪ ਹਨ। ਪ੍ਰਸ਼ਾਦਾ, ਚਾਹ, ਦੁੱਧ ਅਤੇ ਹੋਰ ਖਾਣ-ਪੀਣ ਦੇ ਲੰਗਰਾਂ ਵਾਸਤੇ ਰਾਹਗੀਰਾਂ ਨੂੰ ਸਪੀਕਰ ਰਾਹੀਂ ਅਨਾਊਂਸਮੈਂਟ ਕਰਕੇ ਦੱਸਿਆ ਜਾਂਦਾ ਰਹਿੰਦਾ ਹੈ ਅਤੇ ਵੰਨ-ਸੁਵੰਨੇ ਭੋਜਨ ਛਕਣ ਦੀਆਂ ਅਪੀਲਾਂ ਸਟੇਜ ਤੇ ਪੁੱਜਣ ਤੋਂ 15 ਕਿਲੋਮੀਟਰ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ।

ਤਰਪਾਲਾਂ ਨਾਲ ਚੰਗੀ ਤਰਾਂ ਢਕੇ ਟਰੈਕਟਰ-ਟਰਾਲੀਆਂ ਤੇ ਚੜੇ ਨੌਜਵਾਨ, ਬਜ਼ੁਰਗ, ਬੱਚੇ, ਔਰਤਾਂ ਇਸ ਕਿਸਾਨੀ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ। ਹਰੇਕ ਟਰੈਕਟਰ-ਟਰਾਲੀ ਤੋਂ ਮੌਜੂਦਾ ਸਮੇਂ ਦੇ ਸੰਘਰਸ਼ ਨੂੰ ਮੁੱਖ ਰੱਖ ਕੇ ਲਿਖੇ ਅਤੇ ਗਾਏ ਜਾ ਰਹੇ ਪੰਜਾਬ ਦੇ ਗਾਇਕਾਂ ਦੇ ਗੀਤ ਵੱਜ ਰਹੇ ਹੁੰਦੇ ਹਨ, ਜੋ ਹੋਰ ਵੀ ਰੋਹ ਅਤੇ ਜੋਸ਼ ਭਰਦੇ ਹਨ। ਕੀ ਵੇਖਦਾ ਹਾਂ ਕਿ, 'ਕੁੱਝ ਹੋਰ ਟਰੈਕਟਰਾਂ ਮਗਰ ਲੱਗੀਆਂ ਟਰਾਲੀਆਂ ਆ ਰਹੀਆਂ ਨੇ। ਉਨਾਂ ਤੇ ਕੋਈ ਵੀ ਕਿਸੇ ਕਿਸਮ ਦਾ ਸਪੀਕਰ ਜਾਂ ਗੀਤ ਨਹੀਂ ਚੱਲ ਰਿਹਾ ਹੁੰਦਾ ਐਸੀਆਂ ਟਰਾਲੀਆਂ ਜਿਨਾਂ ਤੇ ਕੇਵਲ ਦੋ ਨੌਜਵਾਨ ਚੜੇ ਹੁੰਦੇ ਹਨ, ਮੈਂ ਹੈਰਾਨ ਹੋ ਕੇ ਤੱਕਦਾ ਹਾਂ ਤਾਂ ਵਿੱਚੋਂ ਹੀ ਟਰੈਕਟਰ ਤੇ ਚੜਿਆ ਨੌਜਵਾਨ ਹੱਥ ਵਿੱਚ ਫੜੇ ਮਾਈਕ ਜਮਾਂ ਸਪੀਕਰ ਰਾਹੀਂ ਹੇਕ ਲਾਉਂਦਾ ਹੈ, 'ਭਾਈ! ਬਾਲਣ ਦੀ ਭਰੀ ਟਰਾਲੀ ਹੈ ਕਿਸੇ ਵੀ ਲੰਗਰ ਵਾਲੇ ਮਾਈ-ਭਾਈ ਨੂੰ ਗੁਰੂ ਦੇ ਲੰਗਰਾਂ ਲਈ ਬਾਲਣ ਚਾਹੀਦੈ ਤਾਂ ਟਰਾਲੀ ਨੇ ਨੇੜੇ ਆ ਜਾਉ ਭਾਈ!'

ਉਸਦੇ ਪਿੱਛੇ ਇੱਕ ਹੋਰ ਟਰੈਕਟਰ ਟਰਾਲੀ ਆ ਰਹੀ ਹੈ ਉਸਦਾ ਨਜ਼ਾਰਾ ਵੀ ਅੱਗੇ ਚੱਲ ਰਹੇ ਟਰੈਕਟਰ-ਟਰਾਲੀ ਵਾਲਾ ਹੀ ਹੈ, ਇਕ ਨੌਜਵਾਨ ਅਵਾਜ਼ਾਂ ਦਿੰਦਾ ਹੈ, 'ਭਾਈ! ਗੁਰੂ ਦੇ ਲੰਗਰਾਂ ਲਈ ਆਲੂ-ਪਿਆਜ਼ ਚਾਹੀਦੇ ਹੋਣ ਤਾਂ ਭਰੀ ਹੋਈ ਟਰਾਲੀ ਆਈ ਹੈ, ਟਰਾਲੀ ਦੇ ਨੇੜੇ ਆ ਕੇ ਲੈ ਜਾਉ।' ਸਾਰਾ ਦਿਨ ਉੱਥੇ ਇਸ ਤਰਾਂ ਦੀਆਂ ਵੀ ਸੈਂਕੜੇ ਟਰਾਲੀਆਂ ਆਉਂਦੀਆਂ ਹਨ, ਜਿਸ ਵਿੱਚ ਵਿਅਕਤੀ ਕੋਈ ਨਹੀਂ, ਪਰ ਕਿਸਾਨੀ ਸੰਘਰਸ਼ ਦਾ ਹਿੱਸਾ ਬਣੇ ਹਰ-ਵੱਡੇ ਛੋਟੇ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਸਮਾਨ ਲੱਦਿਆ ਹੁੰਦਾ ਹੈ। ਮੇਰਾ ਮਨ ਗਦਗਦ ਹੋ ਜਾਂਦਾ ਹੈ ਕਿ ਮੈਂ ਵੀ ਇਸ ਸੰਘਰਸ਼ ਦਾ ਹਿੱਸਾ ਹਾਂ। ਮੈਨੂੰ ਸ਼ਹਿਰ ਤੋਂ ਫੋਨ ਆਉਂਦਾ ਹੈ, ਭਾਜੀ! ਤੁਸੀਂ ਦਿੱਲੀ ਹੋ? ਮੈਂ ਹਾਂ ਵਿੱਚ ਜੁਆਬ ਦੇਣ ਲੱਗਿਆਂ ਗਿੱਠ ਗਿੱਠ ਮਾਣ ਨਾਲ ਉੱਚਾ ਹੋ ਜਾਂਦਾ ਹਾਂ। ਦੱਸਦਾ ਹਾਂ, ਭਾਵੇਂ ਮੈਂ ਕਿਸਾਨੀ ਜਾਂ ਕਿਸਾਨ ਪਰਵਾਰ ਨਾਲ ਸਬੰਧਤ ਨਹੀਂ ਹਾਂ, ਪਰ ਮੈਂ ਇਨਸਾਨ ਹਾਂ, ਇਨਸਾਨ ਦੇ ਜਿਉਂਦੇ ਰਹਿਣ ਲਈ ਭੋਜਨ ਦੀ ਲੋੜ ਹੁੰਦੀ ਹੈ, ਜਿਸ ਲਈ ਅੰਨ ਕਿਸਾਨ ਪੈਦਾ ਕਰਦਾ ਹੈ, ਇਸ ਲਈ ਮੈਂ ਆਪਣਾ ਫ਼ਰਜ਼ ਸਮਝਦੇ ਹੋਏ ਦਿੱਲੀ ਪਹੁੰਚ ਗਿਆ ਹਾਂ।

**ਆਓ! ਇਸ ਕਿਸਾਨੀ ਅੰਦੋਲਨ, ਕਿਸਾਨੀ ਸੰਘਰਸ਼ ਦਾ ਹਿੱਸਾ ਬਣੀਏ। ਕਿਸਾਨੀ ਬਚਾਈਏ, ਪੰਜਾਬ ਬਚਾਈਏ। ਗੁਰੂ ਰਾਖਾ!**

---

# ਨਵੀਂ ਪੀੜੀ ਪੰਜਾਬੀ ਮਾਂ-ਬੋਲੀ ਤੋਂ ਬੇਮੁਖ ਕਿਉਂ?

- ਗੁਰਮੀਤ ਕੌਰ

ਪਿਛਲੇ ਪੰਜ-ਛੇ ਵਰਿਆਂ ਤੋਂ ਮੈਂ ਅਮਰੀਕਾ, ਕੈਨੇਡਾ ਤੇ ਚੜਦੇ ਅਤੇ ਲਹਿੰਦੇ ਪੰਜਾਬ ਵਿਚ ਪੰਜਾਬੀ-ਅੰਗਰੇਜ਼ੀ ਵਿਚ ਛਪਵਾਈਆਂ ਆਪਣੀਆਂ ਬਾਲ-ਕਹਾਣੀਆਂ ਦੀਆਂ ਕਿਤਾਬਾਂ ਵੇਚਣ ਵਾਸਤੇ ਥਾਂ-ਥਾਂ ਫ਼ੋਨ ਕਰਦੀ ਤੇ ਈ-ਮੇਲਾਂ ਭੇਜਦੀ ਰਹਿੰਦੀ ਹਾਂ। ਇਸ ਤੋਂ ਬਿਨਾਂ ਹੋਰ ਰਸਤਾ ਵੀ ਨਹੀਂ ਦਿਸਦਾ। ਸਾਡਾ ਆਨਲਾਈਨ ਸਟੋਰ ਵੀ ਹੈ, ਫੇਸਬੁੱਕ 'ਤੇ ਹਾਜ਼ਰ ਰਹਿੰਦਾ ਹੈ, ਪਰ ਮਹੀਨੇ ਵਿਚ ਮਸਾਂ ਇਕ-ਦੋ ਗਾਹਕ ਹੀ ਦਿਸਦੇ ਹਨ। ਇਹਦਾ ਕਾਰਨ ਵੀ ਪਤਾ ਹੀ ਹੈ। ਬਹੁਤੀਆਂ ਕੌਮਾਂ ਦੇ ਘਰੀਂ ਲਾਇਬ੍ਰੇਰੀਆਂ ਹੁੰਦੀਆਂ ਹਨ, ਪਰ ਪੰਜਾਬੀਆਂ ਵਿਚ ਇਹ ਸਭਿਆਚਾਰ ਪ੍ਰਫੁੱਲਿਤ ਨਹੀਂ ਹੋ ਸਕਿਆ। ਸਾਡੇ ਘਰੀਂ ਕਈ ਵਾਰ ਚਾਰ-ਕੁ ਕਿਤਾਬਾਂ ਰੱਖਣ ਦੀ ਥਾਂ ਵੀ ਨਹੀਂ ਹੁੰਦੀ। ਮੈਂ ਸੋਚਦੀ ਹਾਂ, ਸਾਡੇ ਲੋਕ ਭਲਾ ਕਿਤਾਬਾਂ ਖ਼ਰੀਦਣ ਵੀ ਕਿਉਂ? ਤੇ ਉਹ ਵੀ ਪੰਜਾਬੀ ਵਿਚ ਲਿਖੀਆਂ! ਮੋਬਾਈਲ ਫੋਨਾਂ ਨਾਲ ਚਿੰਬੜੇ ਸਾਡੇ ਬੱਚਿਆਂ ਨੇ ਪੰਜਾਬੀ ਤੋਂ ਭਲਾ ਕੀ ਲੈਣਾ ਏ?

ਕਿਸੇ ਬੋਲੀ ਨੂੰ ਉਹਦਾ ਸਾਹਿਤ ਹੀ ਜਿਊਂਦਾ ਰੱਖਦਾ ਹੈ। ਕੀ ਕੋਈ ਸੋਚ ਸਕਦਾ ਹੈ ਕਿ ਜੇ ਸਾਡਾ ਸਰਵੋਤਮ ਸਾਹਿਤ-ਲੋਕਬਾਣੀ, ਸੂਫ਼ੀਬਾਣੀ, ਗੁਰਬਾਣੀ-ਸ਼ਬਦ ਲਿਪੀ ਵਿਚ ਲਿਖਿਆ ਨਾ ਹੁੰਦਾ ਤਾਂ ਸਾਡੇ ਤੇ ਸਾਡੀ ਬੋਲੀ ਦੇ ਪੱਲੇ ਕੀ ਹੋਣਾ ਸੀ? ਤੇ ਸਾਡੀ ਅਗਲੀ ਪੀੜੀ ਦਾ ਕੀ ਹਸ਼ਰ ਹੋਣ ਵਾਲਾ ਏ, ਜੋ ਪੰਜਾਬੀ ਨਹੀਂ ਬੋਲਦੀ। ਉਸ ਪੀੜੀ ਨੇ ਪੜਨੀ ਅਤੇ ਲਿਖਣੀ ਤਾਂ ਕੀ, ਉਸ ਨੂੰ ਤਾਂ ਚੱਜ ਨਾਲ ਬੋਲਣੀ ਵੀ ਨਹੀਂ ਆਉਂਦੀ। ਉਹ ਸਾਡੇ ਸਾਹਿਤ ਦੇ ਅਮੀਰ ਵਿਰਸੇ ਨੂੰ ਅਗਾਂਹ ਕੀ ਤੋਰਨਗੇ? ਬੱਚਿਆਂ ਦੇ ਮਾਪਿਆਂ ਨਾਲ ਮੇਰੀ ਗੱਲਬਾਤ ਅਕਸਰ ਇੰਜ ਮੁੱਕਿਆ ਕਰਦੀ ਏ, ਬੱਚੇ ਆਪਣੇ ਦਾਦੇ ਦਾਦੀ, ਨਾਨੇ ਨਾਨੀ ਨਾਲ ਪੰਜਾਬੀ ਬੋਲ ਲੈਂਦੇ ਨੇ ਜਾਂ ਬੱਚੇ ਵੱਡਿਆਂ ਦੀ ਪੰਜਾਬੀ 'ਚ ਕੀਤੀ ਗੱਲ ਸਮਝ ਲੈਂਦੇ ਨੇ। ਉਨਾਂ ਵਾਸਤੇ ਪੰਜਾਬੀ ਏਨੀ ਹੀ ਬਹੁਤ ਹੈ। ਫੇਰ ਮੈਂ ਉਨਾਂ ਨੂੰ ਪੁੱਛਦੀ ਹਾਂ: ਕੀ ਬੱਚੇ ਆਪਣੇ ਦਿਲ ਦੀ, ਜ਼ਿੰਦਗੀ ਦੀ, ਆਲੇ-ਦੁਆਲੇ ਦੀ ਗੱਲ ਪੰਜਾਬੀ 'ਚ ਕਰ ਲੈਂਦੇ ਨੇ? ਉਨਾਂ ਆਪਣੇ ਹਾਣ ਦੀ ਕੋਈ ਪੰਜਾਬੀ ਕਿਤਾਬ ਕਦੇ ਪੜੀ ਹੈ? ਕੋਈ ਬੱਚਾ ਵੱਡਾ ਹੋ ਕੇ ਪੰਜਾਬੀ ਵਿਚ ਕਿਤਾਬਾਂ ਲਿਖੇਗਾ ਵੀ? ਜਦੋਂ ਪਿੱਛੇ ਜਿਹੇ ਕੈਨੇਡਾ ਦੇ ਸ਼ਹਿਰ ਬ੍ਰੈਂਟਫਰਡ ਦੇ ਗੁਰਦੁਆਰੇ ਵਿਚ ਨੌਜਵਾਨਾਂ ਨੂੰ ਪੁੱਛਿਆ ਕਿ ਅੰਗਰੇਜ਼ੀ ਸਾਹਿਤ ਦੀ ਸ਼ਾਹਕਾਰ ਰਚਨਾ ਕਿਸ ਦੀ ਹੈ ਤਾਂ ਉਨਾਂ ਸ਼ੇਕਸਪੀਅਰ ਦਾ ਨਾਂ ਲਿਆ। ਫੇਰ ਮੈਂ ਉਨਾਂ ਨੂੰ ਪੁੱਛਿਆ ਕਿ ਸ਼ੈਕਸਪੀਅਰ ਨੂੰ ਪੜਨ ਤੇ ਸਮਝਣ ਲਈ ਉਨਾਂ ਕਿੰਨੀਆਂ ਕਿਤਾਬਾਂ ਪੜੀਆਂ ਹਨ। ਅੱਗੋਂ ਜਵਾਬ ਮਿਲਿਆ, ਘੱਟੋ-ਘੱਟ ਸੌ ਕਿਤਾਬਾਂ, ਪਰ ਉਹ ਪੰਜਾਬੀ ਦੀ ਇਕ ਵੀ ਸ਼ਾਹਕਾਰ ਲੇਖਕ ਜਾਂ ਰਚਨਾ ਦਾ ਨਾਂ ਨਹੀਂ ਦੱਸ ਸਕੇ। ਜਿਸ ਬੱਚੇ ਨੇ ਸਾਰੀ ਉਮਰ ਆਪਣੇ ਮਾਂ-ਪਿਉ ਦੇ ਹੱਥ ਵਿਚ ਕਦੇ ਪੰਜਾਬੀ ਦੀ ਕਿਤਾਬ ਨਾ ਵੇਖੀ ਹੋਵੇ, ਉਹ ਵੱਡੇ ਹੋ ਕੇ ਲਿਖਾਰੀ ਕਿਵੇਂ ਬਣਨਗੇ? ਉਨਾਂ ਦੀ ਪੰਜਾਬੀ ਦੀ ਸ਼ਬਦਾਵਲੀ ਪੰਜਾਬੀ ਗਾਣਿਆਂ 'ਚ ਵਰਤੇ ਜਾਂਦੇ ਕੁੱਲ ਚਾਲੀ-ਪੰਜਾਹ ਸ਼ਬਦਾਂ ਵਾਲੀ ਹੀ ਹੈ।

ਉਂਜ ਮੇਰਾ ਕੁਝ ਸਾਲਾਂ ਦਾ ਤਜਰਬਾ ਤੇ ਖ਼ੁਸ਼ਨਸੀਬੀ ਇਹ ਵੀ ਰਹੀ ਹੈ ਕਿ ਕਈ ਮਾਪਿਆਂ ਦੀ ਸੋਚ ਬਦਲੀ ਹੈ। ਉਨਾਂ ਆਪਣੇ ਘਰਾਂ ਵਿਚ ਕਿਤਾਬਾਂ ਰੱਖਣ ਦੀ ਥਾਂ ਬਣਾਈ ਹੈ ਤੇ ਉਹ ਆਪਣੇ ਬੱਚਿਆਂ ਨਾਲ ਰਲ ਕੇ ਬਾਲ ਕਹਾਣੀਆਂ ਪੜਦੇ-ਮਾਣਦੇ ਹਨ। ਹੁਣ ਜਦੋਂ ਨਵੀਂ ਪੀੜੀ ਦੇ ਬੱਚੇ ਹਰ ਵੇਲੇ ਕੰਪਿਊਟਰਾਂ-ਮੋਬਾਈਲਾਂ ਨਾਲ ਚਿੰਬੜੇ ਰਹਿੰਦੇ ਹਨ ਤਾਂ ਉਸ ਹਾਲਾਤ ਵਿਚ ਮਾਪਿਆਂ ਦਾ ਆਪਣੇ ਬੱਚਿਆਂ ਨਾਲ ਬੈਠ ਕੇ ਕਿਤਾਬਾਂ ਪੜਨਾ, ਚੰਗਾ ਸੰਕੇਤ ਹੈ। ਜਦੋਂ ਮਾਪੇ ਪੰਜਾਬੀ ਦੀ ਕੋਈ ਕਿਤਾਬ ਘਰ ਵਿਚ ਲਿਆ ਕੇ ਰੱਖਦੇ ਹਨ ਤਾਂ ਇੰਜ ਲੱਗਦਾ ਹੈ ਕਿ ਘਰ ਵਿਚ ਪੰਜਾਬੀ ਬੋਲਦਾ ਕੋਈ ਨਵਾਂ ਜੀਅ ਆ ਗਿਆ ਹੋਵੇ। ਮਾਪਿਆਂ ਦੇ ਉੱਦਮ ਕਾਰਨ ਹੀ ਅਜਿਹੇ ਬੱਚੇ ਵੀ ਵੇਖੇ ਨੇ, ਜਿਨਾਂ ਨੂੰ ਮੇਰੀਆਂ ਕਿਤਾਬਾਂ ਅੱਖਰ-ਅੱਖਰ ਜ਼ੁਬਾਨੀ ਚੇਤੇ ਹੁੰਦੀਆਂ ਨੇ। ਬੱਚੇ ਕਿਤਾਬਾਂ 'ਤੇ ਮੇਰੇ ਦਸਤਖ਼ਤ ਕਰਵਾਉਣ ਲਈ ਕਿੰਨਾ-ਕਿੰਨਾ ਚਿਰ ਆਪਣੀ ਵਾਰੀ ਉਡੀਕਦਿਆਂ ਕਤਾਰ ਵਿਚ ਖਲੋਤੇ ਹੁੰਦੇ ਨੇ। ਮਾਵਾਂ ਮੇਰੇ ਗਲੇ ਮਿਲਣ ਤੇ ਥੈਂਕ-ਯੂ ਆਖਣ ਲਈ ਖੜੀਆਂ ਹੁੰਦੀਆਂ ਨੇ। ਮੈਨੂੰ ਬੜੇ ਮਾਪੇ ਚਿੱਠੀਆਂ ਲਿਖ ਕੇ ਦੱਸਦੇ ਨੇ ਕਿ ਉਨਾਂ ਦੇ ਬੱਚੇ ਰਾਤ ਨੂੰ ਸੌਣ ਤੋਂ ਪਹਿਲੋਂ ਅੰਗਰੇਜ਼ੀ ਦੀਆਂ ਨਹੀਂ, ਮੇਰੀਆਂ ਕਿਤਾਬਾਂ ਪੜਦੇ ਨੇ। ਉਦੋਂ ਠੰਢਾ ਬੁੱਲਾ ਆਉਂਦਾ ਜਾਪਦਾ ਹੈ।

ਦੁਨੀਆ ਭਰ ਦੇ ਪੰਜਾਬੀਆਂ ਵਿਚ ਵਿਚਰ ਕੇ ਇਸ ਗੱਲ ਦਾ ਮਤਲਬ ਸਮਝ ਆਉਂਦਾ ਹੈ ਕਿ ਸਾਡੀ ਬੋਲੀ ਮਰ ਕਿਉਂ ਰਹੀ ਹੈ। ਇਹ ਵੀ ਪਤਾ ਹੈ ਕਿ ਇਹ ਜਿਊਂਦੀ ਕਿਵੇਂ ਰਹਿਣੀ ਹੈ। ਪੰਜਾਬੀ ਮਰ ਇਸ ਲਈ ਰਹੀ ਹੈ ਕਿ ਸਾਡੇ ਘਰਾਂ ਵਿਚ ਕਿਤਾਬਾਂ ਦਾ ਵਾਸਾ ਨਹੀਂ ਹੈ ਅਤੇ ਦੂਸਰੀ ਵੱਡੀ ਗੱਲ ਕਿ ਸਾਡੇ ਘਰਾਂ ਵਿਚ ਪੁਰਸ਼ਾਂ ਤੇ ਔਰਤਾਂ ਦੀ ਇਕ ਦੂਜੇ ਨਾਲ ਸੁਰ ਨਹੀਂ ਰਲਦੀ। ਵਿਸ਼ਵ-ਵਿਆਪੀ ਪੂੰਜੀਵਾਦ ਖੇਤਰੀ ਬੋਲੀਆਂ ਦਾ ਗਲ ਘੁੱਟ ਰਿਹਾ ਹੈ। ਰਾਸ਼ਟਰੀ ਬੋਲੀ ਖੇਤਰੀ ਬੋਲੀ ਨੂੰ ਨਿਗਲ਼ੀ ਜਾਂਦੀ ਹੈ। ਪੰਜਾਬੀ ਪੰਜ ਹਜ਼ਾਰ ਵਰੇ ਪੁਰਾਣੀ ਦੱਸੀ ਜਾਂਦੀ ਹੈ ਤੇ ਇਹਨੂੰ ਇਸ ਵੇਲੇ ਦੁਨੀਆ ਭਰ ਵਿਚ 12 ਕਰੋੜ ਲੋਕ ਬੋਲਦੇ ਹਨ। ਹਾਏ, ਇਹ ਏਨੀ ਛੇਤੀ ਮੁੱਕ ਜਾਵੇਗੀ! ਦਿਲ ਮੰਨਦਾ ਨਹੀਂ।

ਆਨਲਾਈਨ ਅੰਗਰੇਜ਼ੀ ਰਸਾਲੇ 'ਸਿੱਖਸ਼ਿਕ' ਦੇ ਸੰਜੋਗੀ ਸ਼ੇਰ ਸਿੰਘ ਨੇ ਮੇਰੀਆਂ ਕਿਤਾਬਾਂ ਦੇਖ ਕੇ ਆਖਿਆ ਸੀ: ਬੜਾ ਸੋਹਣਾ ਕੰਮ ਏ। ਢੇਰ ਸਾਰੀਆਂ ਕਿਤਾਬਾਂ ਛਾਪੋ, ਇਹ ਕਿਤਾਬਾਂ ਘਰ-ਘਰ ਪੁੱਜਣ! ਸਿਰਫ਼ ਤਿੰਨ ਕਿਤਾਬਾਂ ਸੰਜੋਣ ਲਈ ਮੈਨੂੰ ਕਿੰਨੀ ਮਿਹਨਤ ਕਰਨੀ ਪਈ, ਕਿੰਨਾ ਪੈਸਾ ਖ਼ਰਚ ਹੋਇਆ, ਮੈਂ ਆਪਣੀ ਨੌਕਰੀ ਛੱਡੀ-ਪਰ ਢੇਰ ਸਾਰੀਆਂ ਕਿਤਾਬਾਂ ਛਾਪਣ ਦਾ ਆਹਰ ਮੈਂ ਕਿਵੇਂ ਕਰ ਸਕਾਂਗੀ, ਇਹਦਾ ਜਵਾਬ ਕਿਸੇ ਕੋਲ ਨਹੀਂ ਸੀ। ਹੁਣ ਸੋਚਦੀ ਹਾਂ ਤਾਂ ਲੱਗਦਾ ਹੈ ਕਿ ਸ਼ੇਰ ਸਿੰਘ ਹੁਰੀਂ ਸਹੀ ਆਖਦੇ ਸਨ। ਹੁਣ ਮੇਰੀਆਂ ਕਿਤਾਬਾਂ ਦੀ ਗਿਣਤੀ ਵਧ ਕੇ ਨੌਂ ਹੋ ਗਈ ਹੈ ਅਤੇ ਮਾਪੇ ਤੇ ਬੱਚੇ ਹੋਰ ਨਵੀਆਂ ਕਿਤਾਬਾਂ ਛਾਪਣ ਲਈ ਆਖ ਰਹੇ ਨੇ। ਕੈਨੇਡਾ ਰਹਿੰਦੀ ਕਿਸੇ ਪੰਜਾਬੀ ਮਾਂ ਨੇ ਮੈਨੂੰ ਦੱਸਿਆ ਕਿ ਮੇਰੀਆਂ ਕਿਤਾਬਾਂ ਖ਼ਰੀਦਣ ਦਾ ਮੁੱਲ ਓਦਣ ਹੀ ਮੁੜ ਆਇਆ ਸੀ, ਜਦੋਂ ਉਸ ਨੇ ਆਪਣੇ ਬੱਚਿਆਂ ਨੂੰ ਟੀਵੀ ਵੱਲੋਂ ਮੂੰਹ ਮੋੜ ਕੇ ਮੇਰੀਆਂ ਕਿਤਾਬਾਂ ਰਲ ਕੇ ਪੜਦਿਆਂ ਦੇਖਿਆ ਸੀ, ਪਰ 2017 ਦੀਆਂ ਗਰਮੀਆਂ ਵਿਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਬੱਚਿਆਂ ਨੂੰ ਸਾਰੀ-ਸਾਰੀ ਦਿਹਾੜੀ ਹਿੰਦੀ ਕਾਰਟੂਨ, ਫ਼ਿਲਮਾਂ ਦੇਖਦਿਆਂ ਨੂੰ ਵੇਖ ਮੇਰਾ ਮਨ ਬਹੁਤ ਖ਼ਰਾਬ ਹੋਇਆ ਸੀ।

ਜੇਕਰ ਚੜਦੇ ਪੰਜਾਬ ਦੀ ਗੱਲ ਕਰੀਏ ਤਾਂ ਔਰਤਾਂ ਆਪਣੇ ਬੱਚਿਆਂ ਨੂੰ ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲ ਕਰਦਿਆਂ ਵੇਖ ਕੇ ਬੜਾ ਹੁੱਬਦੀਆਂ ਹਨ। ਲਹਿੰਦੇ ਪੰਜਾਬ ਵਿਚ ਮਾਵਾਂ ਆਪਣੇ ਬੱਚਿਆਂ ਨਾਲ ਉਰਦੂ ਵਿਚ ਗੱਲ ਕਰਦੀਆਂ ਹਨ, ਉੱਥੇ ਮਾਂ-ਬੋਲੀ ਦੀ ਪਰਿਭਾਸ਼ਾ ਹੀ ਬਦਲ ਕੇ ਰਹਿ ਗਈ ਹੈ। ਲਾਹੌਰ ਦੇ ਗੁਰਮਾਨੀ ਸੈਂਟਰ ਵਿਚ ਇਕੱਠੀ ਸ਼ਾਹਮੁਖੀ ਤੇ ਗੁਰਮੁਖੀ ਵਿਚ ਛਪੀ ਕਿਤਾਬ 'ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ' ਦੀ ਚੱਠ ਪਈ ਹੁੰਦੀ ਸੀ। ਕੋਈ 92 ਸਾਲ ਦਾ ਬਜ਼ੁਰਗ ਅੱਖਾਂ ਭਰ ਕੇ ਗੱਲ ਕਰਨ ਲੱਗਾ। ਹਾਲ ਵਿਚ ਹਾਜ਼ਰ ਪੰਜਾਬੀ ਦਾਨੀਆਂ, ਲਿਖਾਰੀਆਂ ਨੂੰ ਉਸ ਨੇ ਸਿੱਧਾ ਪੁੱਛਿਆ ਕਿ ਤੁਹਾਡੇ 'ਚੋਂ ਕਿੰਨਿਆਂ ਦੇ ਬੱਚੇ ਪੰਜਾਬੀ ਲਿਖਦੇ, ਪੜਦੇ ਤੇ ਬੋਲਦੇ ਨੇ? ਕੋਈ ਨਾ ਬੋਲਿਆ। ਓਥੇ ਸਿਰਫ਼ ਮੈਂ ਈ ਬੈਠੀ ਸਾਂ, ਜਿਹਦੇ ਬੱਚੇ ਅਮਰੀਕਾ ਵਿਚ ਜੰਮ-ਪਲ ਕੇ ਵੀ ਪੰਜਾਬੀ ਲਿਖਦੇ, ਪੜਦੇ ਤੇ ਬੋਲਦੇ ਨੇ। ਲਾਹੌਰ, ਸ਼ੇਖ਼ੂਪੁਰੇ, ਲਾਇਲਪੁਰ ਦੇ ਘਰਾਂ ਵਿਚ ਤੀਵੀਆਂ ਤੇ ਬੱਚੇ ਉਰਦੂ ਬੋਲਦੇ ਵੇਖੇ ਤੇ ਪੰਜਾਬੀ ਦੀ ਚਿੰਤਾ ਸਿਰਫ਼ ਪੁਰਸ਼ਾਂ ਅੰਦਰ ਵੇਖੀ। ਮੁੰਡੇ ਵਧੇਰੇ ਪੰਜਾਬੀ ਬੋਲਦੇ ਸਨ ਤੇ ਉਨਾਂ ਦੀਆਂ ਭੈਣਾਂ ਅਸਲੋਂ ਨਹੀਂ। ਵੱਡੇ ਸਕੂਲਾਂ ਵਿਚ ਪੜਦੇ ਬੱਚਿਆਂ ਨੂੰ ਤਾਂ ਲੱਗਦਾ ਹੈ ਪੰਜਾਬੀ ਉਨਾਂ ਦੇ ਮੁਲਾਜ਼ਮਾਂ (ਨੌਕਰਾਂ) ਦੀ ਜ਼ੁਬਾਨ ਹੈ।

ਅਜਿਹੀ ਸਥਿਤੀ ਵਿਚ ਕੁਝ ਕੁਝ ਘਰ ਅਜਿਹੇ ਦਿਸਦੇ ਹਨ, ਜਿੱਥੋਂ ਆਸ ਦੀ ਕਿਰਨ ਆਉਂਦੀ ਜਾਪਦੀ ਏ। ਮੈਂ ਕਈ ਮਾਪਿਆਂ ਨੂੰ ਮਿਲੀ ਹਾਂ, ਜਿਨਾਂ ਦੇ ਘਰੀਂ ਪੰਜਾਬੀ ਦਾ ਰਾਜ ਹੈ। ਉਨਾਂ ਦੇ ਬੱਚੇ ਪੰਜਾਬੀ ਲਿਖਦੇ, ਪੜਦੇ ਤੇ ਬੋਲਦੇ ਨੇ। ਮੀਆਂ-ਬੀਵੀ ਸੁਰ ਵਿਚ ਸੁਰ ਮਿਲਾਉਂਦੇ ਹਨ ਤੇ ਉਨਾਂ ਘਰਾਂ 'ਚ ਸੂਝਵਾਨ ਮਾਵਾਂ ਦੀ ਪੁੱਛ-ਪ੍ਰਤੀਤ ਹੁੰਦੀ ਏ। ਅਜਿਹੇ ਘਰਾਂ ਦੀਆਂ ਸੂਝਵਾਨ ਔਰਤਾਂ ਪਰਦੇਸ਼ਾਂ ਵਿਚ ਪੰਜਾਬੀ ਦੇ ਸਕੂਲ ਚਲਾ ਕੇ ਆਪਣੀ ਬੋਲੀ ਨੂੰ ਸਾਂਭਣ ਦਾ ਹੀਲਾ ਕਰ ਰਹੀਆਂ ਹਨ। ਬਹੁਤਾ ਪੰਜਾਬੀ ਬਾਲ ਸਾਹਿਤ ਪੁਰਸ਼ਾਂ ਦਾ ਲਿਖਿਆ ਹੋਇਆ ਹੈ, ਪਰ ਅਸਲ ਕੰਮ ਔਰਤਾਂ ਦੇ ਮੋਹਰੀ ਬਣਨ ਨਾਲ ਹੀ ਹੋਣਾ ਹੈ।

ਲੇਖਿਕਾ ਬਾਲ ਸਾਹਿਤਕਾਰ ਹੈ।
(ਜੋ ਐਟਲਾਂਟਾ (ਅਮਰੀਕਾ) ਰਹਿੰਦੀ ਹੈ।)

# ਲਾਲ ਕਿਲੇ ਉੱਤੇ...

ਉੱਤੇ ਪਰਤਣ ਦੀ ਅਪੀਲ ਕੀਤੀ। ਸੰਯੁਕਤ ਕਿਸਾਨ ਮੋਰਚੇ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਐਲਾਨ ਕੀਤਾ ਹੈ ਕਿ ਅੰਦੋਲਨ ਸਾਂਤਮਈ ਤਰੀਕੇ ਨਾਲ ਜਾਰੀ ਰਹੇਗਾ ਅਤੇ ਅਗਲੀ ਰਣਨੀਤੀ ਦਾ ਐਲਾਨ ਬੈਠਕ ਵਿਚ ਕੀਤਾ ਜਾਵੇਗਾ।ਕਿਸਾਨ ਨੇਤਾਵਾਂ ਨੇ ਕਿਹਾ ਕਿ ਜੋ ਲੋਕ ਅੱਜ ਹਿੰਸਾ ਵਿੱਚ ਸਾਮਲ ਸਨ, ਉਹ ਅੰਦੋਲਨ ਦਾ ਹਿੰਸਾ ਨਹੀਂ ਸਨ ਅਤੇ ਬਾਹਰੀ ਤੱਤ ਸਨ। ਸੰਯੁਕਤ ਮੋਰਚੇ ਦੇ ਆਗੂ ਹਨਨ ਮੌਲਾ ਨੇ ਲਾਲ

ਕਿਲੇ ਉੱਤੇ ਵਾਪਰੀ ਘਟਨਾ ਦੀ ਤਿੱਖੇ ਸਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ, "ਅਸੀਂ ਨਾਅਰਾ ਦਿੱਤਾ ਸੀ ਕਿ ਜੇ ਅਸੀਂ ਹਿੰਸਕ ਹੋਵਾਂਗੇ ਤਾਂ ਸਰਕਾਰ ਜਿੱਤੇਗੀ, ਜੇ ਸਾਂਤਮਈ ਰਹਾਂਗੇ ਤਾਂ ਹੀ ਜਿੱਤਾਂਗੇ। ਹਨਨ ਮੌਲਾ ਨੇ ਕਿਹਾ, "ਪੁਲਿਸ ਹਾਜਰੀ ਵਿਚ ਲੋਕ ਲਾਲ ਕਿਲੇ ਉੱਤੇ ਕਿਵੇਂ ਚੜ੍ਹੇ। ਇਹ ਸਵਾਲ ਪੁੱਛਣਾ ਬਣਦਾ ਹੈ । ਇਹ ਲੋਕ ਅਪਰਾਧੀ ਸਨ, ਇਹ ਕਿਸਾਨ ਨਹੀਂ ਕਿਸਾਨਾਂ ਦੇ ਦੁਸਮਣ ਹਨ।"

ਸੰਯੁਕਤ ਮੋਰਚੇ ਦੇ ਆਗੂ ਸ਼ਿਵ ਕੁਮਾਰ ਕੱਕਾ ਨੇ ਕਿਹਾ, "ਮੈਂ ਪੂਰੇ ਦੇਸ ਤੋਂ ਮਾਫੀ ਮੰਗਦਾ ਹਾਂ । ਅਸੀਂ ਇਸ ਇਸ ਬਾਰੇ ਇੱਕ ਮਹੀਨੇ ਪਹਿਲਾਂ ਐਲਾਨ ਕੀਤਾ ਸੀ। ਪੁਲਿਸ ਨੂੰ ਐਡਵਾਂਸ ਗੱਲਬਾਤ ਕਰਨੀ ਚਾਹੀਦੀ ਸੀ। ਉਸ ਨੇ ਅਣਗਹਿਲੀ ਕੀਤੀ ਹੈ।"

ਕਿਸਾਨ ਆਗੂ ਨੇ ਰਾਕੇਸ ਟਿਕੈਤ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਦਿੱਕਤਾਂ ਖੜ੍ਹੀਆਂ ਕਰਨ ਵਾਲੇ ਲੋਕ ਕੌਣ ਹਨ, ਅਸੀਂ ਉਨ੍ਹਾਂ ਨੂੰ ਪਛਾਣਦੇ ਹਾਂ। ਉਹ ਸਿਆਸੀ ਦਲਾਂ ਦੇ ਲੋਕ ਹਨ, ਜੋ ਅੰਦੋਲਨ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ।"

ਕਿਸਾਨ ਆਗੂ ਯੋਗਿੰਦਰ ਯਾਦਵ ਨੇ ਕਿਹਾ ਕਿ ਕਿਸਾਨਾਂ ਦਾ ਹੋ-ਹੱਲਾ ਸਰਮਿੰਦਗੀ ਦਾ ਵਿਸਾ ਹੈ । ਉਨ੍ਹਾਂ ਕਿਹਾ ਕਿ ਲਾਲ ਕਿਲੇ ਜਾ ਕੇ ਝੰਡਾ ਲਹਿਰਰਾਉਣਾ ਬਿਲਕੁਲ ਗਲਤ ਹੈ। ਇਸ ਦੀ ਮੈਂ ਨਿੰਦਾ ਕਰਦਾ ਹੈ। ਕੁਝ ਲੋਕਾਂ ਦੀ ਵਜ੍ਹਾ ਨਾਲ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕੀ ਕਿਹਾ ਦੀਪ ਸਿਧੂ ਨੇ

ਇਸ ਮੌਕੇ ਦਿਲੀ ਦੇ ਲਾਲ ਕਿਲੇ ਨੌਜਵਾਨਾਂ ਨਾਲ ਗਏ ਦੀਪ ਸਿੱਧੂ ਨੇ ਕਿਹਾ ਕਿ ਇਹ ਲੋਕਾਂ ਦਾ ਵਹਿਣ ਹੈ, ਉਹ ਲਾਲ ਕਿਲੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਇਆ ਅਤੇ ਅਸੀਂ ਆਪਣੇ ਹੱਕ ਲੈਣ ਆਏ ਹਾਂ ਅਤੇ ਸਰਕਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸ਼ਾਂਤਮਈ ਹਾਂ ਅਤੇ ਜਾਬਤੇ ਵਿਚ ਹਾਂ।

ਲਾਲ ਕਿਲ੍ਹੇ ਉਤੇ ਕੇਸਰੀ ਝੰਡਾ ਲਹਿਰਾਉਣ ਦੀ ਜ਼ਿੰਮੇਵਾਰੀ ਅਦਾਕਾਰ ਦੀਪ ਸਿੱਧੂ ਨੇ ਲੈਂਦਿਆਂ ਕਿਹਾ ਹੈ ਕਿ ਇਹ ਲੋਕਾਂ ਦਾ ਜੋਸ਼ ਸੀ। ਜਦੋਂ ਕੋਈ ਸੰਘਰਸ਼ ਅਜਿਹੇ ਪੜਾਅ ਉਤੇ ਪਹੁੰਚ ਜਾਵੇ ਤਾਂ ਅਜਿਹੀਆਂ ਘਟਨਾਵਾਂ ਵਾਪਰ ਹੀ ਜਾਂਦੀਆਂ ਹਨ।

26 ਜਨਵਰੀ ਨੂੰ ਲਾਲ ਕਿਲ੍ਹਾ ਦੀ ਪ੍ਰਾਚੀਰ 'ਤੇ ਕੇਸਰੀਆ ਝੰਡਾ ਲਹਿਰਾਉਣ ਵਾਲੇ ਦੀਪ ਸਿੱਧੂ ਨੂੰ ਹੁਣ ਐਨਆਈਏ ਨੇ ਤਲਬ ਕੀਤਾ ਹੈ। ਇਹ ਨੋਟਿਸ ਸਿਖਸ ਫਾਰ ਜਸਟਿਸ ਮਾਮਲੇ 'ਚ ਭੇਜਿਆ ਗਿਆ ਹੈ। ਸਿੱਧੂ ਨੇ ਲਾਲ ਕਿਲ੍ਹਾ ਦੀ ਪ੍ਰਾਚੀਰ 'ਚ ਫੇਸਬੁੱਕ ਲਾਈਵ ਵੀ ਕੀਤਾ ਸੀ। ਵੀਡੀਓ 'ਚ ਸਿੱਧੂ ਨੇ ਪੰਜਾਬੀ 'ਚ ਕਿਹਾ ਸੀ, 'ਅਸੀਂ ਵਿਰੋਧ ਜਤਾਉਣ ਦੇ ਆਪਣੇ ਲੋਕਤੰਤਰਿਕ ਅਧਿਕਾਰ ਦਾ ਇਸਤੇਮਾਲ ਕਰਦਿਆਂ ਲਾਲ ਕਿਲ੍ਹਾ 'ਤੇ ਸਿਰਫ਼ ਨਿਸ਼ਾਨ ਸਾਹਿਬ ਦਾ ਝੰਡਾ ਲਹਿਰਾਇਆ ਹੈ।'

ਦੀਪ ਸਿੱਧੂ ਦੀ ਪੁਲਿਸ ਅਫਸਰਾਂ ਨਾਲ ਅੰਗੇਰਜੀ ਵਿੱਚ ਬਹਿਸਣ ਦੀ ਇੱਕ ਵੀਡੀਓ ਵਾਇਰਲ ਹੋਈ ਜਿਸ ਵਿੱਚ ਉਹ ਕਹਿੰਦੇ ਸੁਣੇ ਜਾ ਸਕਦੇ ਹਨ,"ਯੇ ਇਨਕਲਾਬ ਹੈ, ਯੇ ਰੈਵੋਲਿਊਸਨ ਹੈ, ਜੇ ਉਹ ਮੁੱਦੇ ਦੀ ਗੰਭੀਰਤਾ ਨੂੰ ਨਹੀਂ ਸਮਝਦੇ ਤਾਂ ਇਹ ਇਸ ਦੇਸ ਦੇ ਅਤੇ ਦੱਖਣੀ ਏਸੀਆ ਦੇ ਜੀਓ ਪੋਲੀਟੀਕਸ ਨੂੰ ਪਰਿਭਾਸ਼ਿਤ ਕਰੇਗਾ।"

ਜਦੋਂ ਕਿਸਾਨ ਅੰਦੋਲਨ ਸੁਰੂ ਹੋਇਆ ਤਾਂ ਦੀਪ ਸਿੱਧੂ ਇਹੀ ਕਹਿ ਰਹੇ ਸਨ ਕਿ ਉਹ ਇਹ ਅੰਦੋਲਨ ਕਿਸਾਨਾਂ ਲਈ ਅਤੇ ਕਿਸਾਨ ਆਗੂਆਂ ਦੀ ਅਗਵਾਈ ਵਿੱਚ ਅਤੇ ਯੂਨੀਅਨਾਂ ਦੇ ਝੰਡੇ ਥੱਲੇ ਲੜ ਰਹੇ ਹਨ। ਕੁਝ ਸਮੇਂ ਬਾਅਦ ਦੀਪ ਸਿੱਧੂ ਨੇ ਕਿਸਾਨ ਆਗੂਆਂ ਦੇ ਫੈਸਲਿਆਂ ਉੱਪਰ ਸਵਾਲ ਚੁੱਕਣੇ ਸੁਰੂ ਕਰ ਦਿੱਤੇ । ਹਾਲਾਂਕਿ ਉਨ੍ਹਾਂ ਦੇ ਭਾਸਣ ਜ਼ਿਆਦਾਤਰ ਤਿੰਨ ਖੇਤੀ ਕਾਨੂੰਨਾਂ ਦੀ ਥਾਂ ਭਾਰਤ ਦੇ ਸੰਵਿਧਾਨ ਵਿੱਚ ਨਿਹਿੱਕ ਸੰਘੀ ਢਾਂਚੇ ਦੁਆਲੇ ਕੇਂਦਰਿਤ ਹੁੰਦੇ ਸਨ। ਦੀਪ ਸਿਧੂ ਦੀ ਉਭਰਦੀ ਦਿਖ ਕਰ ਕੇ ਕਿਸਾਨ ਸੰਗਠਨਾਂ ਨੇ ਉਨ੍ਹਾਂ ਉੱਪਰ ਸਿੰਘੂ ਬਾਰਡਰ ਦੀ ਮੁੱਖ ਸਟੇਜ ਤੋਂ ਬੋਲਣ 'ਤੇ ਰੋਕ ਲਗਾ ਦਿੱਤੀ। ਦੀਪ ਸਿੱਧੂ ਆਪਣੇ ਸੋਸਲ ਮੀਡੀਆ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਪੋਸਟਾਂ ਕਰਦੇ ਰਹਿੰਦੇ ਹਨ ਜਿਸ ਦੀ ਵਜ੍ਹਾ ਕਰ ਕੇ ਕਿਸਾਨ ਜਥੇਬੰਦੀਆਂ ਵੱਲੋਂ ਉਨ੍ਹਾਂ ਤੋਂ ਹੋਰ ਦੂਰੀ ਬਣਾ ਲਈ ਗਈ।

ਛੱਬੀ ਜਨਵਰੀ ਦੇ ਟਰੈਕਟਰ ਮਾਰਚ ਦੇ ਐਲਾਨ ਤੋਂ ਬਾਅਦ ਦੀਪ ਸਿੱਧੂ ਫਿਰ ਸਰਗਰਮ ਹੋਏ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਸ ਮਾਰਚ ਲਈ ਲਾਮਬੰਦ ਕਰਨਾ ਸੁਰੂ ਕੀਤਾ। ਹਾਲਾਂਕਿ ਉਹ ਇਹ ਲਾਮਬੰਦੀ ਆਊਟਰ ਰਿੰਗ ਰੋਡ ਉੱਪਰ ਮਾਰਚ ਲਈ ਕਰ ਰਹੇ ਸਨ।

ਮਾਰਚ ਤੋਂ ਇਕ ਰਾਤ ਪਹਿਲਾਂ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਨੇ ਸਿੰਘੂ ਬਾਰਡਰ ਦੀ ਮੁੱਖ ਸਟੇਜ ਤੋਂ ਕਿਹਾ ਕਿ ਉਹ ਤਾਂ ਦਿੱਲੀ ਦੇ ਅੰਦਰ ਜਾ ਕੇ ਪੁਲਿਸ ਤੇ ਜਥੇਬੰਦੀਆਂ ਵੱਲੋਂ ਤੈਅ ਕੀਤੇ ਰੂਟ ਤੋਂ ਵੱਖ ਹੋ ਕੇ ਮਾਰਚ ਕਰਨਗੇ। ਫਿਰ ਮੰਗਲਵਾਰ ਨੂੰ ਪ੍ਰਦਰਸਨਕਾਰੀ ਕਿਸਾਨਾਂ ਦਾ ਇੱਕ ਧੜਾ ਲਾਲ ਕਿਲੇ 'ਤੇ ਪਹੁੰਚਿਆ ਤਾਂ ਉੱਥੇ ਦੀਪ ਸਿੱਧੂ ਖੜ੍ਹੇ ਨਜਰ ਆਏ ਉਹਨਾਂ ਇਥੇ ਕਿਹਾ ਕਿ "ਅਸੀਂ ਕੋਈ ਵੀ ਝੰਡਾ ਨਹੀਂ ਲਾਹਿਆ, ਸਗੋਂ ਆਪਣਾ ਨਿਸਾਨ ਸਾਹਿਬ ਤੇ ਕਿਸਾਨ ਮਜਦੂਰ ਏਕਤਾ ਦਾ ਝੰਡਾ ਲਾਇਆ। ਇਹ ਸਾਰੀ ਸੰਗਤ ਦਾ ਰੌਅ ਸੀ ਨਾ ਕਿ ਮੇਰਾ ਇਕੱਲੇ ਦੀ ਕਾਰਵਾਈ ਸੀ।ਇਹ ਸਭ ਕੁਝ ਵਹਿਣ ਵਿੱਚ ਹੋਇਆ।"

**ਦੀਪ ਸਿੱਧੂ ਦਾ ਪਰਿਵਾਰਕ ਪਿਛੋਕੜ**

ਦੀਪ ਸਿੱਧੂ ਦਾ ਜੱਦੀ ਪਿੰਡ ਪੰਜਾਬ ਦੇ ਜ਼ਿਲ੍ਹੇ ਮੁਕਤਸਰ ਸਾਹਿਬ ਦਾ ਪਿੰਡ ਉਦੇਕਰਨ ਹੈ। ਦੀਪ ਦੇ ਬਠਿੰਡਾ ਰਹਿੰਦੇ ਸਕੇ ਚਾਚਾ ਬਿਧੀ ਸਿੰਘ ਨੇ ਦੱਸਿਆ ਕਿ ਉਹ ਛੇ ਭਰਾ ਸਨ ਅਤੇ ਦੀਪ ਦੇ ਪਿਤਾ ਸਰਦਾਰ ਸੁਰਜੀਤ ਸਿੰਘ ਪੇਸੇ ਤੋਂ ਵਕੀਲ ਸਨ। ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਦੇ ਤਿੰਨ ਪੁੱਤਰ ਹਨ, ਜਿੰਨਾ ਵਿੱਚ ਨਵਦੀਪ ਸਿੰਘ ਇਸ ਸਮੇਂ ਕੈਨੇਡਾ ਵਿੱਚ ਅਤੇ ਮਨਦੀਪ ਵਕਾਲਤ ਕਰਦਾ ਹੈ ਅਤੇ ਦੀਪ ਦਿੱਲੀ ਵਿੱਚ ਕਿਸਾਨੀ ਅੰਦੋਲਨ ਵਿੱਚ ਹੈ। ਦੀਪ ਦੇ ਚਾਚਾ ਬਿਧੀ ਸਿੰਘ ਮੁਤਾਬਕ ਪਰਿਵਾਰ ਖੇਤੀਬਾੜੀ ਨਾਲ ਸਬੰਧਿਤ ਹੈ ਪਰ ਦੀਪ ਦੇ ਪਿਤਾ ਵਕੀਲ ਹੋਣ ਕਰ ਕੇ ਲੁਧਿਆਣਾ ਵਿੱਚ ਆਪਣੀ ਵਕਾਲਤ ਕਰਦੇ ਸਨ ਅਤੇ ਉਨ੍ਹਾਂ ਕਰੀਬ ਤਿੰਨ ਸਾਲ ਪਹਿਲਾ ਦੇਹਾਂਤ ਹੋ ਗਿਆ।ਦੀਪ ਬਾਰੇ ਗੱਲ ਕਰਦਿਆਂ ਬਿਧੀ ਸਿੰਘ ਨੇ ਕਿਹਾ, "ਉਹ ਮਹਾਸਟਰ ਦੇ ਪੂਣੇ ਵਿੱਚ ਕਾਨੂੰਨ ਦੀ ਪੜ੍ਹਾਈ ਲਈ ਗਿਆ ਸੀ ਅਤੇ ਉਸ ਤੋਂ ਬਾਅਦ ਮੁੰਬਈ ਵਿਖੇ ਸੈੱਟ ਹੋ ਗਿਆ ਤੇ ਉੱਥੇ ਹੀ ਵਕਾਲਤ ਕਰਨੀ ਸੁਰੂ ਕਰ ਦਿੱਤੀ।"

ਉਨ੍ਹਾਂ ਦੱਸਿਆ ਕਿ ਪਹਿਲਾਂ ਦੀਪ ਨੇ ਵਕੀਲ ਵਜੋਂ ਬਾਲਾ ਜੀ ਫਿਲਮਜ ਲਈ ਕੰਮ ਕੀਤਾ। ਹੌਲੀ-ਹੌਲੀ ਉਸ ਦੀ ਦਿਓਲ ਪਰਿਵਾਰ ਨਾਲ ਨੇੜਤਾ ਹੋ ਗਈ ਅਤੇ ਇੱਥੋਂ ਹੀ ਉਸ ਦੀ ਫਿਲਮੀ ਦੁਨੀਆ ਵਿੱਚ ਐਂਟਰੀ ਹੋ ਗਈ। ਦੀਪ ਦਾ ਵਿਆਹ ਹੋਇਆ ਹੈ ਅਤੇ ਉਸ ਦੇ ਇੱਕ ਬੇਟੀ ਵੀ ਹੈ।

ਬਿਧੀ ਸਿੰਘ ਮੁਤਾਬਕ ਦਿਓਲ ਪਰਿਵਾਰ ਨਾਲ ਨੇੜਤਾ ਹੋਣ ਕਾਰਨ ਜਦੋਂ ਸੰਨੀ ਦਿਓਲ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਲੜਿਆ ਤਾਂ ਦੀਪ ਸਿੱਧੂ ਨੇ ਪੂਰੀ ਮਦਦ ਕੀਤੀ। ਬਿਧੀ ਸਿੰਘ ਮੁਤਾਬਕ ਦੀਪ ਮੁੰਬਈ ਵਿੱਚ ਚੰਗੀ ਤਰਾਂ ਸੈੱਟ ਹੋ ਗਿਆ ਸੀ।

ਸਾਲ 2017 ਵਿੱਚ ਗੀਤਕਾਰ ਤੋਂ ਫਿਲਮਕਾਰ ਬਣੇ ਅਮਰਦੀਪ ਸਿੰਘ ਗਿੱਲ ਦੀ ਫਿਲਮ 'ਜੋਰਾ 10 ਨੰਬਰੀਆ' ਵਿੱਚ ਜੋਰਾ ਦੇ ਕਿਰਦਾਰ ਨੇ ਪੰਜਾਬੀਆਂ ਦੀ ਪਛਾਣ ਦੀਪ ਸਿੱਧੂ ਦੀ ਪਛਾਣ ਨਾਲ ਕਰਵਾਈ।

ਇਸ ਦੇ ਨਾਲ ਹੀ ਉਨ੍ਹਾਂ ਦੀ ਐਂਟਰੀ ਪੰਜਾਬੀ ਫਿਲਮ ਇੰਡਸਟਰੀ ਵਿੱਚ ਹੋਈ। ਦੀਪ ਨੇ ਮੁੰਬਈ ਵਿੱਚ ਹੀ ਕਈ ਫੈਸਨ ਸੋਅਜ ਵਿੱਚ ਬਤੌਰ ਮਾਡਲ ਹਿੱਸਾ ਲਿਆ ਅਤੇ ਆਖਿਰਕਾਰ ਮਾਡਲ ਤੋਂ ਅਦਾਕਾਰੀ ਵੱਲ ਪੈਰ ਰੱਖਣ ਲਈ ਤਿਆਰੀ ਸੁਰੂ ਕਰ ਦਿੱਤੀ।

ਦਿਓਲ ਪਰਿਵਾਰ ਦੇ ਹੀ ਘਰੇਲੂ ਬੈਨਰ ਵਿਜੇਤਾ ਫਿਲਮਜ ਹੇਠ ਦੀਪ ਨੇ ਬਤੌਰ ਹੀਰੋ ਆਪਣੀ ਪਹਿਲੀ ਪੰਜਾਬੀ ਫਿਲਮ 'ਰਮਤਾ ਜੋਗੀ' ਸਾਲ 2015 ਵਿੱਚ ਕੀਤੀ। ਫਿਲਮ ਦੇ ਨਿਰਦੇਸਕ ਗੁੱਡੂ ਧਨੋਆ ਸਨ, ਜੋ ਸੰਨੀ ਦਿਓਲ ਦੀਆਂ ਕਈ ਫਿਲਮਾਂ ਡਾਇਰੈਕਟ ਕਰ ਚੁੱਕੇ ਹਨ। ਸਾਲ 2017 ਵਿੱਚ 'ਜੋਰਾ 10 ਨੰਬਰੀਆ' ਤੋਂ ਬਾਅਦ 2018 ਵਿੱਚ ਦੀਪ ਸਿੱਧੂ ਦੀ ਇੱਕ ਹੋਰ ਫਿਲਮ 'ਰੰਗ ਪੰਜਾਬ' ਫਿਲਮ ਆਈ। ਫਿਲਮ ਨੂੰ ਰਾਕੇਸ ਮਹਿਤਾ ਨੇ ਡਾਇਰੈਕਟ ਕੀਤਾ ਸੀ।ਇਸ ਤੋਂ ਬਾਅਦ 2019 ਵਿੱਚ 'ਸਾਡੇ ਆਲੇ' ਫਿਲਮ ਵਿੱਚ ਸੀਨੀਅਰ ਪੰਜਾਬੀ ਅਦਾਕਾਰ ਗੁੱਗੂ ਗਿੱਲ ਨਾਲ ਨਜਰ ਆਏ।ਸਾਲ 2020 ਵਿੱਚ ਅਮਰਦੀਪ ਸਿੰਘ ਗਿੱਲ ਦੀ ਨਿਰਦੇਸਨ ਵਿੱਚ 'ਜੋਰਾ' ਦਾ ਦੂਜਾ ਹਿੱਸਾ 'ਜੋਰਾ, ਸੈਕੇਂਡ ਚੈਪਟਰ' ਰੀਲੀਜ ਹੋਇਆ, ਇਸ ਵਿੱਚ ਵੀ ਦੀਪ ਸਿੱਧੂ ਨਾਲ ਪਹਿਲਾਂ ਵਾਂਗ ਹੀ ਧਰਮਿੰਦਰ ਤਾਂ ਸਨ ਹੀ ਉਨ੍ਹਾਂ ਤੋਂ ਇਲਾਵਾ ਗੁੱਗੂ ਗਿੱਲ ਵੀ ਸਨ। ਹੁਣ ਤੱਕ ਜੋਰਾ ਟਾਈਟਲ ਹੇਠ ਆਈਆਂ ਦੋਹਾਂ ਫਿਲਮਾਂ ਦੀਪ ਸਿੱਧੂ ਇੱਕ ਗੈਂਗਸਟਰ ਦੇ ਕਿਰਦਾਰ ਵਿੱਚ ਨਜਰ ਆਏ ਸਨ।

ਲੱਖਾ ਸਿਧਾਣਾ ਨਿਸ਼ਾਨੇ ਉਪਰ

ਲੱਖਾ ਸਿਧਾਣਾ ਉੱਤੇ ਪੰਜਾਬ ਵਿੱਚ 2 ਦਰਜਨ ਤੋਂ ਵੱਧ ਕੇਸ ਦਰਜ ਹਨ, ਇਸ ਵਿੱਚ ਗੈਂਗਸਟਰ ਐਕਟ ਵੀ ਸਾਮਲ ਹੈ। ਸਿਧਾਣਾ ਪਿਛਲੇ ਕਈ ਦਿਨਾਂ ਤੋਂ ਕਿਸਾਨ ਅੰਦੋਲਨ ਵਿਚ ਸਰਗਰਮ ਹੈ। ਪੁਲਿਸ ਹੁਣ ਉਸ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ।

ਸੂਤਰਾਂ ਦੇ ਅਨੁਸਾਰ, ਲੱਖਾ ਸਿਧਾਣਾ ਅਤੇ ਇਸ ਦੇ ਨੇੜਲੇ ਲੋਕਾਂ ਉੱਤੇ ਦਿੱਲੀ ਪੁਲਿਸ ਉੱਤੇ ਹੋਏ ਹਮਲੇ ਦੀ ਭੂਮਿਕਾ ਕੇਂਦਰੀ ਦਿੱਲੀ ਵਿੱਚ ਸਾਹਮਣੇ ਆ ਗਈ ਹੈ। ਇਹ ਸਾਰੇ ਕੇਂਦਰੀ ਦਿੱਲੀ ਵਿੱਚ ਹੋਈ ਹਿੰਸਾ ਵਿੱਚ ਸਰਗਰਮ ਸਨ। ਸਰਕਾਰੀ ਜਾਇਦਾਦ ਨੂੰ ਨੁਕਸਾਨ ਅਤੇ ਹਥਿਆਰਾਂ ਦੀ ਲੁੱਟ, ਜੋ ਕਿ ਦਿੱਲੀ ਦੇ 6 ਜ਼ਿਲ੍ਹਿਆਂ ਵਿਚ ਦਰਜ ਕੀਤੇ ਗਏ ਹਨ, ਜਦਕਿ 153 ਪੁਲਿਸ ਦੇ ਜਖਮੀ ਹੋਣ ਦੀ ਖਬਰ ਹੈ। ਪੁਲਿਸ ਅਨੁਸਾਰ ਸ਼ਰਾਰਤੀ ਅਨਸਰਾਂ ਨੇ 8 ਡੀਟੀਸੀ ਬੱਸਾਂ, 17 ਜਨਤਕ ਵਾਹਨ, 4 ਕੰਨਟੇਨਰ, 300 ਤੋਂ ਵੱਧ ਲੋਹੇ ਦੀਆਂ ਬੈਰੀਕੇਡ ਤੋੜ ਦਿੱਤੀਆਂ ਹਨ।

**ਟਰੈਕਟਰ ਰੈਲੀ 'ਚ ਹਿੰਸਾ ਤੋਂ ਬਾਅਦ ਗ੍ਰਹਿ ਮੰਤਰਾਲੇ ਦੀ ਮੀਟਿੰਗ 'ਚ ਅਮਿਤ ਸ਼ਾਹ ਨੇ ਲਏ ਵੱਡੇ ਫੈਸਲੇ**

ਦਿੱਲੀ-ਐਨਸੀਆਰ ਵਿੱਚ ਬਹੁਤ ਸਾਰੇ ਖੇਤਰਾਂ ਵਿੱਚ ਅਮਨ-ਕਾਨੂੰਨ ਕਾਇਮ ਰੱਖਣ ਲਈ ਕਈ ਇਲਾਕਿਆਂ ਵਿੱਚ ਇੰਟਰਨੈਟ ਸੇਵਾ ਬੰਦ ਕਰ ਦਿੱਤੀ ਗਈ ਸੀ। ਦਿੱਲੀ ਵਿੱਚ ਹੋਈ ਹਿੰਸਾ ਦੇ ਮੱਦੇਨਜਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਰਧ ਸੈਨਿਕ ਬਲਾਂ ਦੀਆਂ 15 ਕੰਪਨੀਆਂ ਨੂੰ ਰਾਸਟਰੀ ਰਾਜਧਾਨੀ ਦਿੱਲੀ ਵਿੱਚ ਤਾਇਨਾਤ ਕਰਨ ਦਾ ਫੈਸਲਾ ਕੀਤਾ ਹੈ। ਨੀਮ ਫੌਜੀ ਬਲਾਂ ਦੀ ਸਥਿਤੀ ਨੂੰ ਸੰਭਾਲਣ ਵਿਚ ਦਿੱਲੀ ਪੁਲਿਸ ਦੀ ਮਦਦ ਕਰੇਗੀ।

**ਦਿੱਲੀ ਪੁਲਿਸ ਸਖਤ**

ਦਿੱਲੀ ਦੇ ਜੁਆਇੰਟ ਕਮਿਸਨਰ ਆਲੋਕ ਕੁਮਾਰ ਨੇ ਕਿਹਾ ਹੈ ਕਿ ਕਿਸਾਨ ਸੰਘਰਸ਼ ਦੌਰਾਨ ਪੁਲਿਸ ਕਰਮੀਆਂ 'ਤੇ ਹਮਲਾ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਅਲੋਕ ਕੁਮਾਰ ਨੇ ਕਿਹਾ ਕਿ ਪੁਲਿਸ ਵਲੋਂ ਪ੍ਰਬੰਧ ਕੀਤੇ ਹੋਏ ਸਨ, ਦੋ ਘੰਟੇ ਕਿਸਾਨਾਂ ਨੂੰ ਤੈਅ ਰੂਟ ਤੋਂ ਉਲਟ ਨਾ ਜਾਣ ਲਈ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕਈ ਕਿਸਾਨ ਹਮਲਾਵਰ ਹੋ ਗਏ। ਉਨ੍ਹਾਂ ਟਰੈਕਟਰ ਪੁਲਿਸ ਮੁਲਾਜਮਾਂ ਉੱਤੇ ਚੜ੍ਹਾ ਦਿੱਤੇ। ਇਸ ਕਾਰਵਾਈ ਦੌਰਾਨ ਮਨਜੀਤ ਸਿੰਘ ਐਡੀਸਨਲ ਡੀਸੀਪੀ ਅਤੇ ਇੱਕ ਏਸੀਪੀ ਸਣੇ ਬਹੁਤ ਸਾਰੇ ਪੁਲਿਸ ਮੁਲਾਜਮ ਜਖਮੀ ਹੋਏ ਹਨ। ਇਹ ਬਹੁਤ ਹਿੰਸਕ ਅੰਦੋਲਨ ਸੀ, ਇਸ ਦੌਰਾਨ ਭੰਨਤੋੜ ਕੀਤੀ ਗਈ ਅਤੇ ਪੁਲਿਸ ਦੀਆਂ ਗੱਡੀਆਂ ਤੱਕ ਭੰਨੀਆਂ। ਇਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਪੁਲਿਸ ਕਮਿਸਨਰ ਨੇ ਦੱਸਿਆ ਕਿ ਰੈਲੀ ਦੌਰਾਨ ਪਬਲਿਕ ਪ੍ਰੋਪਰਟੀ ਨੂੰ ਵੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਨੇ ਕਿਹਾ, "ਮੈਂ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਅਪੀਲ ਕਰਦਾ ਹਾਂ ਕਿ ਹਿੰਸਾ ਨਾ ਕਰਨ ਸਾਂਤੀ, ਕਾਇਮ ਰੱਖਣ ਅਤੇ ਆਪਣੀ ਨਿਰਦੇਸ਼ਿਤ ਰੂਟਾਂ ਦੇ ਵਾਪਸ ਚਲੇ ਜਾਣ।"

**ਦਿੱਲੀ ਹਿੰਸਾ ਤੋਂ ਬਾਅਦ ਪੰਜਾਬ ਤੇ ਹਰਿਆਣਾ 'ਚ ਹਾਈ ਅਲਰਟ**

ਰਾਸਟਰੀ ਰਾਜਧਾਨੀ ਵਿੱਚ ਹਿੰਸਾ ਦੀ ਘਟਨਾ ਦੇ ਮੱਦੇਨਜਰ ਪੰਜਾਬ ਅਤੇ ਹਰਿਆਣਾ ਸਰਕਾਰ ਨੇ ਹਾਈ ਅਲਰਟ ਜਾਰੀ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹਾਈ ਅਲਰਟ ਦੇ ਆਦੇਸ ਜਾਰੀ ਕਰਦਿਆਂ ਡੀਜੀਪੀ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਿਹਾ ਹੈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਇੱਕ ਮੀਟਿੰਗ ਸੱਦੀ ਹੈ। ਇਸ ਤੋਂ ਬਾਅਦ, ਹਰਿਆਣਾ ਪੁਲਿਸ ਨੇ ਇੱਕ ਬਿਆਨ ਜਾਰੀ ਕੀਤਾ ਕਿ ਦਿੱਲੀ ਵਿੱਚ ਟਰੈਕਟਰ ਮਾਰਚ ਦੌਰਾਨ ਹੋਈ ਹਿੰਸਾ ਤੋਂ ਬਾਅਦ ਡੀਜੀਪੀ ਮਨੋਜ ਯਾਦਵ ਨੇ ਸਾਰੇ ਜ਼ਿਲ੍ਹੇ ਦੇ ਐਸਪੀ ਨੂੰ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ ਦਿੱਤੇ ਹਨ।

**ਅਹਿੰਸਾ ਤੇ ਪ੍ਰਦਰਸ਼ਨ ਦੇ ਅਧਿਕਾਰ ਦਾ ਸਨਮਾਨ ਕਰੇ ਭਾਰਤ ਸਰਕਾਰ**

**ਦਿੱਲੀ ਹਿੰਸਾ 'ਤੇ ਬੋਲਿਆ ਸੰਯੁਕਤ ਰਾਸ਼ਟਰ**

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਭਾਰਤ ਸਰਕਾਰ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ, ਲੋਕਾਂ ਦੇ ਇਕੱਠੇ ਹੋਣ ਦੀ ਆਜਾਦੀ ਅਤੇ ਅਹਿੰਸਾ ਦਾ ਸਨਮਾਨ ਕਰੇ। ਬੁਲਾਰੇ ਨੇ ਇਸ ਤੋਂ ਪਹਿਲਾਂ ਵੀ ਕਿਹਾ ਸੀ ਕਿ ਲੋਕਾਂ ਨੂੰ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਅਤੇ ਅਧਿਕਾਰੀਆਂ ਨੂੰ ਉਹਨਾਂ ਨੂੰ ਇਹ ਕਰਨ ਦੇਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਦੇ ਬੁਲਾਰੇ ਦਾ ਇਹ ਤਾਜਾ ਬਿਆਨ ਦਿੱਲੀ ਵਿਚ ਭੜਕੀ ਹਿੰਸਾ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਸੀ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਦੇ ਬੁਲਾਰੇ ਨੇ ਕਿਹਾ ਸੀ ਕਿ ਜਿੱਥੇ ਤੱਕ ਭਾਰਤ ਦਾ ਸਵਾਲ ਹੈ ਤਾਂ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਹਨਾਂ ਮੁੱਦਿਆਂ ਨੂੰ ਚੁੱਕਣ ਵਾਲੇ ਹੋਰ ਲੋਕਾਂ ਨੂੰ ਕਿਹਾ ਹੈ ਕਿ ਉਹਨਾਂ ਨੂੰ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਅਤੇ ਅਧਿਕਾਰੀਆਂ ਨੂੰ ਅਜਿਹਾ ਕਰਨ ਦੇਣਾ ਚਾਹੀਦਾ ਹੈ।

**ਭਾਰਤ ਨੇ ਕਹੀ ਇਹ ਗੱਲ**

ਸੰਯੁਕਤ ਰਾਸ਼ਟਰ ਦੇ ਬੁਲਾਰੇ ਦੇ ਇਸ ਬਿਆਨ ਦੇ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਵਿਦੇਸ਼ੀ ਨੇਤਾਵਾਂ ਦੀਆਂ ਟਿੱਪਣੀਆਂ ਦੇ ਬਾਰੇ ਵਿਚ ਕਿਹਾ ਸੀ,"ਅਸੀਂ ਭਾਰਤ ਵਿਚ ਕਿਸਾਨਾਂ ਨਾਲ ਸਬੰਧਤ ਕੁਝ ਅਜਿਹੀਆਂ ਟਿੱਪਣੀਆਂ ਦੇਖੀਆਂ ਹਨ ਜੋ ਗੁੰਮਰਾਹ ਕਰਨ ਵਾਲੀਆਂ ਸੂਚਨਾਵਾਂ 'ਤੇ ਆਧਾਰਿਤ ਹਨ। ਇਸ ਤਰ੍ਹਾਂ ਦੀਆਂ ਟਿੱਪਣੀਆਂ ਅਣਉਚਿਤ ਹਨ, ਖਾਸ ਕਰ ਕੇ ਜਦੋਂ ਉਹ ਇਕ ਲੋਕਤੰਤਰੀ ਦੇਸ਼ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਤ ਹੋਣ।"

ਮੰਤਰਾਲੇ ਨੇ ਇਕ ਸੰਦੇਸ਼ ਵਿਚ ਕਿਹਾ ਕਿ ਬਿਹਤਰ ਹੋਵੇਗਾ ਕਿ ਕੂਟਨੀਤਕ ਗੱਲਬਾਤ ਰਾਜਨੀਤਕ ਉਦੇਸ਼ਾਂ ਲਈ ਗਲਤ ਢੰਗ ਨਾਲ ਪੇਸ਼ ਨਾ ਕੀਤੀ ਜਾਵੇ।



# ਸਚੀ ਤੇਰੀ ਸਿ.ਫਤ ਸਚੀ ਸਾਲਾਹ

**ਮਨਦੀਪ ਕੌਰ ਸੇਖੋਂ**
**ਮੋਬ.9728020813**

ਅਕਾਲ ਪੁਰਖ ਦੀ ਜਿੰਨੀ ਸਿਫਤ ਸਲਾਹ ਕੀਤੀ ਜਾਏ ਉਨੀਂ ਘੱਟ ਏ, ਜਿਨ੍ਹਾਂ ਖੁਦਾ ਬਾਰੇ ਦੁਨੀਆਂ ਵਿੱਚ ਚਾਨਣਾ ਪਾਇਆ ਦੱਸਿਆ ਜਾਏ ਥੋੜਾ ਏ ਕਿਉਂਕਿ ਖੁਦਾ ਦੀ ਹੋਂਦ ਦਾ ਕਦੇ ਅੰਦਾਜਾ ਨਹੀਂ ਲਾਇਆ ਜਾ ਸਕਦਾ ਨਾ ਹੀ ਇਹ ਦੱਸਿਆ ਜਾ ਸਕਦਾ ਕਿ ਉਹ ਕਿੱਥੇ ਵੱਸਦਾ ਏ। ਉਹ ਕਣ ਕਣ ਵਿੱਚ ਏ ਸਰੀਰ ਦੇ ਰੋਮ ਰੋਮ ਵਿੱਚ ਏ ਪੂਰੀ ਕਾਇਨਾਤ ਵਿੱਚ ਏ ਉਹ ਜੀਵ-ਜੰਤੂ, ਪਸ਼ੂ-ਪੰਛੀਆਂ, ਕੰਡੇ-ਫੁੱਲਾਂ ਚ ਏ ਤੇ ਉਹ ਕਿੱਥੇ ਨਹੀਂ ? ਰੇਤੀਲੇ ਰੇਗਿਤਾਨ ਚ ਬੜੇ ਉੱਚੇ ਪਹਾੜਾਂ ਚ ਵੀ ਏ ਅਤੇ ਇਹ ਸਭ ਕੁੱਝ ਉਸ ਪ੍ਰਮਾਤਮਾ ਦੀ ਮੇਹਰ ਕਿਰਪਾ ਸਦਕਾ ਏ ਉਹਦੇ ਦੁਆਰਾ ਹੀ ਸਭ ਉਤਪੰਨ ਕੀਤਾ ਗਿਆ ਤੇ ਬਣਾਇਆ ਗਿਆ ਹੈ। ਪ੍ਰਮਾਤਮਾ ਆਪ ਖੁਦ ਸਭ ਵਸੂਤਆਂ ਚੀਜਾਂ ਚ ਵੱਸਕੇ ਖੁਦ ਆਪ ਇੱਕ ਨਿਜ਼ਮ ਤਹਿਤ ਖਿਆਲ ਧਿਆਨ ਰੱਖਦਾ ਏ। ਬਲਕਿ ਪੂਰੇ ਬ੍ਰਹਿਮੰਡ ਚ ਵੱਸ ਰਹੇ ਸੂਰਜ, ਚੰਨ, ਤਾਰੇ, ਧਰਤੀ ਹਰ ਇਕ ਚੀਜ ਪ੍ਰਮਾਤਮਾ ਦੀ ਬਹੁਤ ਸੋਹਣੀ ਰਚਾਈ ਰਜਾ ਵਿੱਚ ਚੱਲ ਰਹੇ ਹਨ। ਧੰਨ ਗੁਰੂ ਨਾਨਕ ਪਾਤਸਾਹ ਜੀ ਆਪਣੇ ਮੁੱਖ ਤੋਂ ਆਪ ਫੁਰਮਾਉਂਦੇ ਨੇ:-

**ਹੁਕਮੈ ਅੰਦਰ ਸਭੁ ਕੋ ਬਾਹਿਰ ਹੁਕਮ ਨਾ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੇ ਨ ਕੋਇ॥**

(ਕੁਦਰਤ ਦੀ ਹਰ ਚੀਜ ਇਕ ਨਿਯਮ ਦੇ ਅਧੀਨ ਹੈ। ਕੁਝ ਵੀ ਉਸ ਕੁਦਰਤ ਤੋਂ ਬਾਹਰ ਨਹੀਂ ਹੈ। ਜਿਹੜਾ ਆਦਮੀ ਕੁਦਰਤ ਦੇ ਨਿਯਮ ਨੂੰ ਜਾਣਦਾ ਹੈ ਉਸ ਵਿਚ ਹਉਮੈ ਨਹੀਂ ਹੋ ਸਕਦੀ ਕਿਉਂਕਿ ਉਸ ਨੂੰ ਪਤਾ ਹੈ ਕਿ ਸਭ ਕੁਝ ਪ੍ਰਮਾਤਮਾ ਦੇ ਬਣਾਏ ਨਿਯਮਾਂ ਅਨੁਸਾਰ ਚਲਣਾ ਹੈ।)

ਕਿਉਂਕਿ ਉਸ ਖੁਦਾ ਦੇ ਵਿਸਾਲਤਾ ਦੇ ਭੰਡਾਰ ਸੋਚ ਤੋਂ ਬਹੁਤ ਪਰੇ ਹਨ,ਜਿੱਥੇ ਪਹੁੰਚਣਾ ਨਾ ਮੁਮਕਿਨ ਏ ਮਤਲਬ ਅਸੀਂ ਉਸ ਬਾਰੇ ਕਦੇ ਸੋਚ ਨਹੀਂ ਸਕਦੇ ਸਾਡੀ ਸੋਚ ਉਸ ਤੱਕ ਅਪਹੁੰਚ ਹੈ। ਪ੍ਰਮਾਤਮਾ ਖੁਦਾ ਹੈ ਤੇ ਅਸੀਂ ਹਾਂ। ਕਈ ਵਰੀ ਅਸੀਂ ਬਹੁਤ ਸੋਚਾਂ ਸੋਚਦੇ ਹਾਂ ਬਹੁਤ ਕੁੱਝ ਜਿੰਦਗੀ ਚ ਲੋਚਦੇ ਹਾਂ ਆਹ ਮਿਲਜੇ,ਉਹ ਮਿਲਜੇ,ਰੱਬ ਉਹ ਦੇ ਦਵੇ ਆਹ ਦੇ ਦਵੇ। ਕਹਿੰਦੇ ਪ੍ਰੇਮ ਵਿੱਚ ਡੁੱਬਕੇ ਦਿਲੋਂ ਕੀਤੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ। ਜੇ ਮੰਗ ਤੋਂ ਜ਼ਿਆਦਾ ਕੁੱਝ ਮਿਲਜੇ ਫਿਰ ਆਪਾਂ ਕਹਿੰਦੇ ਹਾਂ ਕਿ ਇਹ ਮੈਂ ਕੀਤਾ ਮੈਂ ਕਮਾਇਆ ਫਿਰ ਬੜੇ ਆਰਾਮ ਨਾਲ ਹਉਮੈ ਆ ਜਾਂਦੀ ਹੈ। ਬਲਕਿ ਇਹ ਨਹੀਂ ਸਮਝਦੇ ਉਹਨੇ ਦਿੱਤਾ ਤਾਂ ਤੇਰੇ ਕੋਲ ਆਇਆ ਤਾਂ ਤੈਨੂੰ ਮਿਲਿਆ ਨਹੀਂ ਤੇ ਤੈਨੂੰ ਕਿੱਥੋ ਮਿਲਿਆ ? ਕਦੇ ਸੋਚਿਆ ? , ਹਾਂ ਮਿਹਨਤ ਤੇਰੀ ਏ ਪਰ ਕੀਤੀ ਮਿਹਨਤ ਦਾ ਫਲ ਇਕੱਲੇ ਤੁਸੀਂ ਆਪਣੀ ਮੈਂ ਲਿਆ ਕੇ ਪ੍ਰਾਪਤ ਨਹੀਂ ਕਰ ਸਕਦੇ। ਉਸ ਖੁਦਾ ਨੇ ਤੈਨੂੰ ਉੱਦਮ ਬਖਸ਼ਿਆ ਤੂੰ ਮਿਹਨਤ ਕੀਤੀ ਤੇ ਉਸ ਅੱਲ੍ਹਾ ਨੇ ਹੀ ਤੈਨੂੰ ਫਲ ਬਖਸ਼ ਦਿੱਤਾ। ਅਸੀਂ ਆਪਣੀ ਰੋਜਾਨਾ ਚਲਦੀ ਜਿੰਦਗੀ ਵਿੱਚ ਗੁਆਚ ਚੁਕੇ ਹਾਂ ਤੇ ਸਾਨੂੰ ਚੰਗੇ ਮਾੜੇ ਦੀ ਹੁਣ ਸਮਝ ਹੀ ਨਹੀਂ ਰਹੀ ਤੇ ਪਹਿਚਾਣ ਕਰਨੀ ਅੱਜ ਬਹੁਤ ਔਖੀ ਹੋ ਚੁੱਕੀ ਹੈ,ਅਤੇ ਨਾਲੇ ਸਾਡੀ ਸੋਚ ਦਾ ਦਾਇਰਾ ਬਹੁਤ ਛੋਟਾ ਹੋ ਚੁੱਕਾ ਹੈ।ਸਾਨੂੰ ਸਭ ਨੂੰ ਅੱਜ ਲੱਗਦਾ ਕਿ ਵਕਤ ਦੇ ਨਾਲ ਜੋ ਅਸੀਂ ਕਰ ਰਹੇ ਹਾਂ ਸੋਚ ਰਹੇ ਹਾਂ, ਉਹ ਹੀ ਸਭ ਸਹੀ ਏ ਪਰ ਨਹੀਂ। ਜੋ ਹੋ ਰਿਹਾ ਵਾਪਰ ਰਿਹਾ ਸਭ ਖੁਦਾ ਦੇ ਭਾਣੇ ਦੇ ਅੰਦਰ ਹੋ ਰਿਹਾ ਜੋ ਸਾਨੂੰ ਮੰਨ ਕੇ ਚਲਣਾ ਚਾਹੀਦਾ। ਵਕਤ ਦੇ ਨਾਲ ਨਾਲ ਬਹੁਤ ਕੁਝ ਬਦਲਦਾ ਹੈ, ਹਾਲਤਾਂ ਦੇ ਨਾਲ ਬਹੁਤ ਕੁੱਝ ਵਾਪਰਦਾ ਹੈ, ਜਿਸ ਨਾਲ ਅਸੀਂ ਵਾਹਿਗੁਰੂ ਨੂੰ ਆਪਣੇ ਨਾਲ ਤੇ ਆਪਣੇ ਤੋਂ ਦੂਰ ਸੋਚਣ ਸਮਝਣ ਲੱਗ ਜਾਂਦੇ ਹਾਂ। ਪਰ ਵਾਹਿਗੁਰੂ ਤਾਂ ਹਰ ਵਕਤ ਹਰ ਵੇਲੇ ਸਾਡੇ ਨਾਲ ਹੈ, ਸਾਡੇ ਅੰਗ ਸੰਗ ਸਹਾਈ ਹੁੰਦਾ ਏ।

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**
**ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥1॥**

ਕਦੀ ਅਸੀਂ ਸੋਚਿਆ ਕਿ ਸਾਡੇ ਤੇ ਸੁੱਖ-ਦੁੱਖ ਚੰਗੇ ਮਾੜੇ ਦਿਨ ਕਿਉਂ ਆਉਂਦੇ ਹਨ ?ਕੀ ਵਾਹਿਗੁਰੂ ਦਾ ਸਾਡੇ ਨਾਲ ਵੈਰ ਹੈ, ਪਰ ਨਹੀਂ ਉਹ ਤਾਂ "ਨਿਰਵੈਰ" ਵਿਚਰਦਾ ਹੈ। ਪ੍ਰਮਾਤਮਾ ਤਾ ਹਰ ਵੇਲੇ ਹਰ ਸੁੱਖ ਦੁੱਖ ਦੀ ਘੜੀ ਚ ਸਾਡੇ ਨਾਲ ਹੁੰਦਾ ਹੈ ਸਾਡੇ ਨਾਲ ਖੜਿਆ ਹੁੰਦਾ ਏ, ਪਰ ਸਾਡੀ ਵੇਖਣ ਵਾਲੀ ਅੱਖ ਨਹੀਂ ਤੇ ਮਹਿਸੂਸ ਕਰਨ ਵਾਲੀ ਸਕਤੀ ਨਹੀਂ ਰਹੀ। ਜੇ ਅਸੀਂ ਜਿੰਦਗੀ ਨੂੰ ਅਸਲੀਂ ਜਿਉਣਾ ਜਾਣ ਗਏ ਤਾਂ ਚੰਗੀ ਤਰ੍ਹਾਂ ਬਤੀਤ ਕਰਨਾ ਜਾਣਗੇ ਤਾਂ ਕਦੀ ਵੀ ਉਸ ਪ੍ਰਮਾਤਮਾ ਤੇ ਸਾਨੂੰ ਗਿੱਲੇ ਸ਼ਿਕਵੇ ਨਹੀਂ ਹੋਣਗੇ ਕਦੀ ਵੀ ਕਿੰਤੂ ਪਰੰਤੂ ਨਹੀਂ ਕਰਾਂਗੇ ਤੇ ਉਸ ਦੇ ਅੰਦਰ ਹੋਣ ਦਾ ਮਹਿਸੂਸ ਕਰਕੇ ਉਹਦੇ ਗੁਣਾਂ ਨੂੰ ਮਨ ਚ ਵਸਾਕੇ ਚਲਾਂਗੇ ਤਾਂ ਫਿਰ ਜਿੰਦਗੀ ਨੂੰ ਜਿਉਣ ਦਾ ਢੰਗ ਤੇ ਸਲੀਕਾ ਆ ਜਾਵੇਗਾ।

***ਪਿੰਡ-ਮਲਕਪੁਰ, ਹਰਿਆਣਾ।**

# ਕਿਸਾਨ ਬਚਾਓ, ਦੇਸ਼ ਬਚਾਓ

**- ਸੰਜੀਵ ਸਿੰਘ ਸੈਣੀ, ਮੋਹਾਲੀ**

ਦਿੱਲੀ ਦੀਆਂ ਬਰੂਹਾਂ 'ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ ਡੇਢ ਮਹੀਨੇ ਤੋਂ ਉੱਪਰ ਹੋ ਗਿਆ ਹੈ। ਇਸ ਲੋਕ ਲਹਿਰ ਵਿੱਚ ਵੱਖ-ਵੱਖ ਤਬਕੇ ਦੇ ਲੋਕ ਹਿੱਸਾ ਲੈ ਰਹੇ ਹਨ। ਖ਼ਾਸ ਕਰਕੇ ਨੌਜਵਾਨਾਂ ਦਾ ਇਸ ਸੰਘਰਸ਼ ਵਿੱਚ ਅਹਿਮ ਯੋਗਦਾਨ ਰਿਹਾ। ਅੰਦੋਲਨ ਨੇ ਸ਼ਾਂਤਮਈ ਤਰੀਕੇ ਨਾਲ ਚਲਦਿਆਂ ਸਭ ਦਾ ਦਿਲ ਜਿੱਤ ਲਿਆ ਹੈ। ਕਿਸਾਨਾਂ ਨੂੰ ਅੱਤਵਾਦੀ, ਨਕਸਲਵਾਦੀ, ਮਾਓਵਾਦੀ, ਖਾਲਿਸਤਾਨੀ ਆਦਿ ਕਹਿ ਕੇ ਭੰਡਿਆ ਗਿਆ। ਸਭ ਦੀਆਂ ਨਜ਼ਰਾਂ ਅੱਜ ਕਿਸਾਨ ਅੰਦੋਲਨ 'ਤੇ ਟਿਕੀਆਂ ਹੋਈਆਂ ਹਨ। ਇਸ ਕਿਸਾਨੀ ਸੰਘਰਸ਼ ਵਿਚ 60 ਤੋਂ ਵੱਧ ਕਿਸਾਨਾਂ ਦੀ ਜਾਨ ਵੀ ਚਲੀ ਗਈ। ਕਿਸਾਨਾਂ ਨੂੰ ਪਤਾ ਹੈ ਕਿ ਇਹ ਆਰਡੀਨੈਂਸ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ। ਤਿੰਨੇ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਦੇ ਆਗੂਆਂ ਅਤੇ ਸਰਕਾਰ ਦਰਮਿਆਨ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਿਸਾਨਾਂ ਦੀ ਇੱਕੋ ਹੀ ਮੰਗ ਹੈ ਕਿ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣ। ਪਰ ਸਰਕਾਰ ਦੀ ਮਨਸ਼ਾ ਸਾਫ਼ ਹੈ ਕਿ ਉਹ ਖੇਤੀ ਬਿੱਲਾਂ ਨੂੰ ਵਾਪਸ ਲੈਣ ਲਈ ਤਿਆਰ ਨਹੀਂ ਹੈ। ਇਨਾਂ ਪਿੱਛੇ ਕਾਰਪੋਰੇਟ ਘਰਾਣਿਆਂ ਦਾ ਦਬਾਅ ਦੇਖਿਆ ਜਾ ਰਿਹਾ ਹੈ। ਹੁਣ ਇਹ ਮਸਲਾ ਸੁਪਰੀਮ ਕੋਰਟ ਤੱਕ ਜਾ ਪੁੱਜਾ ਹੈ। ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ 'ਤੇ ਰੋਕ ਲਗਾ ਦਿੱਤੀ ਹੈ। ਪਰ ਸੁਪਰੀਮ ਕੋਰਟ ਵਲੋਂ ਕਿਸਾਨਾਂ ਨੂੰ ਇਨਸਾਫ਼ ਦੇਂਦਿਆਂ ਇਸ ਨੂੰ ਅਸੰਵਿਧਾਨਿਕ ਕਰਾਰ ਦੇਣਾ ਚਾਹੀਦਾ ਸੀ ਜਿਸ ਕਾਰਨ ਕਿਸਾਨਾਂ ਵਿੱਚ ਨਿਰਾਸ਼ਾ ਵੀ ਦੇਖੀ ਗਈ। ਓਧਰ ਦਿੱਲੀ ਦੀਆਂ ਬਰੂਹਾਂ 'ਤੇ ਸੱਤ ਜਨਵਰੀ ਨੂੰ ਟਰੈਕਟਰ ਮਾਰਚ ਕੱਢਿਆ ਗਿਆ। 18 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਅਤੇ ਨਾਲ ਲੱਗਦੇ ਸੂਬਿਆਂ ਪੰਜਾਬ, ਹਰਿਆਣਾ ਵਿੱਚ ਮਹਿਲਾ ਕਿਸਾਨ ਅੰਦੋਲਨ ਹੋਇਆ। ਔਰਤਾਂ ਵੱਲੋਂ ਵੀ ਰੋਸ ਮਾਰਚ ਕੀਤਾ ਗਿਆ। ਗਣਤੰਤਰ ਦਿਵਸ ਨੂੰ ਦਿੱਲੀ ਦੇ ਅੰਦਰ ਵੜ ਕੇ 'ਕਿਸਾਨ ਟਰੈਕਟਰ ਪਰੇਡ' ਕੱਢੇ ਜਾਣ ਦੀ ਠੋਸ ਨੀਤੀ ਉਲੀਕੀ ਜਾ ਰਹੀ ਹੈ। ਗੁਆਂਢੀ ਸੂਬੇ ਦੀਆਂ ਮਹਿਲਾਵਾਂ ਵੱਲੋਂ ਵੀ ਟਰੈਕਟਰ ਪ੍ਰੇਡ ਲਈ ਸਿਖਲਾਈ ਲਈ ਜਾ ਰਹੀ ਹੈ। ਕਿਸਾਨ ਅੰਦੋਲਨ ਨੇ ਜ਼ਿੰਦਗੀ ਦਾ ਮਿਜ਼ਾਜ ਬਦਲ ਦਿੱਤਾ ਹੈ।

ਅੱਜ ਕੇਂਦਰ ਸਰਕਾਰ ਓਹੀ ਆਪਣੀ ਪੁਰਾਣੀ ਦਲੀਲਾਂ ਨੂੰ ਦੁਹਰਾ ਰਹੀ ਹੈ ਕਿ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ। ਇਨਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ। ਵਿਚਾਰਨ ਵਾਲੀ ਗੱਲ ਹੈ ਕਿ ਜੇ ਬਿੱਲ ਲਾਹੇਵੰਦ ਹਨ, ਤਾਂ ਅੱਜ ਦੇਸ ਦਾ ਅੰਨਦਾਤਾ ਸੰਘਰਸ਼ ਦੇ ਰਾਹ ਕਿਉਂ ਪੈਂਦਾ ? ਕਿਉਂ ਅੱਜ ਉਸ ਨੂੰ ਪੋਹ ਦੀਆਂ ਰਾਤਾਂ ਵਿੱਚ 2 ਡਿਗਰੀ ਤਾਪਮਾਨ 'ਤੇ ਸੜਕਾਂ ਤੇ ਖੁੱਲੇ ਅਸਮਾਨ ਹੇਠ ਸੌਣਾ ਪਿਆ। ਕਿਸਾਨਾਂ ਨੂੰ ਮੰਡੀਆਂ ਖ਼ਤਮ ਹੋਣ ਦਾ ਡਰ ਹੈ। ਆਖ਼ਿਰ ਕਿਉਂ ਕੇਂਦਰ ਸਰਕਾਰ ਐਮ ਐੱਸ ਪੀ ਨੂੰ ਕਾਨੂੰਨੀ ਦਰਜਾ ਦੇਣ ਵਿੱਚ ਝਿਜਕ ਰਹੀ ਹੈ ? ਚੇਤੇ ਰਖੀਏ ਕਿ ਜਦੋਂ 1960 ਵਿੱਚ ਦੇਸ਼ ਨੂੰ ਅਨਾਜ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਸਮੇਂ ਦੀਆਂ ਸਰਕਾਰਾਂ ਨੂੰ ਦੂਜੇ ਦੇਸ਼ਾਂ ਅੱਗੇ ਅਨਾਜ ਲੈਣ ਲਈ ਕਈ ਤਰਾਂ ਦੇ ਤਰਲੇ ਕਰਨੇ ਪਏ ਸਨ ਤੇ ਉਨਾਂ ਦੇਸ਼ਾਂ ਨੇ ਭਾਰਤ ਨੂੰ ਅਨਾਜ ਦੇਣ ਲਈ ਕਈ ਤਰਾਂ ਦੀਆਂ ਸ਼ਰਤਾਂ ਵੀ ਰੱਖੀਆਂ ਸਨ। ਫਿਰ ਇਸ ਤੋਂ ਬਾਅਦ ਕਿਸਾਨਾਂ ਦੀ ਮਿਹਨਤ ਸਦਕਾ ਨਵੀਂ ਤਕਨਾਲੋਜੀ, ਵਧੀਆ ਬੀਜਾਂ, ਖਾਦਾਂ ਸਦਕਾ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦਾ ਅੰਨ ਭੰਡਾਰ ਭਰਿਆ।

ਕਿਸਾਨੀ ਸੰਘਰਸ਼ ਕਾਰਨ ਅੱਜ ਪਿੰਡਾਂ ਵਿੱਚ ਵੀ ਆਪਸੀ ਧੜੇਬੰਦੀ ਖ਼ਤਮ ਹੋ ਚੁੱਕੀ ਹੈ। ਅਕਸਰ ਪਿੰਡਾਂ ਵਿੱਚ ਇੱਕ-ਦੂਜੇ ਪ੍ਰਤੀ ਕੁੜੱਤਣ ਪੈਦਾ ਹੋ ਜਾਂਦੀ ਹੈ। ਜਿਸ ਕਾਰਨ ਆਪਸੀ ਪਰਿਵਾਰਕ ਸਾਂਝ ਖ਼ਤਮ ਹੋ ਜਾਂਦੀ ਹੈ। ਕਿਸਾਨੀ ਘੋਲ ਕਰਕੇ ਅੱਜ ਪਿੰਡਾਂ ਵਿਚ ਭਾਈਚਾਰਕ ਸਾਂਝ ਮਜ਼ਬੂਤ ਹੋਈ ਹੈ। ਚਾਹੇ ਕੋਈ ਦਲਿਤ ਭਾਈਚਾਰੇ ਨਾਲ ਵੀ ਸਬੰਧ ਰੱਖਦਾ ਹੋਵੇ, ਉਹ ਵੀ ਅੱਜ ਕਿਸਾਨੀ ਮੋਰਚੇ ਵਿਚ ਸ਼ਾਮਿਲ ਹੋ ਰਿਹਾ ਹੈ। ਨਿਹੰਗ ਜਥੇਬੰਦੀਆਂ ਵੀ ਕਿਸਾਨਾਂ ਦੇ ਹੱਕ ਵਿਚ ਡਟੀਆਂ ਹੋਈਆਂ ਹਨ। ਦਿੱਲੀ ਦੀਆਂ ਬਰੂਹਾਂ 'ਤੇ ਤਾਂ ਕਿਸਾਨੀ ਦੇ ਵੱਖ-ਵੱਖ ਰੰਗ ਦੇਖਣ ਨੂੰ ਮਿਲ ਰਹੇ ਹਨ। ਸੰਘਰਸ਼ ਦੌਰਾਨ ਹਰੀ ਕ੍ਰਾਂਤੀ ਸਬੰਧੀ ਹਰੇ ਰੰਗ ਦੀਆਂ ਜਲੇਬੀਆਂ ਕੱਢੀਆਂ ਜਾ ਰਹੀਆਂ ਹਨ। ਦਸ-ਦਸ ਗਜ ਦੀ ਦੂਰੀ 'ਤੇ ਤਰਾਂ-ਤਰਾਂ ਦੇ ਪਕਵਾਨ, ਲੰਗਰ ਲੱਗੇ ਹੋਏ ਹਨ। ਸਿਰਫ਼ ਇਸ ਵਿਚ ਕਿਸਾਨ ਹੀ ਲੰਗਰ ਨਹੀਂ ਛੱਕਦੇ, ਆਸ ਪਾਸ ਦਾ ਗ਼ਰੀਬ ਤਬਕਾ ਵੀ ਲੰਗਰ ਖਾ ਰਿਹਾ ਹੈ। ਕੋਈ ਗ਼ਰੀਬ ਤਬਕਾ ਜਿੰਨਾ ਮਰਜ਼ੀ ਆਪਣੇ ਘਰ ਨੂੰ ਲੰਗਰ ਲੈ ਜਾਵੇ, ਕਦੇ ਵੀ ਕਿਸਾਨ ਵੀਰ ਮਨਾ ਨਹੀਂ ਕਰਦੇ ਤੇ ਲੰਗਰ ਖਾ ਕੇ ਇਹ ਗ਼ਰੀਬ ਲੋਕ ਕਿਸਾਨਾਂ ਨੂੰ ਦਿਲੋਂ ਅਸੀਸ ਦੇ ਰਹੇ ਹਨ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣੀ ਅੜੀ ਛੱਡ ਕੇ ਇਹ ਕਾਲੇ ਖੇਤੀ ਬਿੱਲਾਂ ਨੂੰ ਤੁਰੰਤ ਰੱਦ ਕਰ ਦੇਣਾ ਚਾਹੀਦਾ ਹੈ।

# ਟ੍ਰੈਕਟਰ ਪਰੇਡ ਵਿੱਚ ਜੋਸ਼ ਰਿਹਾ ਭਾਰੂ ਪਰ ਮੁੱਦੇ ਨੂੰ ਕੀਤਾ ਗਿਆ ਨਜ਼ਰਅੰਦਾਜ

**- ਹਰਕੀਰਤ ਕੌਰ**
**9779118066**

ਪਿਛਲੇ ਸਮੇਂ ਤੋਂ ਦਿੱਲੀ ਵਿੱਚ ਆਪਣੇ ਹੱਕਾਂ ਲਈ ਡਟੇ ਕਿਸਾਨਾਂ ਨੇ ਬਿਨਾਂ ਠੰਡ ਅਤੇ ਤੰਗੀਆਂ ਤਰੁਸ਼ੀਆਂ ਦੀ ਪਰਵਾਹ ਕੀਤੇ ਜਿਸ ਸ਼ਾਂਤੀ ਪੂਰਵਕ ਢੰਗ ਨਾਲ ਪ੍ਰਦਰਸ਼ਨ ਕੀਤਾ ਉਸ ਨਾਲ ਹਰ ਇੱਕ ਦੇ ਦਿਲ ਵਿੱਚ ਇੱਕ ਆਸ ਪੈਦਾ ਹੋ ਗਈ ਸੀ ਕਿ ਅਸੀਂ ਆਪਣੀ ਜਿੱਤ ਦੇ ਬਹੁਤ ਨਜਦੀਕ ਹਾਂ, ਕਿਉਂਕਿ ਇਸ ਅੰਦੋਲਨ ਨੂੰ ਜਿਸ ਅਨੁਸ਼ਾਸਨਮਈ ਤਰੀਕੇ ਨਾਲ ਚਲਾਇਆ ਜਾ ਰਿਹਾ ਸੀ ਉਹ ਆਪਣੇ ਆਪ ਵਿੱਚ ਹੀ ਇੱਕ ਉਦਾਹਰਣ ਅਤੇ ਮਿਸਾਲ ਸੀ, ਕਿਉਂਕਿ ਅੱਜ ਤੋਂ ਪਹਿਲਾਂ ਕਦੇ ਵੀ ਕੋਈ ਅੰਦੋਲਨ ਐਨਾ ਲੰਬਾ ਅਤੇ ਸ਼ਾਂਤਮਈ ਨਹੀਂ ਰਿਹਾ। ਇਸ ਦੌਰਾਨ ਸਾਡੇ ਕਿਸਾਨ ਨੇਤਾਵਾਂ ਦੁਆਰਾ 26 ਜਨਵਰੀ ਦੇ ਦਿਨ ਟ੍ਰੈਕਟਰ ਮਾਰਚ ਕੱਢਣ ਦਾ ਫੈਸਲਾ ਲਿਆ ਗਿਆ। ਇਸ ਮਾਰਚ ਦਾ ਮਕਸਦ ਕਿਸੇ ਤਰਾਂ ਦੀ ਹਿੰਸਾ ਪੈਦਾ ਜਾਂ ਅਨੁਸ਼ਾਸਨ ਭੰਗ ਕਰਨਾ ਨਹੀਂ ਸੀ , ਬਲਕਿ ਬਹੁਤ ਤਰੀਕੇ ਨਾਲ ਸਰਕਾਰ ਅਤੇ ਦੇਸ ਦੇ ਲੋਕਾਂ ਤੱਕ ਆਪਣੀ ਅਵਾਜ ਪਹੁੰਚਾਉਣਾ ਸੀ। ਪਹਿਲਾਂ ਤਾਂ ਬਹੁਤ ਕਠਿਨਾਈਆਂ ਤੋਂ ਬਾਅਦ ਕਿਸਾਨਾਂ ਨੂੰ ਟ੍ਰੈਕਟਰ ਮਾਰਚ ਕੱਢਣ ਦੀ ਇਜ਼ਾਜਤ ਮਿਲੀ। ਫਿਰ ਕਿਸਾਨ ਨੇਤਾਵਾਂ ਦੀ ਰਾਏ ਅਨੁਸਾਰ ਇਹ ਤਹਿ ਕੀਤਾ ਗਿਆ ਕਿ ਅਸੀਂ ਨਾ ਤਾਂ ਲਾਲ ਕਿਲੇ ਵਿੱਚ ਦਾਖਲ ਹੋਣਾ ਹੈ, ਟ੍ਰੈਕਟਰ ਮਾਰਚ ਨੂੰ ਗਣਤੰਤਰ ਦਿਵਸ ਦੀ ਪਰੇਡ ਖਤਮ ਹੋਣ ਉਪਰੰਤ ਸ਼ੁਰੂ ਕੀਤਾ ਜਾਵੇਗਾ ਅਤੇ ਪਰੇਡ ਵਿੱਚ ਸ਼ਾਮਿਲ ਹੋਣ ਵਾਲੇ ਹਰ ਇੱਕ ਵਿਅਕਤੀ ਨੂੰ ਮਿਥੇ ਹੋਏ ਰੂਟ 'ਤੇ ਚੱਲਣ ਦਾ ਆਦੇਸ਼ ਦਿੱਤਾ ਗਿਆ। ਕਿਸਾਨ ਨੇਤਾਵਾਂ ਦੀ ਅਜਿਹੀ ਸੁਲਝੀ ਯੋਜਨਾ ਤੋਂ ਪਤਾ ਲੱਗਦਾ ਸੀ ਕਿ ਇਹ ਪਰੇਡ ਦੇਸ਼ ਵਿੱਚ ਕਿਸਾਨਾਂ ਦਾ ਇੱਕ ਬਹੁਤ ਹੀ ਅਨੁਸਾਸ਼ਨਮਈ ਤੇ ਸੁਲਝਿਆ ਹੋਇਆ ਰੂਪ ਪੇਸ਼ ਕਰੇਗੀ। ਪਰ ਜਦੋਂ ਮਾਰਚ ਵਿੱਚ ਸ਼ਾਮਲ ਕੁਝ ਕਿਸਾਨਾਂ ਦੁਆਰਾ ਲਾਲ ਕਿਲੇ ਤੇ ਜਾ ਕੇ ਕੇਸਰੀ ਨਿਸ਼ਾਨ ਅਤੇ ਕਿਸਾਨਾਂ ਦਾ ਝੰਡਾ ਲਹਿਰਾ ਦਿੱਤਾ ਗਿਆ ਤਾਂ ਬਾਜੀ ਬਿਲਕੁਲ ਉਲਟੀ ਪੈਂਦੀ ਨਜਰ ਆਈ । ਪਿਛਲੇ ਦੋ ਮਹੀਨਿਆਂ ਤੋਂ ਜਿਹੜੇ ਕਿਸਾਨ ਵਿਰੋਧੀ ਦਲਾਂ ਜਾਂ ਨੇਤਾਵਾਂ ਨੂੰ ਕਿਸਾਨੀ ਮੋਰਚੇ ਦਾ ਰੁੱਖ ਮੋੜਨ ਲਈ ਕੋਈ ਕਮਜ਼ੋਰੀ ਨਹੀਂ ਸੀ ਮਿਲ ਰਹੀ, ਉਹ ਕਮਜ਼ੋਰੀ ਅੱਜ ਕੁਝ ਲੋਕਾਂ ਦੁਆਰਾ ਜੱਗ ਜ਼ਾਹਰ ਕਰ ਦਿੱਤੀ ਗਈ। ਇਹ ਇੱਕ ਛੋਟੀ ਘਟਨਾ ਨਹੀਂ ਹੈ, ਇਸ ਵਾਪਰੀ ਘਟਨਾ ਨਾਲ ਪੂਰੀ ਮੁਹਿੰਮ ਦਾ ਮੁਹਾਂਦਰਾ ਬਦਲ ਗਿਆ ਹੈ, ਗੋਦੀ ਮੀਡੀਆ ਨੂੰ ਕਿਸਾਨੀ ਮੁਹਿੰਮ ਨੂੰ ਖਾਲਿਸਤਾਨੀ ਮੁਹਿੰਮ ਕਹਿਣ ਦਾ ਬਹੁਤ ਵੱਡਾ ਮੌਕਾ ਮਿਲ ਗਿਆ ਹੈ। ਹੁਣ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਕੱਲ ਤੱਕ ਸਾਡੇ ਕੋਲ ਮਸਲਾ ਸਾਡੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਦਾ ਸੀ, ਕੱਲ ਤੱਕ ਅਸੀਂ ਸਰਕਾਰਾਂ ਕੋਲੋਂ ਜਵਾਬ ਮੰਗਦੇ ਸਾਂ, ਕੱਲ ਤੱਕ ਅਸੀਂ ਸਰਕਾਰ ਨੂੰ ਮੁੱਦੇ ਉੱਤੇ ਘੇਰਦੇ ਸੀ, ਹੁਣ ਪਾਰਲੀਮੈਂਟ ਦੇ ਇਜਲਾਸ ਵਿੱਚ ਸਰਕਾਰ ਸਾਨੂੰ ਘੇਰੇਗੀ। ਹੁਣ ਇੱਥੇ ਬਹੁਤ ਸਾਰੇ ਸਵਾਲੀਆ ਚਿੰਨ ਖੜੇ ਹੋ ਗਏ ਹਨ। ਕੀ ਲਾਲ ਕਿਲੇ ਤੱਕ ਜਿੱਥੇ ਇਹ ਲੋਕ ਪਹੁੰਚ ਗਏ ਹਨ, ਉਥੋਂ ਤੱਕ ਪਹੁੰਚਣਾ ਹਰੇਕ ਬੰਦੇ ਦੀ ਵਸ ਦੀ ਗੱਲ ਸੀ ? ਕਿਧਰੇ ਇਸ ਸਾਰੀ ਘਟਨਾ ਪਿੱਛੇ ਸਰਕਾਰ ਦੀ ਹੀ ਕੋਈ ਗੁੱਝੀ ਸਾਜਿਸ਼ ਤਾਂ ਨਹੀਂ ? ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਜੇਕਰ ਸਰਕਾਰ ਦੀ ਆਪਣੀ ਨੀਅਤ ਨਾ ਹੋਵੇ ਤਾਂ ਰਾਜ ਸੱਤਾਂ ਦੇ ਪ੍ਰਤੀਕ ਕਿਲੇ ਦੇ ਅੰਦਰ ਕਿਸੇ ਨੂੰ ਦਾਖਿਲ ਨਹੀਂ ਹੋਣ ਦੇ ਸਕਦੀ। ਉਸ ਤੋਂ ਵੀ ਵੱਡੀ ਗੱਲ ਇਹ ਕਿ ਰਾਸ਼ਟਰੀ ਤਿਉਹਾਰਾਂ ਭਾਵ ਕਿ ਗਣਤੰਤਰ ਦਿਵਸ ਤੇ ਸੁਤੰਤਰਤਾ ਦਿਵਸ ਉੱਪਰ ਤਾਂ ਲਾਲ ਕਿਲੇ ਵਿੱਚ ਬਹੁਤ ਹਾਈ ਸਕਿਓਰਟੀ ਹੁੰਦੀ ਹੈ । ਫਿਰ ਇਸ ਤਰਾਂ ਉੱਥੇ ਕੁਝ ਲੋਕਾਂ ਦਾ ਦਾਖਲ ਹੋਣ ਵਾਲੀ ਘਟਨਾ ਹਜਮ ਨਹੀਂ ਹੁੰਦੀ। ਅਸੀਂ ਸਾਰੇ ਜਾਣਦੇ ਹਾਂ ਕਿ ਇਹ ਕੁਝ ਕੁ ਲੋਕਾਂ ਦੁਆਰਾ ਪੈਦਾ ਕੀਤੇ ਹਾਲਾਤ ਸਨ, ਇਸ ਵਿੱਚ ਨਾ ਤਾਂ ਕੋਈ ਵੀ ਕਿਸਾਨ ਨੇਤਾ ਸ਼ਾਮਲ ਸੀ ਅਤੇ ਨਾ ਹੀ ਉਹਨਾਂ ਦੀ ਕਮਾਂਡ ਹੇਠਾਂ ਇਕੱਠੇ ਹੋਏ ਕਿਸਾਨ। ਹੁਣ ਏਥੇ ਮੇਰੇ ਕੁਝ ਪਾਠਕਾਂ ਦੇ ਦਿਲਾਂ ਵਿੱਚ ਇਹ ਵੀ ਸ਼ੰਕਾ ਆਇਆ ਹੋਊ ਖੌਰੇ, ਲੇਖਿਕਾ ਨੂੰ ਲਾਲ ਕਿਲੇ ਤੇ ਕੇਸਰੀ ਝੰਡਾਂ ਝੂਲਦਾ ਚੰਗਾ ਨਹੀਂ ਲੱਗਾ ਹੋਊ, ਪਰ ਅਸਲ ਵਿੱਚ ਗਲ ਇਹ ਹੈ ਕਿ ਇਹ ਲਾਲ ਕਿਲੇ ਤੇ ਕੇਸਰੀ ਝੰਡਾ ਤਾਂ ਅਸੀਂ ਪਹਿਲਾਂ ਹੀ ਲਹਿਰਾ ਚੁੱਕੇ ਹਾਂ, ਪਰ ਮੈਨੂੰ ਲੱਗਦਾ ਕਿ ਹਰ ਕੰਮ ਨੂੰ ਹਾਲਤਾਂ ਨੂੰ ਵੇਖ ਕੇ ਕਰਨਾ ਚਾਹੀਦਾ ਹੈ। ਜਿਸ ਦੌਰ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਉੱਥੇ ਜ਼ਰੂਰਤ ਸੀ ਹੋਸ਼ ਦੀ, ਸੰਜਮ ਦੀ। ਕੁਝ ਕੁ ਲੋਕਾਂ ਨੇ ਸੰਜਮ ਗਵਾਇਆ ਨਹੀਂ ਕਿ ਪੂਰੀ ਦੀ ਪੂਰੀ ਖੇਡ ਪਲਟ ਕੇ ਰੱਖ ਦਿੱਤੀ ਹੈ। ਮੈਂ ਦੇਖ ਰਹੀ ਸੀ ਕਿ ਹਰ ਰੋਜ਼ ਨੈਸ਼ਨਲ ਟੀ. ਵੀ ਚੈਨਲਾਂ ਉੱਤੇ ਕਿਸਾਨ ਆਗੂਆਂ ਨਾਲ ਹੁੰਦੀ ਬਹਿਸ ਵਿੱਚ ਪਹਿਲਾਂ ਕਿਸਾਨ ਆਗੂ ਹੁੱਭ ਕੇ ਹਰ ਗੱਲ ਰੱਖਦੇ ਸਨ, ਪਰ ਇਸ ਘਟਨਾ ਕਾਰਨ ਉਹਨਾਂ ਨੂੰ ਹੋਰ ਬੇਲੋੜੇ ਸਵਾਲਾਂ ਵਿੱਚ ਘੇਰਿਆ ਜਾ ਰਿਹਾ ਹੈ। ਸਾਨੂੰ ਸਾਰਿਆਂ ਨੂੰ ਇਹ ਮੰਨਣਾ ਪਵੇਗਾ ਕਿ ਇਸ ਮਾਰਚ ਦੌਰਾਨ ਜੋ ਵੀ ਘਟਨਾ ਵਾਪਰੀ ਉਹ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਨਹੀਂ ਸੀ। ਪਿਛਲੇ ਦੋ ਮਹੀਨਿਆਂ ਦੀ ਕਰੜੀ ਮਿਹਨਤ ਨੂੰ ਵੀ ਇਸ ਘਟਨਾ ਨੇ ਢਾਹ ਲਾਈ ਹੈ। ਜੋ ਵੀ ਲੋਕ ਇਸ ਘਟਨਾ ਦੇ ਵਿੱਚ ਸ਼ਾਮਿਲ ਸਨ, ਉਹ ਕਿਸਾਨ ਸੰਘਰਸ ਲਈ ਨਵੀਆਂ ਚੁਣੌਤੀਆਂ ਪੈਦਾ ਕਰਨ ਲਈ ਜਿੰਮੇਵਾਰ ਹਨ। ਪਰ ਉਨਾਂ ਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਸੀ ਕਿ ਕਿਸੇ ਇੱਕ ਵੱਲੋਂ ਵੀ ਕੀਤੀ ਗਈ ਛੋਟੀ ਜਿਹੀ ਅਣਗਹਿਲੀ ਇਸ ਸੰਘਰਸ਼ ਦੇ ਸਾਰੇ ਤਾਣੇ ਬਾਣੇ ਨੂੰ ਉਲਝਾ ਦੇਵੇਗੀ। ਹੁਣ ਆਸ ਇਹੀ ਕੀਤੀ ਜਾ ਸਕਦੀ ਹੈ ਸੂਝਵਾਨ ਕਿਸਾਨ ਨੇਤਾ ਬਹੁਤ ਹੀ ਸੂਝ-ਬੂਝ ਤੋਂ ਕੰਮ ਲੈ ਕੇ ਇਸ ਮਸਲੇ ਨੂੰ ਸੁਲਝਾਉਣ ਅਤੇ ਮੁੱਖ ਮੁੱਦੇ ਉੱਤੇ ਹੀ ਕੇਂਦਰਿਤ ਰਹਿਣ ਦਾ ਯਤਨ ਕਰਨ। ਸੰਘਰਸ਼ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਹੁਣ ਜੋਸ਼ ਦੀ ਜਗਾ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ ਤਾਂ ਜੋ ਇਸ ਸੰਘਰਸ਼ ਨੂੰ ਉਸਦੇ ਅੰਜਾਮ ਤੱਕ ਸਫਲਤਾਪੂਰਵਕ ਪਹੁੰਚਾਇਆ ਜਾ ਸਕੇ।

## ਧਰਮ ਸ਼ਾਸਤਰ, ਇਨਕਲਾਬ..

ਬ੍ਰਹਮ ਵਿੱਦਿਆ ਰਾਹੀ ਹੀ ਭਾਰਤ ਦੀ ਉਤਪਤੀ ਹੋਈ ਅਤੇ ਹੋਰ ਧਰਮਾਂ ਅਤੇ ਸਮੁਦਾਇਆਂ ਦੇ ਲੋਕਾਂ ਨੂੰ ਸਮਲਤਿ ਕਰਨ ਲਈ ਇਹ ਅਜੇ ਵੀ ਇਸੇ ਵਿਚਾਰਧਾਰਾ ਦੀ ਵਰਤੋਂ ਕਰ ਰਿਹਾ ਹੈ। ਇਸ ਕਰਕੇ ਹੀ ਭਾਰਤ ਦੇ ਸੰਵਿਧਾਨ ਵਿਚ ਸ਼ਾਮਿਲ ਪ੍ਰਤੀਰੋਧ ਕਰਨ ਦੇ ਹੱਕ ਦਾ ਉਪਯੋਗ ਕੀਤਾ ਜਾਂਦਾ ਹੈ ਤਾਂਕਿ ਬ੍ਰਹਮ ਵਿੱਦਿਆ ਦੇ ਇਸ ਪੱਖ ਦੀ ਵਿਰੋਧਤਾ ਕੀਤੀ ਜਾ ਸਕੇ। ਪ੍ਰਤੀਰੋਧ ਹੀ ਅਜ਼ਾਦੀ ਦੇ ਦਰਵਾਜ਼ੇ ਖੁੱਲਣ ਦੀ ਉਮੀਦ ਪੈਦਾ ਕਰਦਾ ਹੈ। ਅੱਤਿਆਚਾਰ ਦਾ ਵਿਰੋਧ ਉਦੋਂ ਹੁੰਦਾ ਹੈ ਜਦੋਂ ਕਿਸੇ ਨੇ ਇਸ ਦੀ ਉਮੀਦ ਵੀ ਨਹੀਂ ਕੀਤੀ ਹੁੰਦੀ। ਧਰਮ ਸ਼ਾਸਤਰ ਵਿਚਾਰਧਾਰਾ ਅਨੁਸਾਰ ਦੈਵੀ ਜ਼ਿੰਦਗੀ, ਅਜ਼ਾਦੀ, ਪ੍ਰਤਿਸ਼ਠਾ ਦਾ ਪ੍ਰਤੀਕ ਹੈ ਇਹ ਲੋਕਾਂ ਨੂੰ ਅੱਤਿਆਚਾਰ ਵਿਰੁੱਧ ਅਵਾਜ਼ ਉਠਾਉਣ ਅਤੇ ਆਪਣੇ ਹੱਕਾਂ ਲਈ ਖੜੇ ਹੋਣ ਲਈ ਪ੍ਰੇਰਦਾ ਹੈ। ਇਹ ਪ੍ਰੇਰਣਾ ਦੈਵੀ ਵੀ ਹੋ ਸਕਦੀ ਹੈ ਅਤੇ ਮਨੁੱਖੀ ਪਹਿਲਕਦਮੀ ਵੀ। ਧਰਮ ਸ਼ਾਸਤਰ ਵਿਚਾਰਧਾਰਾ ਅੱਤਿਆਚਾਰ ਦਾ ਵਿਰੋਧ ਕਰਦੀ ਹੈ ਅਤੇ ਡਰ ਦਾ ਵਿਰੋਧ ਅਤੇ ਸਾਹਮਣਾ ਬਹੁਤ ਹੀ ਬੁੱਧੀਮਤਾ ਅਤੇ ਕਰੁਣਾ ਨਾਲ ਕਰਦੀ ਹੈ। ਮਹਾਨ ਦਾਰਸ਼ਨਿਕ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਥਾਮਸ ਜੈਫਰਸਨ ਦਾ ਵਿਚਾਰ ਹੈ ਕਿ 'ਜਦੋਂ ਅਨਿਆਂ ਹੀ ਕਾਨੂੰਨ ਬਣ ਜਾਵੇ ਤਾਂ ਵਿਰੋਧ ਕਰਨਾ ਜ਼ਿੰਮੇਵਾਰੀ ਬਣ ਜਾਂਦਾ ਹੈ।' ਇਹੀ ਤੰਦ ਵੱਖ-ਵੱਖ ਧਾਰਮਿਕ ਗ੍ਰੰਥਾਂ ਵਿਚ ਵੀ ਮੌਜੂਦ ਹੈ। ਧਰਮ ਸ਼ਾਸਤਰ ਵਿਚਾਰਧਾਰਾ ਦੇ ਤੌਰ ਤੇ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਅਧਾਰ ਬਣ ਗਿਆ। ਇਸ ਵਿਚ ਪਹਿਲੀ ਕਿਸਮ ਦੇ ਉਹ ਅਪਰਾਧ ਹਨ ਜੋ ਹਿਟਲਰ ਨੇ ਮਨੁੱਖਤਾ ਵਿਰੁੱਧ ਕੀਤੇ ਅਤੇ ਦੂਜਾ ਹੈ ਦੱਖਣੀ ਅਫ਼ਰੀਕਾ ਵਿਚ ਰੰਗ ਭੇਦ ਦੀ ਨੀਤੀ ਕਰਕੇ ਮਾਨਵ ਧ੍ਰੋਹ ਅਤੇ ਤੀਜਾ ਹੈ ਪਹਿਲੀ ਦੁਨੀਆ ਦੇ ਦੇਸ਼ਾਂ ਵਿਚ ਸੱਭਿਆਚਾਰਕ ਨਸਲਕੁਸ਼ੀ। ਇਨਾਂ ਸਾਰਿਆਂ ਵਿਚ ਚਰਚ ਨੇ ਧਰਮ-ਸ਼ਾਸਤਰ ਅਧਾਰਿਤ ਨਿਆਂ ਸੰਗਕਿਤਤਾ ਪ੍ਰਦਾਨ ਕੀਤੀ ਅਤੇ ਜਿਹੜੀਆਂ ਸਰਕਾਰਾਂ ਨੇ ਇਹ ਪ੍ਰੋਗਰਾਮ ਸ਼ੁਰੂ ਕੀਤੇ, ਉਨਾਂ ਨੂੰ ਰਾਜਨੀਤਿਕ ਸਹਿਯੋਗ ਦਿੱਤਾ। ਪ੍ਰਤੀਰੋਧ ਕਰਨ ਦੇ ਹੱਕ ਸਬੰਧੀ ਪ੍ਰਗਤੀ ਦੇ ਬਾਵਜੂਦ ਵੀ ਅਜਿਹੀ ਵਿਚਾਰਧਾਰਾ ਦੀ ਹੋਂਦ ਰਹਿੰਦੀ ਹੈ ਜਿਸ ਵਿਚ ਧਰਮ ਅਤੇ ਰਾਜ ਜਦੋਂ ਮਿਲਦੇ ਹਨ ਤਾਂ ਉਹ ਲੋਕਾਂ ਨੂੰ ਦਬਾਉਣ ਦਾ ਕੰਮ ਕਰਦੇ ਹਨ ਅਤੇ ਇਸ ਲਈ ਤਾਰਕਿਕਤਾ ਵੀ ਘੜ ਲੈਂਦੇ ਹਨ। ਕੁਦਰਤੀ ਕਾਨੂੰਨ ਮਨੁੱਖੀ ਪ੍ਰਵਿਰਤੀ ਦੀ ਨੇੜਿਉਂ ਨਿਗਰਾਨੀ ਉੱਪਰ ਅਧਾਰਿਤ ਹੁੰਦੇ ਹਨ ਅਤੇ ਉਨਾਂ ਕਦਰਾਂ-ਕੀਮਤਾਂ ਉੱਪਰ ਅਧਾਰਿਤ ਹੁੰਦੇ ਹਨ ਜੋ ਨੈਤਿਕਤਾ, ਰਾਜਨੀਤੀ, ਸਿਵਲ ਕਾਨੂੰਨ ਅਤੇ ਧਾਰਮਿਕ ਨੈਤਿਕਤਾ ਦੇ ਸੁਆਲਾਂ ਨੂੰ ਪ੍ਰਮੁੱਖਤਾ ਦੇਣ। ਕੁਦਰਤੀ ਕਾਨੂੰਨਾਂ ਅਤੇ ਕੁਦਰਤੀ ਹੱਕਾਂ ਦੇ ਆਪਸੀ ਸੰਬੰਧ ਕਰਕੇ ਹੀ ਅਮਰੀਕਾ ਵਿਚ ਅਜ਼ਾਦੀ ਦੀ ਘੋਸ਼ਣਾ (1776), ਫਰਾਂਸ ਵਿਚ ਵਿਅਕਤੀ ਅਤੇ ਨਾਗਰਿਕਾਂ ਦੇ ਹੱਕਾਂ ਦੀ ਘੋਸ਼ਣਾ (1789) ਅਤੇ ਮਨੁੱਖੀ ਹੱਕਾਂ ਬਾਰੇ ਕਨਵੈਂਸ਼ਨ (1953) ਸਮੇਂ ਕੁਦਰਤੀ ਕਾਨੂੰਨਾਂ ਨੂੰ ਕਾਫੀ ਮਹੱਤਤਾ ਦਿੱਤੀ ਗਈ। ਪ੍ਰਤੀਰੋਧ ਦਾ ਸਿਧਾਂਤ ਰਾਜਨੀਤਿਕ ਵਿਚਾਰ ਦਾ ਹੀ ਪੱਖ ਹੈ, ਇਹ ਉਸ ਪੱਖ ਦੀ ਵਿਆਖਿਆ ਕਰਦਾ ਹੈ ਜਿਸ ਦੁਆਰਾ ਸੱਤਾ ਦਾ ਵਿਅਕਤੀਆਂ ਜਾਂ ਸਮੂਹਾਂ ਰਾਹੀ ਵਿਰੋਧ ਕੀਤਾ ਜਾ ਸਕੇ। ਇਹ ਕ੍ਰਾਂਤੀ ਦੇ ਸੰਕਲਪ ਨੂੰ ਵੀ ਤਰਕਸੰਗਤ ਠਹਿਰਾਉਂਦਾ ਹੈ। ਪ੍ਰਤੀਰੋਧ ਦਾ ਸਿਧਾਂਤ ਨਾਗਰਿਕਾਂ ਦੇ ਕੁਦਰਤੀ ਅਤੇ ਕਾਨੂੰਨੀ ਹੱਕਾਂ ਤੋਂ ਵੀ ਪਹਿਲਾਂ ਦਰਜ ਹੈ। ਧਰਮ ਸ਼ਾਸਤਰ ਦੀ ਇਹ ਦਾਰਸ਼ਨਿਕ ਅਤੇ ਵਿਚਾਰਧਾਰਕ ਪ੍ਰਤੀਰੋਧਤਾ ਅੱਜ ਵੀ ਦੁਨੀਆ ਵਿਚ ਅਹਿਮ ਸਥਾਨ ਰੱਖਦੀ ਹੈ।

## ਔਰੰਗਜ਼ੇਬ ਦਾ ਜ਼ਾਲਮਾਨਾ...

ਕੀ ਦਾਰਾ ਸ਼ਿਕੋਹ ਦੇ ਰਾਜ ਵਿਚ ਸਰਹਿੰਦ ਦੇ ਨਵਾਬ ਦੀ ਐਨੀ ਹਿੰਮਤ ਪੈਂਦੀ ਕਿ ਉਹ ਮਾਸੂਮ ਬੱਚਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਹੁਕਮ ਦਿੰਦਾ? ਫਿਰ ਕੀ ਬੰਦਾ ਬੈਰਾਗੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਣ ਕੇ ਸਰਹਿੰਦ ਨੂੰ ਮਿੱਟੀ ਵਿਚ ਮਿਲਾਉਣ ਦੀ ਲੋੜ ਪੈਂਦੀ? ਜੇਕਰ ਔਰੰਗਜ਼ੇਬ ਦੀ ਥਾਂ ਦਾਰਾ ਸਮਰਾਟ ਬਣਦਾ ਤਾਂ ਯਕੀਨਨ ਹੀ ਉਸ ਤੋਂ ਬਾਅਦ ਸੁਲੇਮਾਨ ਸ਼ਿਕੋਹ ਵਰਗਾ ਯੋਗ ਵਾਰਸ ਹੀ ਤਖ਼ਤ ਉੱਤੇ ਬੈਠਦਾ। ਫਿਰ ਜੇਕਰ ਜ਼ੁਲਮ ਦਾ ਬੋਲਬਾਲਾ ਹੀ ਨਾ ਹੁੰਦਾ ਤਾਂ ਸ਼ਾਇਦ ਕਦੇ ਵੀ ਮੁਗ਼ਲ ਰਾਜ ਨਾਲ ਸਿੱਖਾਂ ਦੀ ਦੁਸ਼ਮਣੀ ਨਾ ਪੈਂਦੀ। ਫਿਰ ਅੱਗੇ ਜਾ ਕੇ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਣ ਦਾ ਮੁੱਢ ਕਿਵੇਂ ਬੱਝਿਆ ਹੁੰਦਾ? ਅਣਗਿਣਤ ਅਜਿਹੇ ਸਵਾਲ ਹਨ ਜਿਹੜੇ ਮਨ ਵਿਚ ਉਪਜਦੇ ਹਨ।

ਅਸੀਂ ਵੇਖਦੇ ਹਾਂ ਕਿ ਜੇਕਰ ਇਤਿਹਾਸ ਵਿਚੋਂ ਔਰੰਗਜ਼ੇਬ ਨੂੰ ਹਟਾ ਕੇ ਉਸ ਦੀ ਥਾਂ ਦਾਰਾ ਸ਼ਿਕੋਹ ਨੂੰ ਸਥਾਪਤ ਕਰ ਕੇ ਵੇਖੀਏ ਤਾਂ ਉਸ ਇਕ ਹੀ ਬਾਦਸ਼ਾਹ ਦੇ ਬਦਲਣ ਨਾਲ ਏਨਾ ਕੁਝ ਬਦਲਦਾ ਪ੍ਰਤੀਤ ਹੁੰਦਾ ਹੈ ਕਿ ਉਸ ਬਾਰੇ ਵਿਸ਼ਵਾਸ ਕਰਨਾ ਔਖਾ ਹੋ ਜਾਂਦਾ ਹੈ। ਸਵਾਲਾਂ ਦਾ ਕੋਈ ਅੰਤ ਨਹੀਂ ਹੈ ਅਤੇ ਤੁਹਾਡੇ ਮਨ ਵਿਚ ਇਸ ਤੋਂ ਵੀ ਵਧ ਕੇ ਬਹੁਤ ਸਾਰੇ ਸਵਾਲ ਪੈਦਾ ਹੋ ਰਹੇ ਹੋਣਗੇ। ਪਰ ਇਨਾਂ ਸਵਾਲਾਂ ਦਾ ਜਵਾਬ ਸਾਡੇ ਕਿਸੇ ਕੋਲ ਵੀ ਨਹੀਂ ਹੈ ਕਿਉਂਕਿ ਹੁਣ ਉਹ ਸਮਾਂ ਲੰਘ ਚੁੱਕਾ ਹੈ। ਪਰ ਇਸ ਤੋਂ ਅਸੀਂ ਇਹ ਅੰਦਾਜ਼ਾ ਤਾਂ ਲਗਾ ਹੀ ਸਕਦੇ ਹਾਂ ਕਿ ਕਿਸੇ ਹਾਕਮ ਦੀ ਕੱਟੜਤਾ ਜਾਂ ਹਠ ਕਿਸ ਹੱਦ ਤੱਕ ਖ਼ਤਰਨਾਕ ਹੋ ਸਕਦੇ ਹਨ। ਕੁਝ ਪਲਾਂ ਵਿਚ ਹੋਈਆਂ ਗ਼ਲਤੀਆਂ ਦੇ ਨਤੀਜੇ ਕਿਸੇ ਰਾਸ਼ਟਰ ਨੂੰ ਸਦੀਆਂ ਤੱਕ ਭੁਗਤਣੇ ਪੈਂਦੇ ਹਨ। ਜੇਕਰ ਅਸੀਂ ਇਸ ਦੀ ਵਿਕਰਾਲਤਾ ਨੂੰ ਸਮਝ ਲਈਏ ਤਾਂ ਸ਼ਾਇਦ ਇਸ ਤੋਂ ਬਚਣ ਬਾਰੇ ਵੀ ਸੋਚਣਾ ਸ਼ੁਰੂ ਕਰ ਸਕੀਏ ਕਿਉਂਕਿ ਹੁਣ ਲੋਕਰਾਜ ਹੋਣ ਕਰਕੇ, ਕਿਸੇ ਹਾਕਮ ਨੂੰ ਚੁਣਨਾ, ਕਾਫ਼ੀ ਹੱਦ ਤੱਕ ਸਾਡੇ ਆਪਣੇ ਹੀ ਹੱਥ ਹੁੰਦਾ ਹੈ। ਅਜੋਕੇ ਭਾਰਤ ਦੇ ਸੰਦਰਭ ਵਿਚ ਇਸ ਨੂੰ ਬਹੁਤ ਜ਼ਿਆਦਾ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ।

ਮੌਜ਼ਫਰ ਰਜ਼ਮੀ ਦਾ ਸ਼ੇਅਰ ਹੈ :

**ਯੇ ਜਬਰ ਭੀ ਦੇਖਾ ਹੈ, ਤਾਰੀਖ਼ ਕੀ ਨਜ਼ਰੋਂ ਨੇ**
**ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ**

## ਇਹ ਮੇਰਾ ਨਾਂ

ਥੋੜੇ ਜਿਹੇ ਦਿਨਾਂ ਬਾਅਦ ਤਕਾਲਾਂ ਜਿਹੀਆਂ ਵੇਲੇ ਤਾਏ ਨੂੰ ਗੁਰਦਵਾਰੇ ਲਾਗੇ ਚਾਚਾ ਤਾਰੂ ਵੀਹੀ ਵਿੱਚ ਤੁਰਿਆ ਜਾਂਦਾ ਦਿਸ ਪਿਆ। ਉਹ ਦੋਵੇਂ ਉੱਥੇ ਵੀਹੀ ਵਿੱਚ ਹੀ ਇੱਕ ਦੂਜੇ ਨਾਲ ਖਹਿਬੜ ਪਏ। ਤਾਏ ਬਰਾਬਰ ਚਾਚਾ ਤਾਰੂ ਲਗਦਾ ਤਾਂ ਛੋਕਰਾ ਜਿਹਾ ਹੀ ਸੀ ਪਰ ਉਹ ਡਰਿਆ ਨਹੀਂ ਉਹਦੇ ਕੋਲੋਂ। ਅਸੀਂ ਨਿਆਣਿਆਂ ਨੇ, ਗੁਰਦਵਾਰੇ ਦੀ ਨਿੱਕੀ ਕੰਧ 'ਤੇ ਬੈਠ ਕੇ, ਉਨਾਂ ਦੀ ਲੜਾਈ ਦਾ ਬੜਾ ਅਨੰਦ ਲਿਆ। ਪਰ ਉਹ ਗੱਲਾਂ ਜਿਹੀਆਂ ਕਰ ਕੇ ਹੀ ਹਟ ਗਏ। ਅਸੀਂ ਤਾਂ ਆਸ ਲਾਈ ਬੈਠੇ ਸੀ ਪਈ ਇੱਕ ਦੂਜੇ ਨਾਲ ਹੱਥੋਪਾਈ ਹੋਣਗੇ। ਹੁਣ ਲੜਾਈ ਦੇਖਣ ਦਾ ਤਾਂ ਆਪਣਾ ਹੀ ਮਜ਼ਾ ਹੁੰਦਾ ਹੈ ਖ਼ਾਸ ਕਰ ਵੀਹੀ ਵਿੱਚ। ਉੱਥੇ ਥਾਂ ਥੋੜੀ ਹੁੰਦੀ ਹੈ ਤੇ ਆਲ਼ੇ ਦੁਆਲ਼ੇ ਕੰਧਾਂ। ਬੰਦਾ ਕਿਸੇ ਪਾਸੇ ਭੱਜ ਨਹੀਂ ਸਕਦਾ। ਉਨਾਂ ਦੇ ਜਾਣ ਬਾਅਦ ਮੇਰੀ ਤੇ ਲੰਬੜਾਂ ਦੇ ਕੀਰਤੂ ਦੀ ਚੰਗੀ ਖੜਕੀ। ਉਹ ਮੈਨੂੰ ਕਹਿੰਦਾ 'ਤੂੰ ਇੱਥੇ ਬੈਠਾ ਦੰਦੀਆਂ ਕੱਢੀ ਜਾਨਾਂ, ਤੇਰੇ ਈ ਕਰਕੇ ਤਾਂ ਉਹ ਲੜਦੇ ਸੀਗੇ।' ਜਦੋਂ ਉਹਨੇ ਮੈਨੂੰ ਇੰਨੀ ਗੱਲ ਕਹੀ, ਮੈਂ ਪੈ ਗਿਆ ਉਹਨੂੰ। ਮੈਂ ਅੱਗੇ ਵੀ ਕਈ ਵਾਰੀ ਘੁਲਿਆ ਸੀ ਉਹਦੇ ਨਾਲ ਤੇ ਮੈਨੂੰ ਪਤਾ ਸੀ ਪਈ ਉਹ ਮੇਰੇ ਨਾਲੋਂ ਮਾੜਾ ਸੀ। ਮੈਂ ਕੰਧ ਤੋਂ ਛਾਲ ਮਾਰ ਕੇ ਢਾਹ ਲਿਆ ਉਹਨੂੰ। ਗਲ਼ੀ ਵਿੱਚ ਤੁਰੀ ਜਾਂਦੀ ਇੱਕ ਬੁੜੀ ਨੇ ਮਸੀਂ ਕੀਰਤੂ ਨੂੰ ਮੇਰੇ ਥੱਲਿਓਂ ਕੱਢਿਆ।

ਇਹ ਤਾਇਆ ਮੇਰਾ ਵੀ ਦਿਨੇ ਬਹੁਤਾ ਸਮਾਂ ਖੂਹ 'ਤੇ ਹੀ ਰਹਿੰਦਾ ਸੀ ਤੇ ਤਰਕਾਲ਼ਾਂ ਵੇਲੇ ਹੀ ਪਿੰਡ ਗੇੜਾ ਮਾਰਦਾ ਸੀ। ਇੱਕ ਦਿਨ ਸਵੇਰੇ ਹੀ ਉਹਨੂੰ ਕਿਸੇ ਕੰਮ ਘਰ ਨੂੰ ਆਉਣਾ ਪਿਆ।

ਉਸ ਦਿਨ ਬੀਬੀ ਸਾਡੀ ਕਿਸੇ ਮੁਕਾਣੇ ਗਈਓ ਸੀ ਤੇ ਬੇਬੇ ਇਕੱਲੀ ਸੀ ਘਰ। ਮੈਥੋਂ ਛੋਟੀ ਮੇਰੀ ਭੈਣ ਬੇਬੇ ਲਾਗੇ ਬੈਠੀ ਖੇਲਦੀ ਸੀ। ਮੇਰਾ ਛੋਟਾ ਭਰਾ ਜਿਹੜਾ ਉਦੋਂ ਅਜੇ ਸੱਤਾਂ ਅੱਠਾਂ ਕੁ ਮਹੀਨਿਆਂ ਦਾ ਹੀ ਸੀ ਬੇਬੇ ਨੇ ਆਪਣੇ ਲਾਗੇ ਮੰਜੀ 'ਤੇ ਲਿਟਾਇਆ ਹੋਇਆ ਸੀ। ਅਚਾਨਕ ਘਰ ਆਏ ਤਾਏ ਨੇ ਆਲ਼ੇ ਦੁਆਲ਼ੇ ਦੇਖਿਆ ਤੇ ਬੇਬੇ ਨੂੰ ਪੁੱਛਿਆ ਪਈ ਨਿਆਣੇ ਕਿੱਧਰ ਆ। ਉਹਦਾ ਸਿੱਧਾ ਇਸ਼ਾਰਾ ਮੇਰੇ ਵੱਲ ਸੀ। ਬੇਬੇ ਵੀ ਕਿਸੇ ਗੱਲੋਂ ਅੱਕੀ ਬੈਠੀ ਸੀ ਵਿਹੜੇ ਵਿੱਚ ਡੇਕ ਥੱਲੇ। ਬੇਬੇ ਨੇ ਆਪਣੇ ਆਲਾ ਪੂਰਾ ਰਿਕਾਰਡ ਲਾ ਦਿੱਤਾ ਪਈ 'ਵੱਡਾ ਤਾਂ ਸਾਰਾ ਸਾਰਾ ਦਿਨ ਘਰ ਈ ਨਹੀਂ ਵੜਦਾ। ਨਾ ਮੂੰਹ ਧੋਂਦਾ ਨਾ ਕੋਈ ਕੱਪੜਾ ਲੀੜਾ ਪਾਉਂਦਾ ਆ। ਆਹ ਗਧੀਲਿਆਂ ਦੇ ਨਿਆਣਿਆਂ ਆਂਗ ਗਲੀਆਂ ਕੱਛਦਾ ਫਿਰਦਾ ਆ ਸਾਰਾ ਦਿਨ। ਕੋਈ ਪੁੱਛਣ ਆਲਾ ਹੈ ਨਈ ਇਸ ਘਰ ਵਿਚ।'

ਲਓ ਜੀ, ਸਾਡੇ ਚੰਗੇ ਦਿਨਾਂ ਦੇ ਅੰਤ ਦੀ ਉਹ ਸ਼ੁਰੂਆਤ ਸੀ।

ਮੇਰੇ ਜੀਵਨ ਵਿੱਚ ਤਬਦੀਲੀ ਲਿਆਉਣ ਦੇ ਇਰਾਦੇ ਨਾਲ ਤਾਇਆ ਮੇਰਾ ਘਰੋਂ ਮੈਨੂੰ ਲੱਭਣ ਤੁਰ ਪਿਆ। ਉਸ ਕੁ ਵੇਲੇ ਮੈਂ ਵੀ ਘਰ ਵਲ ਮੋੜਾ ਪਾਇਆ ਹੋਇਆ ਸੀ। ਉਹ ਨਿਹੰਗਾਂ ਵਾਲੀ ਗਲ਼ੀ ਥਾਣੀਂ ਥੜੇ ਵੱਲ ਨੂੰ ਗਿਆ ਤੇ ਮੈਂ ਗਭਲੀ ਵੀਹੀ ਘਰ ਆ ਵੜਿਆ। ਬੇਬੇ ਕਹਿੰਦੀ, 'ਵੇ ਤੇਰਾ ਤਾਇਆ ਤੈਨੂੰ ਲੱਭਦਾ ਫਿਰਦਾ ਸੀ, ਕਿੱਥੇ ਚਲੇ ਜਾਨਾਂ ਆਂ ਤੂੰ ਸਵੇਰੇ ਈ?'

ਮੈਂ ਘੇਸਲ ਜਿਹੀ ਵੱਟ ਕੇ ਅੰਦਰ ਜਾ ਵੜਿਆ ਤੇ ਗ਼ਰੀਬੜਾ ਜਿਹਾ ਮੂੰਹ ਬਣਾ ਕੇ ਬੇਬੇ ਵੱਲ ਦੇਖਣ ਲੱਗ ਪਿਆ। ਬੇਬੇ ਨੂੰ ਤਾਂ ਸਾਰੀ ਗੱਲ ਦੀ ਪਹਿਲਾਂ ਹੀ ਸਮਝ ਸੀ। ਉਹ ਬੁੜਬੁੜ ਕਰਦੀ ਉੱਠੀ ਤੇ ਉਹਨੇ ਕੌਲੀ ਵਿੱਚ ਥੋੜਾ ਜਿਹਾ ਦਹੀਂ ਪਾ ਕੇ ਮੈਨੂੰ ਇੱਕ ਰੋਟੀ ਫੜਾ ਦਿੱਤੀ। ਮੈਂ ਵੀ ਕਿਸੇ ਕਿਸਮ ਦੀ ਕੋਈ ਅੜੀ ਫੜੀ ਨਾ ਕੀਤੀ ਤੇ ਚੁੱਪ ਕਰਕੇ ਰੋਟੀ ਖਾਣ ਲੱਗ ਪਿਆ।

ਮੈਂ ਅਜੇ ਰੋਟੀ ਖ਼ਤਮ ਹੀ ਕੀਤੀ ਸੀ ਕਿ ਮੇਰਾ ਤਾਇਆ ਲੈਫਟ ਰਾਈਟ ਕਰਦਾ ਘਰ ਨੂੰ ਮੁੜ ਆਇਆ। ਮੈਨੂੰ ਰੋਟੀ ਖਾਂਦੇ ਨੂੰ ਦੇਖ ਕੇ ਉਹਨੇ ਦੋ ਤਿੰਨ ਹਲਕੀਆਂ ਹਲਕੀਆਂ ਜਿਹੀਆਂ ਗਾਲਾਂ ਕੱਢੀਆਂ ਤੇ ਕੰਨੋਂ ਫੜ ਕੇ ਉਠਾਲ਼ ਲਿਆ। 'ਤੈਨੂੰ ਮੈਂ ਸਾਰੇ ਪਿੰਡ ਵਿੱਚ ਟੋਲਦਾ ਆਇਆਂ ਤੂੰ ਕਿੱਧਰ ਦੀ ਘਰ ਆ ਵੜਿਆਂ ਛਲੇਡਿਆ ਜਿਹਾ? ਤੇਰਾ ਈ ਪਤਾ ਨਹੀਂ ਲਗਦਾ ਵੱਡੇ ਜ਼ੈਲਦਾਰ ਦਾ। ਚੱਲ, ਤੈਨੂੰ ਸਕੂਲੇ ਦਾਖ਼ਲ ਕਰਾ ਕੇ ਆਉਣਾ। ਜੇ ਕੱਲ ਤੋਂ ਸਕੂਲੇ ਨਾ ਗਿਆ ਤਾਂ ਪਰਸੋਂ ਨੂੰ ਮੈਂ ਤੈਨੂੰ ਤੜਕਿਓਂ ਖੂਹ ਨੂੰ ਲੈ ਜਾਣਾ ਤੇ ਗਾਧੀ 'ਤੇ ਦੇਣਾ ਆ ਬਠਾਲ।'

ਮੈਂ ਚੁੱਪ ਕਰਕੇ ਉਹਦੇ ਨਾਲ ਤੁਰ ਪਿਆ। ਬੇਬੇ ਨੇ ਵਾਜ ਮਾਰ ਕੇ ਕਿਹਾ, 'ਵੇਅ ਮੁੰਡੇ ਦਾ ਮਾੜਾ ਮੋਟਾ ਮੂੰਹ ਤਾਂ ਧੋ ਲੈਣ ਦੇ। ਨਾਲੇ ਕੋਈ ਦਾਅ ਦਾ ਕੱਪੜਾ ਪਾ ਦਿੰਨੀ ਆਂ ਏਹਦੇ।'

ਪਰ ਤਾਏ ਸਾਡੇ ਨੇ ਬੇਬੇ ਦੀ ਗੱਲ ਵੱਲ ਕੋਈ ਧਿਆਨ ਹੀ ਨਾ ਦਿੱਤਾ ਤੇ ਮੈਨੂੰ ਸਿੱਧਾ ਹੀ ਲੈ ਗਿਆ ਸਕੂਲੇ।

ਵੱਡੇ ਮਾਸਟਰ ਨੂੰ ਤਾਇਆ ਕਹਿਣ ਲੱਗਾ, 'ਪੰਡਤ ਜੀ, ਆਹ ਫੜੋ ਆਪਣਾ ਸ਼ਗਿਰਦ ਤੇ ਕਰੋ ਸਿੱਧਾ ਏਹਨੂੰ।'

ਮਾਸਟਰ ਹੱਥ ਵਿੱਚ ਛਿਟੀ ਫੜੀ ਚੌਥੀ ਜਮਾਤ ਦੇ ਨਿਆਣਿਆਂ ਨੂੰ ਇੱਕ ਪਾਸੇ ਕਤਾਰ ਵਿੱਚ ਖੜੇ ਕਰਾ ਕੇ ਪਹਾੜੇ ਯਾਦ ਕਰਾ ਰਿਹਾ ਸੀ। ਪਹਿਲੀ ਦੂਜੀ ਵਾਲੇ ਥੋੜੀ ਜਿਹੀ ਦੂਰ ਸਕੂਲ ਦੇ ਵਰਾਂਡੇ ਵਿੱਚ ਆਪਣੀਆਂ ਬੋਰੀਆਂ ਵਿਛਾਈ ਬੈਠੇ ਆਲਾ ਦੁਆਲਾ ਜਿਹਾ ਦੇਖੀ ਜਾਂਦੇ ਸੀ ਤੇ ਤੀਜੀ ਜਮਾਤ ਵਾਲੇ ਆਪਣੀਆਂ ਫੱਟੀਆਂ 'ਤੇ ਕੁਛ ਲਿਖਣ ਲੱਗੇ ਹੋਏ ਸੀ। ਜਦੋਂ ਮੈਂ ਉੱਥੇ ਜਾ ਕੇ ਖੜਾ ਹੋਇਆ ਤਾਂ ਸਕੂਲ ਦੇ ਸਾਰੇ ਨਿਆਣੇ ਪੂਰਾ ਧਿਆਨ ਲਾ ਕੇ ਮੇਰੇ ਵਲ ਹੀ ਦੇਖਣ ਲੱਗ ਪਏ। ਮਾਸਟਰ ਜੀ ਨੇ ਹੋਰਾਂ ਨੂੰ ਪਹਾੜੇ ਯਾਦ ਕਰਾਉਣ ਦਾ ਕੰਮ ਜਮਾਤ ਦੇ ਮਨੀਟਰ ਦੇ ਹਵਾਲੇ ਕੀਤਾ ਤੇ ਆਪ ਉਹ ਸਕੂਲ ਦੇ ਵਿਹੜੇ ਵਿਚਲੀ ਨਿੱਕੀ ਜਿਹੀ ਪਿੱਪਲੀ ਥੱਲੇ ਡਾਹੀ ਹੋਈ ਆਪਣੀ ਕੁਰਸੀ 'ਤੇ ਜਾ ਬੈਠੇ। ਉਹਦੇ ਲਾਗੇ ਇੱਕ ਛੋਟਾ ਜਿਹਾ ਬੈਂਚ ਪਿਆ ਸੀ। ਤਾਏ ਨੂੰ ਸੈਨਤ ਕਰਕੇ ਆਪਣੇ ਸਾਹਮਣੇ ਪਏ ਬੈਂਚ 'ਤੇ ਬਿਠਾ ਲਿਆ।

ਮਾਸਟਰ ਨੇ ਮੇਜ਼ 'ਤੇ ਪਿਆ ਇੱਕ ਰਜਿਸਟਰ ਜਿਹਾ ਖੋਲਿਆ ਤੇ ਤਾਏ ਨੂੰ ਪੁੱਛਿਆ, 'ਸਰਦਾਰ ਸ਼ਿਵ ਸਿੰਘ ਜੀ, ਨਾਂ ਕੀ ਆ ਆਪਣੇ ਛੋਟੂ ਦਾ?'

'ਨਾਂ ਤਾਂ ਪਤਾ ਨਹੀਂ ਸੌਹਰੇ ਦਾ ਇਹਦਾ ਕੀ ਰੱਖਿਆ ਹੋਇਆ ਪਰ ਤੁਸੀਂ ਗੁਰਮੁਖ ਸਿੰਘ ਲਿਖੋ ਜੀ।'

ਇੱਦਾਂ ਹੀ ਸਾਡੇ ਤਾਏ ਨੇ ਆਪਣੇ ਅੰਦਾਜ਼ੇ ਨਾਲ ਸਾਡੀ ਜਨਮ ਤਰੀਕ ਲਿਖਾ ਦਿੱਤੀ। ਮਾਸਟਰ ਨੇ ਪਲ ਕੁ ਲਈ ਰਜਿਸਟਰ ਤੋਂ ਨਿਗਾਹ ਉਠਾ ਕੇ ਮੇਰੇ ਵੱਲ ਵੇਖਿਆ ਤੇ ਮੈਨੂੰ ਕਹਿਣ ਲੱਗਾ, 'ਚੱਲ ਬਈ ਗੁਰਮੁਖ ਸਿਹਾਂ, ਚੱਲ ਕੇ ਔਹ ਪਹਿਲੀ ਜਮਾਤ ਵਾਲੀ ਕਤਾਰ ਵਿੱਚ ਬਹਿ ਜਾ।'

ਤੇ ਉਸ ਪਲ ਤੋਂ ਬੇਬੇ ਅਤੇ ਚਾਚੇ ਤਾਰੂ ਦੇ ਬਹਾਦਰ ਸੌਂਹ ਦੀ ਥਾਂ ਅਸੀਂ ਸਦਾ ਲਈ ਗੁਰਮੁਖ ਸਿੰਘ ਬਣ ਗਏ।

## ਕਵੀ ਦਰਬਾਰ

**ਨਿਰਮਲ ਕੌਰ ਕੋਟਲਾ**

ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਵੱਲੋਂ ਨਵੀਆਂ ਕਲਮਾਂ ਦਾ ਪਹਿਲਾ ਕਵੀ ਦਰਬਾਰ ਜ਼ੂਮ ਐਪ ਤੇ ਆਨਲਾਈਨ ਕਰਵਾਇਆ ਗਿਆ। ਜਿਸ ਨੂੰ ਮਹਿਕ ਪੰਜਾਬ ਦੀ ਫੇਸਬੁੱਕ ਪੇਜ 'ਤੇ ਲਾਈਵ ਵੀ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ 12 ਕਵਿੱਤਰੀਆਂ ਨੇ ਹਿੱਸਾ ਲਿਆ ਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਕਵਿਤਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਦੀ ਭੂਮਿਕਾ ਮੈਡਮ ਗੁਰਮੀਨ ਕੌਰ (ਤਰਨਤਾਰਨ) ਵੱਲੋਂ ਬਾਖ਼ੂਬੀ ਨਿਭਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰੋਗਰਾਮ ਸੰਚਾਲਕ ਮੈਡਮ ਨਿਰਮਲ ਕੌਰ ਕੋਟਲਾ ਨੇ ਸਾਰੀਆਂ ਕਵਿੱਤਰੀਆਂ ਦਾ ਸਵਾਗਤ ਕੀਤਾ। ਰੁਪਿੰਦਰ ਕੌਰ ਨੇ ਕਿਸਾਨੀ ਸੰਘਰਸ਼, ਸੋਨੀਆ ਸਿਮਰ ਨੇ ਰਿਸ਼ਤਿਆਂ, ਮਨਜੋਤ ਪਾਲ ਕੌਰ ਨੇ ਧੀਆਂ, ਸੁੱਖ ਕਾਹਲੋਂ ਰੰਧਾਵਾ ਪ੍ਰਮਾਤਮਾ ਦੀ ਉਸਤਤ, ਹਰਕੀ ਵਿਰਕ ਨੇ ਹਲੂਣਾ, ਬਰਜਿੰਦਰ ਕੌਰ ਕਲੇਰ ਨੇ ਕਿਸਾਨੀ ਸੰਘਰਸ਼ ਤੇ ਮੈਂ ਖ਼ਤਰਨਾਕ ਔਰਤ ਹਾਂ, ਨਵਰੂਪ ਕੌਰ ਕਿਸਾਨੀ ਸੰਘਰਸ਼ ਤੇ ਕੁਝ ਕਰ, ਗੁਰਵਿੰਦਰ ਕੌਰ ਗਿੱਲ ਨੇ ਮੇਰੇ ਸ਼ਬਦ ਤੇਰੀ ਵਾਹ-ਵਾਹ ਦੇ ਮੁਥਾਜ ਨਹੀਂ, ਗਰਮੀਨ ਕੌਰ ਨੇ ਅੰਨੀ ਬੋਲੀ ਰਾਤ ਤੇ ਨਵਜੋਤ ਕੌਰ ਬਾਜਵਾ ਅਤੇ ਜਸਵੀਰ ਕੌਰ ਜੱਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਰਚਨਾਵਾਂ ਪੇਸ਼ ਕੀਤੀਆਂ। ਪ੍ਰੀਤ ਕੌਰ ਰਿਆੜ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਮੈਡਮ ਸਤਿੰਦਰ ਕੌਰ ਤੇ ਮੈਡਮ ਕੁਲਵਿੰਦਰ ਕੌਰ ਨੰਗਲ ਨੇ ਸਭਨਾਂ ਕਵਿੱਤਰੀਆਂ ਦਾ ਹੌਸਲਾ ਅਫਜ਼ਾਈ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਡਾ. ਕੁਲਦੀਪ ਸਿੰਘ ਨੇ ਨਿਰਮਲ ਕੌਰ ਕੋਟਲਾ ਜੀ ਦੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਤੇ ਸਭਨਾਂ ਦਾ ਧੰਨਵਾਦ ਕੀਤਾ।

CAPITAL ACCOUNTING AND TAX SERVICES

KULDEEP SINGH KANG
SEWA SINGH BHINDER
HELPING PEOPLE FOR THEIR TRUCKING
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
TRUCKING SERVICES AVAILABLE
IRP License Plates
•IFTA-Fuel Tax Returns
•MC (CC) Authority US DOT #
•UCR Permits, BOC-3 Filing
•CA#, MCP, EPN Enrollment
•BIT-Enrolment
•NM Permit, KYU#, NY HUT Permit
•Oregon Permit, Oregon Bonds
•Highway Use Tax (2290)
•Trailer Plates, Title Transfer
•Tax Exemption
BUSINESS SERVICES AVAILABLE
Tax Services: Individual, Small Business
Computerized Accounting
Financial Statement
Monthly Sales Tax Reports
Payroll Services
PH: 5306695780 FAX: 5306695775
CELL:530-908-9386 CELL:530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 EAST STREET, SUITE 110 WOODLAND, CA 95776

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com